ਮਾਸਕ ੴ ਪੱਤਰ

ਵਾਹਿਗੁਰੂ ਜੀ ਕੀ ਫ਼ਤਹ॥

# ਸੂਰਾ

ਅੰਮ੍ਰਿਤਸਰ

ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ
ਹਰਿ ਕਰਤਾ ਆਪਿ ਮੁਹਹੁ ਕਢਾਏ ॥

SEP 1993

ੴ ਸਤਿਗੁਰ ਪ੍ਰਸਾਦਿ॥

ਆਗਿਆ ਭਈ ਅਕਾਲ ਕੀ ਤਬੀ ਚਲਾਯੋ ਪੰਥ॥
ਸਭ ਸਿਖਨ ਕਉ ਹੁਕਮ ਹੈ ਗੁਰੂ ਮਾਨੀਓ ਗ੍ਰੰਥ॥

## ਗੁਰੂ ਕਾ ਨਿਵਾਸ ਸ਼ਬਦ ਵਿਚ ਹੈ

ਸਤੰਬਰ ੧੯੯੩

www.AKJ.Org

# ਤਤਕਰਾ


| | | |
|---|---|---|
| ਅਸੁਨਿ ਆਉ ਪਿਰਾ | ੩ | ਤੁਖਾਰੀ ਬਾਰਹਮਾਹ ਮ: ੧ |
| — --ਅਰਥ ਵਿਆਖਿਆ | ੪ | — — — |
| ਬਰਨ ਸਹਿਤ ਜੋ ਜਾਪੈ ਨਾਮੁ | ੬ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਵਾਹੁ ਵਾਹੁ ਬਾਣੀ ਨਿਰੰਕਾਰ ਹੈ | ੧੦ | ਪ੍ਰਿੰਸੀਪਲ ਸੱਜਣ ਸਿੰਘ ਜੀ |
| ਮਹਿਮਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੀ | ੧੪ | ਭਾਈ ਜਸਬੀਰ ਸਿੰਘ ਖਾਲਸਾ |
| ਕੁਝ ਸੋਚੀਏ ਵਿਚਾਰੀਏ | ੧੮ | ਪ੍ਰੋਫੈਸਰ ਗੁਰਮੁਖ ਸਿੰਘ ਜੀ |
| ਅੰਮ੍ਰਿਤਸਰ ਦਾ ਸੰਦੇਸ਼ | ੨੦ | ਜਥੇਦਾਰ ਅਖੰਡ ਕੀਰਤਨੀ ਜਥਾ |
| ਗੁਰੂ ਗੋਬਿੰਦ ਸਿੰਘ ਜੀ ਨੂੰ ਤਲਵਾਰ ਕਿਉਂ ਚੁਕਣੀ ਪਈ ? | ੨੧ | ਪ੍ਰਿੰਸੀਪਲ ਕੁਲਦੀਪ ਸਿੰਘ ਜੀ ਹਉਰਾ |
| ਭਲੋ ਭਲੋ ਰੇ ਕੀਰਤਨੀਆ | ੨੩ | ਸ: ਸੁਰਜੀਤ ਸਿੰਘ ਸਾਜਨ |
| ਭਾਰਤ ਦੀ ਆਜ਼ਾਦੀ ਵਿਚ ਸਿੱਖਾਂ ਦਾ ਹਿੱਸਾ | ੨੫ | ਪ੍ਰਿੰਸੀਪਲ ਸਤਿਬੀਰ ਸਿੰਘ ਜੀ |
| ਕਬਿੱਤ ਸਵੱਯੇ ਭਾਈ ਗੁਰਦਾਸ ਜੀ (੧੯) | ੩੦ | — — — |
| ਹਲੇਮੀ ਰਾਜ | ੩੪ | ਸ: ਜਗਤਾਰ ਸਿੰਘ ਜੀ ਐਮ. ਏ. |
| ਭਾਈ ਹਰਬੰਸ ਸਿੰਘ ਜੀ ਮੁਨੀਸ਼ਵਰ | ੩੬ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| 1999 ਤਕ ਖਾਲਸਾ ਕੌਮ ਦਾ ਲੇਖਾ ਜੋਖਾ | ੩੯ | ਪ੍ਰੋਫੈਸਰ ਜੋਗਿੰਦਰ ਸਿੰਘ ਜੀ |
| ਸੈਰ ਕਰਨ ਗਏ ਇੱਕ ਸਿੱਖ ਪਰਿਵਾਰ ਨਾਲ ਕੀ ਬੀਤੀ ? | ੪੩ | ਰੋਜ਼ਾਨਾ ਅਜੀਤ, ਜਲੰਧਰ |
| ਪੁਸਤਕ ਗੁਰਮਤਿ ਬਿਬੇਕ | ੪੫ | ਭਾਈ ਜੋਧ ਸਿੰਘ ਜੀ |
| ਕਵਿਤਾਵਾਂ | ੪੮-੪੯ | ਕਵੀ ਜਨ |


ਕੈਪਟਿਨ ਸਵਰਨ ਸਿੰਘ ਜੀ ਦਾ ਲੇਖ ਨਾ ਪੁਜ ਸਕਣ ਕਰਕੇ ਛਪ ਨਹੀਂ ਸਕਿਆ ।

## 'ਸੂਰਾ' ਦੇ ਚੰਦੇ ਤੇ ਬਕਾਏ ਜਮ੍ਹਾ ਕਰਾ ਕੇ ਰਸੀਦ ਲਓ

੧. ਜਲੰਧਰ—ਭਾਈ ਤ੍ਰਿਲੋਕ ਸਿੰਘ ਜੀ, ਮੈ: ਸੰਤ ਸਿੰਘ ਤ੍ਰਿਲੋਕ ਸਿੰਘ, ਚੌਕ ਪੰਜ ਪੀਰ
੨. ਹੁਸ਼ਿਆਰਪੁਰ—ਭਾਈ ਹਰਮਿੰਦਰ ਸਿੰਘ ਜੀ, ਭਾਈ ਸੋਭਾ ਸਿੰਘ ਹਰਮਿੰਦਰ ਸਿੰਘ, ਬੈਂਕ ਬਜ਼ਾਰ
੩. ਪਟਿਆਲਾ—ਭਾਈ ਆਸਾ ਸਿੰਘ ਐਂਡ ਸਨਜ਼, ਨੇੜੇ ਦੂਖ ਨਿਵਾਰਨ ਸਾਹਿਬ
੪. ਚੰਡੀਗੜ੍ਹ ਤੇ ਮੋਹਾਲੀ—ਭਾਈ ਫੌਜਿੰਦਰ ਸਿੰਘ ਜੀ, ੫੩੨/੩-ਏ ਫ਼ੇਜ਼, ਐਸ.ਏ.ਐਸ. ਨਗਰ, ਮੋਹਾਲੀ
੫. ਜ਼ਿਲਾ ਸੰਗਰੂਰ—ਪਿੰਡ ਉਪੋਕੇ (ਉਪਲਖੇੜੀ), ਡਾਕਖਾਨਾ ਮਲੇਰਕੋਟਲਾ, ਭਾਈ ਤ੍ਰਿਲੋਚਨ ਸਿੰਘ ਜੀ
੬. ਦਿੱਲੀ—ਭਾਈ ਹਰਦਿਤ ਸਿੰਘ ਜੀ, ਏ-੩੫, ਫ਼ਤਹ ਨਗਰ
੭. ਸਾਰੇ ਸਮਾਗਮਾਂ ਸਮੇਂ—ਭਾਈ ਬਲਵੰਤ ਸਿੰਘ ਜੀ ਖ਼ਾਲਸਾ, ਗਲੀ ਨੰ: ੨, ਕਾਂਸ਼ੀ ਨਗਰੀ, ਫ਼ੋਰੋਜ਼ਪੁਰ ਸ਼ਹਿ੦
੮. ਬਠਿੰਡਾ—ਭਾਈ ਗੋਬਿੰਦ ਸਿੰਘ ਜੀ, ਮਕਾਨ ਨੰਬਰ ੭੮੧੯, ਨੇੜੇ ਡੰਗਰਾਂ ਦਾ ਹਸਪਤਾਲ
੯. ਮੋਗਾ—ਭਾਈ ਪਰਮਿੰਦਰ ਸਿੰਘ ਜੀ, ਪੁਰਾਣਾ ਗੁਲਾਬੀ ਬਾਗ, ਜੀ. ਟੀ. ਰੋਡ, ਫ਼ੋਨ 43349
੧੦. ਅੰਮ੍ਰਿਤਸਰ—ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ (ਘੰਟਾ ਘਰ ਦੇ ਸਾਹਮਣੇ) ਫ਼ੋਨ 45787 ਘਰ 231520

ਸੂਚਨਾ—ਹਰ ਐਤਵਾਰ 'ਸੂਰਾ' ਦੇ ਚੰਦੇ ਸਿਖ ਮਿਸ਼ਨਰੀ ਕਾਲਜ ਦੇ ਸਟਾਲ ਗੁ: ਮੰਜੀ ਸਾਹਿਬ ਆਲਮਗੀਰ, ਲੁਧਿਆਣਾ

## ਪੁਲ ਪੁਖਤਾ, ੧੮ ਸਤੰਬਰ ਭੋਗ ਅਖੰਡਪਾਠ ਕੀਰਤਨ ਰੈਣ ਸਬਾਈ ਤੇ ਅਨੰਦ ਕਾਰਜ

ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ੩੯੦-ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਅੰਮ੍ਰਿਤਸਰ ਤੋਂ ੧-੯-੯੩ ਨੂੰ ਪ੍ਰਕਾਸ਼ਤ ਕੀਤਾ।

www.AKJ.Org

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

# ਸੂਰਾ

ਮਾਸਕ ਸ੍ਰੀ ਅੰਮ੍ਰਿਤਸਰ ਪੱਤਰ

ਸਾਲਾਨਾ ਚੰਦਾ

| | |
|---|---|
| ਦੇਸ | ੩੦-੦੦ |
| ਇਕ ਪਰਚਾ | ੩-੦੦ |

(ਪਰਦੇਸ ਸਾਰੇ)
ਸਾਲਾਨਾ ਚੰਦਾ

| | |
|---|---|
| ਸਮੁੰਦਰੀ ਡਾਕ | ੮੦-੦੦ |
| ਹਵਾਈ ਡਾਕ | ੨੫੦-੦੦ |

Foreign Subscription

| | |
|---|---|
| Sea Mail | 80-00 |
| Air Mail | 250-00 |

ਅਮਾਨਤੀ
ਲਾਈਫ ਮੈਂਬਰ

| | |
|---|---|
| ਦੇਸ | ੨੫੦-੦੦ |

ਪਰਦੇਸ

| | |
|---|---|
| ਸਮੁੰਦਰੀ ਡਾਕ | ੮੦੦-੦੦ |
| ਹਵਾਈ ਡਾਕ | ੨੦੦੦-੦੦ |

## ਅਖੰਡ ਕੀਰਤਨੀ ਜਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੨੭ ਸਤੰਬਰ ੧੯੯੩ ਅੰਕ ੯

## ਅਸੁਨਿ ਆਉ ਪਿਰਾ

ਅਸੁਨਿ ਆਉ ਪਿਰਾ ਸਾਧਨ ਝੂਰਿ ਮੁਈ ॥
ਤਾ ਮਿਲੀਐ ਪ੍ਰਭ ਮੇਲੇ ਦੂਜੈ ਭਾਇ ਖੁਈ ॥
ਝੂਠਿ ਵਿਗੁਤੀ ਤਾ ਪਿਰ ਮੁਤੀ ਕੁਕਹ ਕਾਹ ਸਿ ਫੁਲੇ ॥
ਆਗੈ ਘਾਮ ਪਿਛੈ ਰੁਤਿ ਜਾੜਾ ਦੇਖਿ ਚਲਤ ਮਨੁ ਡੋਲੇ ॥
ਦਹਦਿਸਿ ਸਾਖ ਹਰੀ ਹਰੀਆਵਲ ਸਹਜਿ ਪਕੈ ਸੋ ਮੀਠਾ ॥
ਨਾਨਕ ਅਸੁਨਿ ਮਿਲਹੁ ਪਿਆਰੇ ਸਤਿਗੁਰ ਭਏ ਬਸੀਠਾ ॥੧੧॥

[ਤੁਖਾਰੀ ਬਾਰਹਮਾਹਾ ਮ: ੧

ਅਸੁਨਿ—ਅਸੂ ਮਹੀਨੇ ਵਿਚ । ਪਿਰਾ—ਹੇ ਪਿਰ, ਪਿਆਰੇ ਪਤੀ ! ਸਾਧਨ—ਇਸਤ੍ਰੀ । ਝੂਰਿ—ਝੂਰ ਝੂਰ ਕੇ । ਪ੍ਰਭ—ਹੇ ਪ੍ਰਭੂ । ਮੇਲੇ—ਮੇਲੇਂ, ਜੇ ਤੂੰ ਮੇਲ ਲਵੇਂ । ਦੂਜੈ ਭਾਇ—ਦੂਜੇ ਦੇ ਪਿਆਰ ਵਿਚ, ਵਾਹਿਗੁਰੂ ਨੂੰ ਛਡ ਕੇ ਕਿਸੇ ਹੋਰ ਦੇ ਪਿਆਰ ਵਿਚ । ਖੁਈ—ਖੋਹੀ ਗਈ, ਖੁੰਝ ਗਈ । ਵਿਗੁਤੀ—ਖੁਆਰ ਹੋਈ । ਮੁਤੀ—ਛਡੀ, ਤਿਆਗੀ । ਕੁਕਹ —ਪਿਲਛੀ, ਨਦੀ ਕਿਨਾਰੇ ਹੋਣ ਵਾਲਾ ਲੰਮਾ ਘਾਹ ਜਿਸ ਨੂੰ ਸਫ਼ੈਦ ਰੰਗ ਦਾ ਬੂਰ ਲਗਦਾ ਹੈ । ਘਾਮ —ਘੁੰਮਾ, ਤਪਸ਼, ਗਰਮੀ । ਜਾੜਾ—ਸਿਆਲ, ਠੰਢ । ਚਲਤ—ਖੇਡ, ਤਮਾਸ਼ਾ । ਦਹਦਿਸਿ – ਦਸੀਂ ਪਾਸੀਂ । ਸਹਜਿ—ਸਹਜ ਅਵਸਥਾ ਨਾਲ । ਬਸੀਠਾ—ਵਿਚੋਲਾ ।



www.AKJ.Org

# ਅਰਥ ਵਿਆਖਿਆ

ਅਰਥ :–

ਭਾਦਰੋਂ ਮਹੀਨੇ ਦੇ ਤ੍ਰਾਟੇ ਪਿਛੋਂ ਅਸੂ ਦੀ ਮਿੱਠੀ ਰੁੱਤ ਆਉਂਦੀ ਹੈ ਤਾਂ ਪਤੀ-ਮਿਲਾਪ ਲਈ ਤਰਲੇ ਲੈਂਦ ਇਸਤ੍ਰੀ ਜੋਦੜੀ ਕਰਦੀ ਹੈ–

ਹੇ ਪਿਆਰੇ ਪਤੀ ! ਮੇਰੇ ਪਾਸ ਆਓ ਜੀ, (ਤੇਰੇ ਵਿਛੋੜੇ ਵਿਚ ਮੈਂ ਤੇਰੀ) ਇਸਤ੍ਰੀ ਝੂਰ ਝੂਰ ਕੇ ਮਰ ਰਹੀ ਹਾਂ। (ਹੇ ਪਿਆਰੇ ਪ੍ਰਭੂ ਜੀ, ਤੈਥੋਂ ਵਿਛੜ ਕੇ) ਮੈਂ ਹੋਰ ਦੇ ਪਿਆਰ ਵਿਚ, ਭਾਵ, ਮਾਇਕ ਪਦਾਰਥਾਂ ਤੇ ਪਰਵਾਰ ਦੇ ਮੋਹ ਵਿਚ ਗੁਆਚੀ ਪਈ ਹਾਂ, ਹੁਣ ਹੇ ਪ੍ਰਭੂ ! ਜੇ ਤੂੰ ਆਪ (ਬਖ਼ਸ਼ਸ਼ ਕਰ ਕੇ) ਮਿਲਾ ਲਵੇਂ ਤਾਂ ਹੀ ਤੈਨੂੰ ਮਿਲ ਸਕੀਦਾ ਹੈ।

ਜਦੋਂ ਤੋਂ ਮੈਂ ਮਾਇਕ ਧੰਧਿਆਂ ਦੇ ਜਾਲ ਰੂਪੀ ਝੂਠ ਵਿਚ ਫਸ ਕੇ ਖਜਲ-ਖੁਆਰ ਹੋਈ ਹਾਂ ਤਦੋਂ ਤੋਂ ਹੀ ਪਿਰ ਦੀ ਤਿਆਗੀ ਹੋਈ ਹਾਂ। ਪਿਲਛੀ ਤੇ ਕਾਹੀ ਦੇ ਸਫ਼ੈਦ ਬੂਰ ਵਾਂਗ ਹੁਣ ਤਾਂ ਮੇਰੇ ਕੇਸ ਵੀ ਚਿੱਟੇ ਹੋ ਗਏ ਹਨ, (ਭਾਵ ਬੁਢੇਪਾ ਆ ਗਿਆ ਹੈ ਅਤੇ ਅੱਗਾ ਨੇੜੇ ਦਿਸਦਾ ਹੈ)। ਪਹਿਲਾਂ ਵਾਤਾਵਰਣ ਵਿਚ ਤਪਸ਼ ਸੀ (ਭਾਵ, ਜੁਆਨੀ ਦਾ ਜੋਸ਼ ਸੀ ਪਰ ਵਿਕਾਰਾਂ ਦੀ ਤਪਸ਼ ਵਿਚ ਪ੍ਰਭੂ-ਪਤੀ ਤੋਂ ਵਿਛੋੜਾ ਬਣਿਆ ਰਿਹਾ)। ਹੁਣ ਅਸੂ ਤੋਂ ਪਿਛੋਂ ਵਾਤਾਵਰਣ ਵਿਚ ਠੰਢ ਆ ਰਹੀ ਹੈ (ਭਾਵ, ਸਰੀਰ ਸਿਥਲ ਹੋ ਰਿਹਾ ਹੈ)। ਕੁਦਰਤ ਦੀ ਇਹ ਖੇਡ ਵੇਖ ਕੇ ਮਨ ਡਕੋ-ਡੋਲੇ ਖਾ ਰਿਹਾ ਹੈ, (ਕਿਉਂਕਿ ਪ੍ਰਭੂ-ਮਿਲਾਪ ਦੀ ਹੁਣ ਕੋਈ ਸੰਭਾਵਨਾ ਨਹੀਂ ਦਿਸਦੀ)।

ਦਸਾਂ ਦਿਸਾਂ ਵਿਚ ਹਰੀਆਵਲ ਪਸਰ ਰਹੀ ਹੈ ਅਤੇ ਬ੍ਰਿਛਾਂ ਦੀਆਂ ਹਰੀਆਂ ਹਰੀਆਂ ਟਾਹਣੀਆਂ ਨਿਕਲ ਰਹੀਆਂ ਹਨ (ਜਿਨ੍ਹਾਂ ਨੂੰ ਸਹਜੇ ਸਹਜੇ ਫੁਲ ਤੇ ਫਲ ਲਗਣੇ ਹਨ ਅਤੇ ਪਕਣੇ ਹਨ ਤੇ ਸਹਜੇ ਹੀ ਉਨ੍ਹਾਂ ਵਿਚ ਮਿਠਾਸ ਪ੍ਰਵੇਸ਼ ਕਰ ਜਾਣੀ ਹੈ। ਇਉਂ ਹੀ ਜੀਵਨ ਵਿਚ ਵੀ ਸਹਜ ਦੀ ਲੋੜ ਹੈ)। ਸਹਜ ਅਵਸਥਾ ਵਿਚ ਦ੍ਰਿੜ੍ਹ ਰਹਿਆਂ ਹੀ ਪ੍ਰਭੂ-ਮਿਲਾਪ ਦੀ ਮਿਠਾਸ ਪ੍ਰਾਪਤ ਹੋ ਸਕਦੀ ਹੈ।

'ਨਾਨਕ' ਮੁਹਰ-ਛਾਪ ਹੇਠ ਸਤਿਗੁਰੂ ਫੁਰਮਾਂਦੇ ਹਨ ਕਿ ਜਿਸ ਜਗਿਆਸੂ-ਇਸਤ੍ਰੀ ਦੇ ਸਤਿਗੁਰੂ ਜੀ ਵਿਚੋਲੇ ਹੋ ਜਾਂਦੇ ਹਨ (ਜੋ ਜਗਿਆਸੂ ਸਤਿਗੁਰੂ ਤੋਂ ਗੁਰ-ਦੀਖਿਆ-ਨਾਮ-ਗੁਰ-ਮੰਤਰ ਪ੍ਰਾਪਤ ਕਰ ਕੇ ਗੁਰੂ ਦਾ ਬਣ ਜਾਂਦਾ ਹੈ ਉਸ ਦੀ ਇਹ ਅਰਦਾਸ ਕਬੂਲ ਪੈ ਸਕਦੀ ਹੈ–ਹੇ ਪਿਆਰੇ ਪ੍ਰਭੂ ! ਮੈਨੂੰ ਇਸ ਅਸੂ (ਦੀ ਮਿੱਠੀ ਰੁੱਤ) ਵਿਚ ਆ ਮਿਲੋ ਜੀ (ਅਤੇ ਮੇਰੇ ਜਨਮ-ਜਨਮਾਂਤਰਾਂ ਦੇ ਵਿਛੋੜੇ ਮਿਟਾ ਦੇਵੋ ਜੀ)।

ਵਿਆਖਿਆ–

ਭਾਦਰੋਂ ਦੇ ਮਹੀਨੇ ਨੂੰ ਭਰਮ-ਭੁਲੇਖੇ ਵਾਲਾ ਮੌਸਮ ਕਿਹਾ ਗਿਆ ਹੈ, ਕਿਉਂਕਿ ਇਸ ਰੁੱਤੇ ਕਦੀ ਗਰਮੀ ਨਾਲ ਸਖ਼ਤ ਹੁੱਸੜ ਹੋ ਜਾਂਦਾ ਹੈ, ਕਦੇ ਅਕਾਸ਼ ਵਿਚ ਬਦਲ ਛਾ ਜਾਂਦੇ ਹਨ, ਕਦੇ ਝਖੜ ਹਨੇਰੀ ਤੇ ਕਦੇ ਠੰਢੀ ਹਵਾ ਰੁਮਕਣ ਲਗ ਪੈਂਦੀ ਹੈ, ਅਤੇ ਫਿਰ ਪਤਾ ਨਹੀਂ ਲਗਦਾ ਕਿ ਕਦੋਂ ਉਹ ਬਦਲ ਛਾਈਂ ਮਾਈਂ ਹੋ ਕੇ ਗਰਮੀ ਦਾ ਪਸਾਰ ਕਰ ਜਾਂਦੇ ਹਨ।

ਭਾਦਰੋਂ ਮਹੀਨੇ ਪਿਛੋਂ ਅਸੂ ਦੀ ਮਿੱਠੀ ਮਿੱਠੀ ਰੁੱਤ ਸ਼ੁਰੂ ਹੁੰਦੀ ਹੈ ਤਾਂ ਪ੍ਰਭੂ ਤੋਂ ਵਿਛੜੀ ਜਗਿਆਸੂ-ਇਸਤ੍ਰੀ ਦੇ ਹਿਰਦੇ ਵਿਚ ਪ੍ਰਭੂ-ਮਿਲਾਪ ਲਈ ਹੁਲਾਸ ਉਠਦਾ ਹੈ ਅਤੇ ਪਿਆਰੇ ਪ੍ਰੀਤਮ ਦੇ ਦਰਸ਼ਨਾਂ ਦੀ ਪਿਆਸ ਮਿਟਾਣ ਲਈ ਤਰਲੇ ਲੈਂਦੀ ਹੈ–

ਰੁਤਿ ਸਰਦ ਅਡੰਬਰੋ ਅਸੂ ਕਤਕੇ ਹਰਿ ਪਿਆਸ ਜੀਉ ॥
ਖੋਜੰਤੀ ਦਰਸਨੁ ਫਿਰਤ ਕਬ ਮਿਲੀਐ ਗੁਣਤਾਸ ਜੀਉ ॥......



www.AKJ.Org

ਈਤ ਉਤ ਦਹਦਿਸ ਅਲੋਕਨ ਮਨਿ ਮਿਲਨ ਕੀ ਪ੍ਰਭ ਪਿਆਸ ਜੀਉ ॥
ਬਿਨਵੰਤਿ ਨਾਨਕ ਧਾਰਿ ਕਿਰਪਾ ਮੇਲਹੁ ਪ੍ਰਭ ਗੁਣਤਾਸ ਜੀਉ ॥੫॥੧॥ (੯੨੮)

ਪ੍ਰਭੂ ਦੀ ਤਿਆਗੀ ਹੋਈ ਉਦਾਸ ਜੀਵ-ਇਸਤ੍ਰੀ ਦਾ ਮਨ ਕਿਤੇ ਟਿਕਦਾ ਨਹੀਂ, ਉਹ ਇਉਂ ਤਰਲੇ ਲੈਂਦੀ ਹੈ—

ਜੋ ਮੈ ਬੇਦਨ ਸਾ ਕਿਸੁ ਆਖਾ ਮਾਈ ॥ ਹਰਿ ਬਿਨੁ ਜੀਉ ਨ ਰਹੈ ਕੈਸੇ ਰਾਖਾ ਮਾਈ ॥੧॥ਰਹਾਉ॥
ਹਉ ਦੋਹਾਗਣਿ ਖਰੀ ਰੰਞਾਣੀ ॥ ਗਇਆ ਸੁ ਜੋਬਨੁ ਧਨ ਪਛੁਤਾਣੀ ॥੨॥੫॥ (ਪੰਨਾ ੯੯੦)

ਉਸ ਜੀਵ-ਇਸਤ੍ਰੀ ਦਾ ਸਰੀਰਕ ਬਲ ਦਿਨ ਬਦਿਨ ਖੀਨ ਹੋ ਰਿਹਾ ਹੁੰਦਾ ਹੈ, ਕੇਸ ਚਿੱਟੇ ਹੁੰਦੇ ਜਾਂਦੇ ਹਨ ਅਤੇ ਉਮਰਾ ਵਿਹਾਂਦੀ ਦਿਸਦੀ ਹੈ। ਇਸ ਦਸ਼ਾ ਵਿਚ ਵਿਆਕਲ ਹੋਈ ਉਹ ਆਪਣੇ ਆਪ ਨੂੰ ਇਸ ਡਰਾਉਣੇ ਸੰਸਾਰ ਸਮੁੰਦਰ ਵਿਚ ਇਕੱਲੀ ਇਕੱਲੀ ਮਹਿਸੂਸ ਕਰਦੀ ਹੈ, ਉਹ ਆਪਣੇ ਬੀਤੇ ਤੇ ਬੀਤ ਰਹੇ ਜੀਵਨ ਵਲ ਝਾਤ ਮਾਰਦੀ ਹੈ ਤਾਂ ਉਸ ਨੂੰ ਦਿਸ ਆਉਂਦਾ ਹੈ ਕਿ ਹੁਣ ਤਕ ਉਹ ਝੂਠ ਪਦਾਰਥਾਂ ਵਿਚ, ਮਾਇਕ ਧੰਧਿਆਂ ਅਤੇ ਪਰਵਾਰ ਦੇ ਮੋਹ ਵਿਚ ਹੀ ਖਜਲ-ਖੁਆਰ ਹੋ ਰਹੀ ਹੈ, ਜਿਸ ਕਰਕੇ ਸਤਿਗੁਰੂ ਦੀ ਦੀਖਿਆ ਤੋਂ ਉਹ ਖੁੰਝੀ ਰਹੀ ਅਤੇ ਗੁਰ-ਸ਼ਬਦ ਦੀ ਕਮਾਈ ਨਾ ਕੀਤੀ, ਇਸੇ ਲਈ ਪਤੀ-ਪ੍ਰਭੂ ਤੋਂ ਉਹ ਛੁਟੜ ਹੋਈ ਫਿਰਦੀ ਹੈ। ਸਤਿਗੁਰੂ ਉਸ ਦੀ ਇਸ ਦਸ਼ਾ ਦਾ ਬਿਆਨ ਕਰਦੇ ਹਨ—

ਧਨ ਏਕਲੜੀ ਜੀਉ ਬਿਨੁ ਨਾਹ ਪਿਆਰੇ ॥ ਦੂਜੈ ਭਾਇ ਮੁਠੀ ਜੀਉ ਬਿਨੁ ਗੁਰ ਸਬਦ ਕਰਾਰੇ ॥
ਬਿਨੁ ਸਬਦ ਪਿਆਰੇ ਕਉਣ ਦੁਤਰੁ ਤਾਰੇ, ਮਾਇਆ ਮੋਹ ਖੁਆਈ ॥
ਕੂੜਿ ਵਿਗੁਤੀ ਤਾ ਪਿਰਿ ਮੁਤੀ ਸਾਧਨ ਮਹਲ ਨ ਪਾਈ.. ॥੩॥੨॥ (ਪੰਨਾ ੨੪੪)

ਉਹ ਬਾਰੰਬਾਰ ਹੁਣ ਪੁਕਾਰ ਕਰਦੀ ਹੈ—

ਤਾਣੁ ਤਨੁ ਖੀਨ ਭਇਆ ਬਿਨੁ ਮਿਲਤ ਪਿਆਰੇ ਰਾਮ ॥
ਪ੍ਰਭ ਮਿਲਹੁ ਪਿਆਰੇ ਮਇਆ ਧਾਰੇ, ਕਰਿ ਦਇਆ ਲੜਿ ਲਾਇ ਲੀਜੀਐ ॥...੧॥੬॥
(ਪੰਨਾ ੫੪੫)

—ਮੇਰਾ ਹਰਿ ਪ੍ਰਭੁ ਸੁੰਦਰੁ ਮੈ ਸਾਰ ਨ ਜਾਣੀ ॥ ਹਉ ਹਰਿ ਪ੍ਰਭ ਛੋਡਿ ਦੂਜੈ ਲੋਭਾਣੀ ॥
ਹਉ ਕਿਉਕਰਿ ਪਿਰ ਕਉ ਮਿਲਉ ਇਆਣੀ ॥੧॥੨॥ (ਪੰਨਾ ੫੬੧)

—ਨਿਰਗੁਣਿ ਨਿਮਾਣੀ ਅਨਾਥਿ ਬਿਨਵੈ, ਮਿਲਹੁ ਪ੍ਰਭ ਕਿਰਪਾ ਨਿਧੇ ॥
ਭ੍ਰਮ ਭੀਤਿ ਖੋਈਐ ਸਹਜਿ ਸੋਈਐ, ਪ੍ਰਭ ਪਲਕ ਪੇਖਤ ਨਵਨਿਧੇ ॥੧॥੨॥ (ਪੰਨਾ ੫੪੩)

—ਕਿਨ ਬਿਧਿ ਹੀਅਰੋ ਧੀਰੈ ਨਿਮਾਨੋ ॥ ਮਿਲਿ ਸਾਜਨ ਹਉ ਤੁਝੁ ਕੁਰਬਾਨੋ ॥੧॥ਰਹਾਉ॥੫॥
(ਪੰਨਾ ੭੩੭)

ਹੁਣ ਪ੍ਰਭੂ-ਪਿਤਾ ਤੋਂ ਵਿਛੜੀ ਜੀਵ ਇਸਤ੍ਰੀ ਪ੍ਰਭੂ-ਮਿਲਾਉਣ ਵਾਲੇ ਵਿਚੋਲੇ ਸਤਿਗੁਰੂ ਦੀ ਭਾਲ ਵਿਚ ਤਰਲੇ ਲੈਂਦੀ ਹੈ—

ਮੇਰੇ ਅੰਤਰਿ ਲੋਚਾ ਮਿਲਣ ਕੀ ਪਿਆਰੇ, ਕਿਉ ਪਾਈ ਗੁਰ ਪੂਰੇ ॥
ਜੇ ਸਉ ਖੇਲ ਖੇਲਾਈਐ ਬਾਲਕੁ, ਰਹਿ ਨ ਸਕੈ ਬਿਨੁ ਖੀਰੇ ॥
ਮੇਰੈ ਅੰਤਰਿ ਭੁਖ ਨ ਉਤਰੈ ਅੰਮਾਲੀ, ਜੇ ਸਉ ਭੋਜਨ ਮੈ ਨੀਰੇ ॥
ਮੇਰੈ ਮਨਿ ਤਨਿ ਪ੍ਰੇਮੁ ਪਿਰੰਮ ਕਾ, ਬਿਨੁ ਦਰਸਨ ਕਿਉ ਮਨੁ ਧੀਰੇ ॥੧॥ (੫੬੪)

ਜਦ ਤਕ ਜੀਵ-ਇਸਤ੍ਰੀ ਪ੍ਰਭੂ-ਪ੍ਰੀਤਮ ਨੂੰ ਛੱਡ ਕੇ ਦੂਜੇ ਭਾਵ ਵਿਚ, ਦੁਨਿਆਵੀ ਪਸਾਰੇ ਵਿਚ ਭਟਕਦੀ ਫਿਰੀ ਓਨਾ ਚਿਰ ਪਿਆਰੇ ਸੱਜਣ ਨਾਲ ਵਿਥ ਬਣੀ ਰਹੀ, ਪਰ ਜਦ ਪੂਰੇ ਸਤਿਗੁਰੂ ਦੀ ਓਟ ਲਈ, ਸਤਿਗੁਰੂ ਤੋਂ ਨਾਮ-ਗੁਰ-ਮੰਤਰ ਦੀ ਪ੍ਰਾਪਤੀ ਹੋ ਗਈ ਤਾਂ ਫਿਰ ਸਭੇ ਝੂਰੇ-ਵਿਸੂਰੇ ਮਿਟ ਗਏ ਅਤੇ ਸਤਿਗੁਰੂ ਦੀ ਚਰਨੀਂ ਲਗ

www.AKJ.org

# ਬਰਨ ਸਹਿਤ ਜੋ ਜਾਪੈ ਨਾਮੁ

[ ਗੁਰਪੁਰ ਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ ]

ਬਿਨੁ ਦੇਖੇ ਉਪਜੈ ਨਹੀ ਆਸਾ ॥ ਜੋ ਦੀਸੈ ਸੋ ਹੋਇ ਬਿਨਾਸਾ ॥
ਬਰਨ ਸਹਿਤ ਜੋ ਜਾਪੈ ਨਾਮੁ ॥ ਸੋ ਜੋਗੀ ਕੇਵਲ ਨਿਹਕਾਮੁ ॥੧॥
ਪਰਚੈ ਰਾਮੁ ਰਵੈ ਜਉ ਕੋਈ ॥ ਪਾਰਸੁ ਪਰਸੈ ਦੁਬਿਧਾ ਨ ਹੋਈ ॥੧॥ਰਹਾਉ॥
ਸੋ ਮੁਨਿ ਮਨ ਕੀ ਦੁਬਿਧਾ ਖਾਇ ॥ ਬਿਨੁ ਦੁਆਰੇ ਤ੍ਰੈ ਲੋਕਿ ਸਮਾਇ ॥
ਮਨ ਕਾ ਸੁਭਾਉ ਸਭੁ ਕੋਈ ਕਰੈ ॥ ਕਰਤਾ ਹੋਇ ਸੁ ਅਨਭੈ ਰਹੈ ॥੨॥੧॥

[ਭੈਰਉ ਰਵਿਦਾਸ ਜੀਉ, ਪੰਨਾ ੧੧੬੭

ਵਿਆਖਿਆ—ਕਿਸੇ ਪਦਾਰਥ ਦੀ ਪ੍ਰਾਪਤੀ ਦੀ ਆਸ ਪਿਆਸ ਤਾਂ ਲਗਦੀ ਹੈ ਜੇ ਉਸ ਪਦਾਰਥ ਨੂੰ ਪਹਿਲਾਂ ਅੱਖੀਂ ਦੇਖਿਆ ਹੋਵੇ। ਦੇਖੇ ਬਿਨਾਂ ਆਸ ਉਪਜਦੀ ਹੀ ਨਹੀਂ, ਪਿਆਸ ਲਗਦੀ ਹੀ ਨਹੀਂ। ਪਿਆਰ ਪੈਂਦਾ ਹੈ ਤਾਂ ਉਸ ਸੂਰਤਿ ਮੂਰਤਿ ਨਾਲਿ ਪੈਂਦਾ ਹੈ ਜੋ ਇਕ ਵਾਰ ਅੱਖੀਂ ਦੇਖੀ ਹੋਵੇ, ਦ੍ਰਿਸ਼ਟ ਗੋਚਰੀ ਹੋ ਗਈ ਹੋਵੇ, ਚਾਹੇ ਚਮਤਕਾਰ ਮਾਤਰ ਹੀ ਦੇਖੀ ਗਈ ਹੋਵੇ। ਦ੍ਰਿਸ਼ਟਮਾਨ ਸੂਰਤਿ ਮੂਰਤਿ ਨਾਲਿ, ਦ੍ਰਿਸ਼ਟਮਾਨ ਪਦਾਰਥ ਨਾਲਿ ਪਿਆਰ ਪਾਉਣਾ ਗੁਰਮਤਿ ਪ੍ਰਤਿਕੂਲ ਹੈ। ਕਿਉਂਕਿ ਜੋ ਭੀ ਮੂਰਤਿਮਾਨ ਸੂਰਤਿ ਜਾਂ ਜੋ ਭੀ ਸੂਰਤਿ ਸ਼ਕਲ ਵਾਲੀ ਮੂਰਤਿ ਵਜੂਦ ਮੂਰਤੀ ਦਿਸਦੀ ਹੈ (ਦ੍ਰਿਸ਼ਟਮਾਨ ਹੈ), ਪੰਜ ਭੂਤਕ ਅੱਖੀਆਂ ਦਾ ਵਿਸ਼ਾ ਹੈ, ਉਹ ਸਭ ਬਿਨਾਸਮਾਨ ਹੈ। ਅਤੇ ਉਸ ਨਾਲਿ ਪਿਆਰ ਪਾਉਣਾ ਅਤੇ ਪ੍ਰੇਮ ਲਾਉਣਾ ਭੀ ਨਿਰੀ ਅਗਿਆਨਤਾ ਭਰੀ ਮੂਰਖਤਾ ਹੈ।

ਪਾਰਬ੍ਰਹਮ ਅਦ੍ਰਿਸ਼ਟ ਅਗੋਚਰਾ ਪਰਮਾਤਮਾ ਦ੍ਰਿਸ਼ਟੀ ਗੋਚਰਾ ਨਹੀਂ, ਦ੍ਰਿਸ਼ਟੀ ਤੋਂ ਅਗੋਚਰਾ ਹੈ। ਉਸ ਨਾਲਿ ਪਿਆਰ ਪਵੇ ਤਾਂ ਕਿਵੇਂ ਪਵੇ, ਪ੍ਰੇਮ ਲਗੇ ਤਾਂ ਕਿਵੇਂ ਲਗੇ। ਕਿਸੇ ਦ੍ਰਿਸ਼ਟਮਾਨ ਮੂਰਤਿ ਸੂਰਤਿ ਨੂੰ ਅਗੇ ਰਖ ਕੇ, ਦ੍ਰਿਸ਼ਟੀ-ਗੋਚਰਾ ਰਖ ਕੇ, ਅੱਖੀਆਂ ਦੇ ਸਾਹਮਣੇ ਸਨਮੁਖ ਰਖ ਕੇ ਅਦ੍ਰਿਸ਼ਟ ਅਗੋਚਰ ਪਰਮਾਤਮਾ ਦਾ ਧਿਆਨ ਕਿਵੇਂ ਧਰਿਆ ਜਾ ਸਕਦਾ ਹੈ ? ਕਦਾਚਿਤ ਨਹੀਂ ਧਰਿਆ ਜਾ ਸਕਦਾ। ਦ੍ਰਿਸ਼ਟਹਾਰੀ ਸੂਰਤਿ ਮੂਰਤਿ ਦਾ ਧਿਆਨ ਧਰਿਆਂ ਅਦ੍ਰਿਸ਼ਟ ਪਰਮਾਤਮਾ ਪੂਰਨ ਪਾਰਬ੍ਰਹਮ ਨਾਲਿ ਕਿਵੇਂ ਪਿਆਰ ਪੈ ਸਕਦਾ ਹੈ ? ਕਿਵੇਂ ਭੀ ਨਹੀਂ, ਕਦਾਚਿਤ ਨਹੀਂ ਪੈ ਸਕਦਾ। ਸਗੋਂ ਜਿਸ ਦ੍ਰਿਸ਼ਟਹਾਰ ਸੂਰਤਿ ਮੂਰਤਿ ਨੂੰ ਨੀਝ ਧਿਆਨ ਲਾ ਕੇ ਦੇਖਿਆ ਨੀਝਖਿਆ ਜਾਂਦਾ ਹੈ, ਉਸੇ ਨਾਲਿ ਪਿਆਰ ਪੈ ਜਾਂਦਾ ਹੈ, ਉਹੀ ਸੂਰਤਿ ਮੂਰਤਿ ਪਿਆਰੀ ਲਗਣ ਲਗ ਜਾਂਦੀ ਹੈ। ਅੱਵਲ ਤਾਂ ਉਸੇ ਸੂਰਤਿ ਮੂਰਤਿ ਦਾ ਧਿਆਨ ਧਰ ਹੁੰਦਾ ਹੈ ਜਾਂ ਉਸੇ ਸੂਰਤਿ ਮੂਰਤਿ ਨੂੰ ਨੀਝ ਲਾ ਕੇ ਦੇਖਣ ਨੂੰ ਜੀਉ ਕਰਦਾ ਹੈ, ਜਿਸ ਨਾਲਿ ਪਹਿਲਾਂ ਹੀ ਪਿਆਰ-ਲਗਨ ਲਗੀ ਹੋਈ ਹੋਵੇ, ਪਹਿਲਾਂ ਹੀ ਪਿਆਰ ਪਿਆ ਵਿਆ ਹੋਵੇ। ਨਹੀਂ ਤਾਂ ਉਸ ਵਲ ਦੇਖਣ ਨੀਝ ਲਾਉਣ ਨੂੰ ਹੀ ਜੀਉ ਨਹੀਂ ਕਰਦਾ। ਇਸ ਦ੍ਰਿਸ਼ਟਮਾਨ, ਤ੍ਰੈ ਗੁਣੀ ਮਾਇਆ ਵਾਲੇ ਸੰਸਾਰ ਦੀਆਂ ਦੇਖਣ ਪਾਖਣ ਨੂੰ ਜਿੰਨੀਆਂ ਭੀ ਸੁੰਦਰ ਸੋਹਣੀਆਂ ਸੂਰਤਾਂ ਮੂਰਤਾਂ ਹਨ, ਉਹ ਸੋਹਣੀਆਂ ਹੋਣ ਕਰਕੇ ਮਨ ਨੂੰ ਮੋਹ ਲੈਂਦੀਆਂ ਹਨ। ਫੇਰ ਇਹੀ ਮਨ-ਮੋਹਣੀਆਂ ਸੂਰਤਾਂ ਮੂਰਤਾਂ ਪਿਆਰੀਆਂ ਲਗਣ ਲਗ ਪੈਂਦੀਆਂ ਹਨ।

ਇਸ ਮਨਮੋਹਣੀ ਲਗਨ ਨੂੰ ਪਿਆਰ ਨਹੀਂ ਕਹਿ ਸਕਦੇ। ਇਹ ਮੋਹ ਹੈ, ਪਿਆਰ ਨਹੀਂ। ਮੋਹ ਭੀ ਮਾਇਕ

---

* ਨਾਲ ਨਾਮ-ਰੰਗ ਦੇ ਚਲੂਲੇ ਰੰਗ ਮਾਣਨ ਦੇ ਅਵਸਰ ਬਝ ਗਏ—

ਜਿਚਰੁ ਦੂਜਾ ਭਰਮੁ ਸਾ ਅੰਮਾਲੀ, ਤਿਚਰੁ ਮੈ ਜਾਣਿਆ ਪ੍ਰਭੁ ਦੂਰੇ ॥
ਜਾ ਮਿਲਿਆ ਪੂਰਾ ਸਤਿਗੁਰੂ ਅੰਮਾਲੀ, ਤਾ ਆਸਾ ਮਨਸਾ ਸਭ ਪੂਰੇ ॥
ਮੈ ਸਰਬ ਸੁਖਾ ਸੁਖ ਪਾਇਆ ਅੰਮਾਲੀ, ਪਿਰੁ ਸਰਬ ਰਹਿਆ ਭਰਪੂਰੇ ॥
ਜਨ ਨਾਨਕ ਹਰਿ ਰੰਗੁ ਮਾਣਿਆ ਅੰਮਾਲੀ, ਗੁਰ ਸਤਿਗੁਰ ਕੈ ਲਗਿ ਪੈਰੇ ॥੫॥ [illegible] (੫੬੪)

www.AKJ.Org

ਮੋਹ ਹੈ, ਕਿਉਂਕਿ ਜਿਤਨੀਆਂ ਭੀ ਸੁੰਦਰ ਸੋਹਣੀਆਂ ਸ਼ਕਲਾਂ ਸੂਰਤਾਂ ਅਤੇ ਮਨ-ਮੋਹਣੀਆਂ ਮੂਰਤਾਂ ਦ੍ਰਿਸ਼ਟ ਵਿਚਿ ਆਉਂਦੀਆਂ ਹਨ, ਸਭ ਮਾਇਆ ਦੀਆਂ ਚਿਤਰ-ਚਰਿਤਰ ਪੁਤਲੀਆਂ ਹੀ ਹਨ। ਇਹਨਾਂ ਫਿਰਿ ਤ੍ਰਿਸ਼ਨਾ ਮੋਹਿਤ ਮਨ ਉਤਾਹਾਂ ਤਦ ਉਭਰੇ ਜੇ ਏਨੂੰ ਭੀ ਅਧਿਕ ਸੁੰਦਰ ਸੋਹਣੀ ਮੂਰਤਿ ਸ਼ਕਲ ਸੂਰਤਿ ਦ੍ਰਿਸ਼ਟੀ ਦਾ ਵਿਸ਼ਾ ਬਣੇ। ਇਸ ਦ੍ਰਿਸ਼ਟਮਾਨ ਕਾਲ-ਚੱਕਰ ਵਿਚਿ ਆਇਆਂ ਅਨੇਕਾਂ ਸੁੰਦਰ ਸੋਹਣੀਆਂ ਸ਼ਕਲਮੰਦ ਸੂਰਤਾਂ ਮੂਰਤਾਂ ਇਕ ਦੂੰ ਇਕ ਵਧ ਸੋਹਣੀਆਂ, ਇਕ ਦੂੰ ਇਕ ਵਧ ਸੁੰਦਰ ਤੇ ਇਕ ਦੂੰ ਇਕ ਵਧ ਸ਼ਕਲਮੰਦ ਹਨ। ਜਿਸ ਦ੍ਰਿਸ਼ਟਮਾਨ ਸੂਰਤੀ ਮੂਰਤੀ ਸ਼ਕਲੂਰਤੀ ਦੀ ਵਧੇਰੀ ਸੁੰਦਰਤਾ ਤੇ ਸੁਹੱਪਣ ਹੈ, ਉਸ ਨਾਲ ਮਾਇਆ ਮੋਹ ਵਾਲੀ ਅਦਿੱਬਜ ਦ੍ਰਿਸ਼ਟੀ ਦੀ ਵਧੇਰੀ ਲਗਨ ਲੱਗ ਜਾਂਦੀ ਹੈ ਅਤੇ ਦੇਖਣ ਵਾਲੇ ਦਾ ਵਧੇਰਾ ਮੋਹ ਪਿਆਰ ਪੈ ਜਾਂਦਾ ਹੈ। ਸਭ ਤੋਂ ਵਧੇਰੀ ਸੁੰਦਰ, ਸਭ ਤੋਂ ਵਧ ਕੇ ਸੋਹਣੀ ਅਤੇ ਸ਼ਕਲਵੰਦ ਸੂਰਤੀ ਮੂਰਤੀ ਨਾਲਿ ਸਭ ਤੋਂ ਵਧੇਰਾ ਮੋਹ ਪਿਆਰ ਪੈ ਜਾਂਦਾ ਹੈ। ਪਰ ਕਿਤਨੀਆਂ ਸੋਹਣੀਆਂ ਵਧ-ਵਧੇਣੀਆਂ ਸੁੰਦਰ ਮੂਰਤੀਆਂ ਸ਼ਕਲਵੰਦ ਸੂਰਤਾਂ ਹੋਣ, ਓੜਕ ਇਕ ਦਿਨ ਐਸਾ ਆਉਂਦਾ ਹੈ ਅਤੇ ਜ਼ਰੂਰ ਆਉਂਦਾ ਹੈ ਕਿ ਤਿਨ੍ਹਾਂ ਦੀ ਸੁੰਦਰਤਾ, ਤਿਨ੍ਹਾਂ ਦਾ ਸੁਹੱਪਣ ਸੋਹਣਾਪਨ ਜ਼ਵਾਲ ਪਜ਼ੀਰ ਹੋ ਜਾਂਦਾ ਹੈ। ਐਸਾ ਜ਼ਵਾਲ ਆਉਂਦਾ ਹੈ ਕਿ ਹੁਸਨ ਜਮਾਲ ਘਟਦਾ ਘਟਦਾ ਘਟ ਹੀ ਜਾਂਦਾ ਹੈ। ਜਿਉਂ ਜਿਉਂ ਘਟਦਾ ਹੈ, ਪਿਆਰ ਮੋਹ ਵਾਲਿਆਂ ਦਾ ਮੋਹ ਪਿਆਰ ਭੀ ਹਟਦਾ ਹਟਦਾ ਉੱਕਾ ਹੀ ਹਟ ਜਾਂਦਾ ਹੈ। ਤਾਂ ਤੇ ਹਰ ਸੂਰਤਿ ਵਿਚਿ ਅੰਤੀ ਅਉਸਰ ਅੰਤਕਾਲ ਦ੍ਰਿਸ਼ਟਮਾਨ ਹੋਛੇ ਹੁਸਨ ਜਮਾਲ ਨੂੰ ਭੀ ਜ਼ਵਾਲ ਹੀ ਹੈ ਅਤੇ ਸਾਥ ਹੀ ਹੋਛੇ ਪਿਆਰ ਨੂੰ ਭੀ ਜ਼ਵਾਲ ਹੈ। ਇਹ ਦੋਨੋਂ ਹੀ ਬਿਨਸਨਹਾਰ ਹਨ।

ਪਰੰਤੂ ਜਿਸ ਮੁਹੱਕਕ ਪਿਆਰ-ਪੁਸਤ ਅੰਦਰਿ ਹਕੀਕੀ ਪਿਆਰ ਦੀ ਕੁਦਰਤੀ ਅੰਸ ਹੈ, ਉਸ ਨੂੰ ਦ੍ਰਿਸ਼ਟਮਾਨ ਨਾਲਿ ਤਾਂ ਪਿਆਰ ਨਾ ਰਹੇਗਾ, ਪਰ ਉਸ ਨੂੰ ਦ੍ਰਿਸ਼ਟਮਾਨ ਸੁਹੱਪਣ ਸੁੰਦਰਤਾ ਦੀ ਤਹਿ ਵਿਚਿ ਇਕ ਅਦ੍ਰਿਸ਼ਟ ਬਿਨਾਸ-ਰਹਿਤ ਅਕਾਲ-ਸ੍ਰਿਸ਼ਤ ਹਕ-ਹਕੀਕੀ ਅਪਾਰ ਅਤੇ ਅਟੱਲ ਸੁੰਦਰਤਾ ਦੇ ਸੋਮੇ ਹੁਸਨਲ ਵਜੂਦ ਮੁਜੱਸਮ ਸੁੰਦਰਤਾ ਦੀ ਹੋਂਦ ਜ਼ਰੂਰ ਪ੍ਰਤੀਤ ਹੋਵੇਗੀ, ਭਾਵੇਂ ਅਨੁਭਵ ਮਾਤਰ ਹੀ ਪ੍ਰਤੀਤ ਹੋਵੇ। ਜਿਸ ਦਾ ਮੂਰਤਿ ਪ੍ਰਤਿਬਿੰਬੀ ਇਹ ਦ੍ਰਿਸ਼ਟਮਾਨ ਸੁਹੱਪਣ ਹੈ ਅਤੇ ਪ੍ਰਤਿਬਿੰਬ ਹੋਣ ਕਰਕੇ ਬਿਨਾਸਮਾਨ ਹੈ ਤੇ ਬਿਨਸ ਜਾਂਦਾ ਹੈ। ਇਸ ਅਦ੍ਰਿਸ਼ਟ ਪਿਆਰ-ਅੰਸੀ ਆਤਮਾ ਨੂੰ ਅਦ੍ਰਿਸ਼ਟ ਮੂਰਤੀ ਪਰਮਾਤਮਾ ਦੀ ਭਾਲ ਤ੍ਰਿਖਾ ਮਿਟੇਗੀ ਨਹੀਂ, ਚਾਹੇ ਸੂਖਮ ਤੋਂ ਸੂਖਮ ਹੋਵੇ, ਮਧਮ ਤੋਂ ਮਧਮ ਹੋਵੇ। ਤ੍ਰਿਕਤ ਅੰਸ ਮਾਤਰੀ ਪ੍ਰੀਤਿ ਟਿਮਟਿਮਾਉਂਦੀ ਜ਼ਰੂਰ ਰਹੇਗੀ। ਇਸ ਸੂਖਮ ਪਿਆਰ-ਅੰਸੀ ਆਤਮਾ ਵਾਲੇ ਵਡਭਾਗੇ ਜਨ ਨੂੰ ਜਦੋਂ ਭੀ ਪਾਰਸ-ਰਸਾਇਣੀ ਅੰਮ੍ਰਿਤ ਰੂਪ ਗੁਰਬਾਣੀ ਦੇ ਸੁਪਰਸਨ ਦਾ ਸੁਭਾਗ ਪ੍ਰਾਪਤਿ ਹੋਵੇਗਾ, ਤਦੋਂ ਹੀ ਤਤਕਾਲ ਉਸ ਵਡਭਾਗੇ ਪ੍ਰੀਤ-ਮੁਤਲਾਸ਼ੀ ਪ੍ਰੇਮ ਵਾਪਾਰੀ ਜਨ ਨੂੰ ਅਦ੍ਰਿਸ਼ਟ ਪ੍ਰੀਤਮ ਪਰਮਾਤਮਾ ਦੀ ਦਰਸ-ਮਿਲਾਪੀ ਖੋਜ-ਲਿੱਲ, ਭਾਗ-ਲਿੱਲ ਲੱਗ ਜਾਵੇਗੀ, ਕਿਉਂਕਿ ਗੁਰਬਾਣੀ ਅੰਦਰਿ (ਕੇਵਲ ਗੁਰਬਾਣੀ ਅੰਦਰਿ) ਅਦ੍ਰਿਸ਼ਟ ਅਗੋਚਰ ਪਾਰਬ੍ਰਹਮ ਪਰਮੇਸ਼ਰ ਸਚੇ ਪ੍ਰੀਤਮ ਨਾਲਿ ਪ੍ਰੇਮ ਪਾਉਣ ਦੀ ਅਤੇ ਪ੍ਰੇਮ ਪਾ ਕੇ ਗੁਪਤ ਪ੍ਰੀਤਮ ਨੂੰ ਪ੍ਰਗਟਾਉਣ ਦਰਸਾਉਣ ਦੀ ਸੱਚੀ ਗੁਰਮਤਿ ਬਿਧੀ ਜੁਗਤੀ ਭਰਪੂਰ ਹੈ। ਵਿਛੜੇ ਆਤਮ ਪਰਮਾਤਮ ਦੀ ਸੰਧੀ ਮਿਲਾਉਣ, ਵਿਛੜੇ ਆਤਮਾ ਨੂੰ ਪਰਮਾਤਮਾ ਨਾਲਿ ਮਿਲਾਉਣ, ਅਦ੍ਰਿਸ਼ਟ ਅਗਮ ਅਗੋਚਰ ਪ੍ਰੀਤਮ ਦੇ ਦਰਸਾਉਣ ਦਾ ਇਕੋ ਇਕ ਵਸੀਲਾ (ਜ਼ਰੀਆ) ਗੁਰਬਾਣੀ ਅੰਦਰਿ ਹੀ ਲਭਦਾ ਹੈ ਅਤੇ ਦਰਸ-ਮਿਲਾਪ ਦੀ ਲੱਗੀ ਹੋਈ ਸੱਚੀ ਲਿੱਲ ਵਾਲੇ ਸੱਚੇ ਮੁਤਲਾਸ਼ੀ, ਖੋਜੀ ਅਧਿਕਾਰੀ ਨੂੰ ਹੀ ਲਭਦਾ ਹੈ। ਪਰਮਾਤਮ ਦਰਸ-ਮਿਲਾਪ ਦੇ ਸੱਚੇ ਪ੍ਰੇਮੀਆਂ, ਹਕੀਕੀ ਮੁਤਲਾਸ਼ੀਆਂ ਨੂੰ ਜੋ ਗੁਰਬਾਣੀ ਅੰਦਰਿ ਦਰਸਾਏ ਇਸ ਸੂਝ ਭਾਵ ਦੀ ਗਿਆਤ (ਅਨੁਮਾਨ ਮਾਤਰੀ ਗਿਆਤ) ਹੁੰਦੀ ਹੈ ਕਿ ਪਰਮਾਤਮਾ ਹੈ, ਪਰ ਅਦ੍ਰਿਸ਼ਟ ਅਗੋਚਰ ਹੈ, ਅਦ੍ਰਿਸ਼ਟ ਅਗੋਚਰ ਹੁੰਦਾ ਹੋਇਆ ਸਰਬ ਬਿਆਪਕ ਘਟ ਘਟ ਅੰਦਰਿ ਬਿਰਾਜਮਾਨ ਹੈ, ਤਾਂ ਉਸ ਦੀ ਇਹ ਅਨੁਮਾਨ-ਮਾਤਰੀ-ਗਿਆਤ ਪਰਮਾਤਮਾ ਦੇ ਤੱਤ ਗਿਆਨ, ਪ੍ਰਚੰਡ ਗਿਆਨ ਦੀ ਸੂਚਕ ਨਹੀਂ। ਉਸ ਨੂੰ ਪਰਮਾਤਮਾ ਦੀ ਹੋਂਦ-ਹਸਤੀ ਦਾ ਅਨੁਮਾਨ ਤਾਂ ਹੋ ਜਾਂਦਾ ਹੈ ਅਤੇ ਪਰਮਾਤਮਾ ਦੀ ਸਰਬ ਵਿਆਪਕਤਾ, ਘਟਿ ਘਟਿ ਵਿਆਪਕਤਾ ਦਾ ਗੁਰਮਤਿ ਅਸੂਲ-ਆਦਰਸ਼ ਮਾਤਰੀ ਅਨੁਮਾਨ

www.AKJ.Org

ਦਾ ਅਤੇ ਉਸ ਦੇ ਘਟਿ ਘਟਿ ਦਰਸੀ ਸਰਬ ਨਿਵਾਸੀ ਹੋਣ ਦਾ ਓਦੋਂ ਹੀ ਬਝਦਾ ਹੈ ਜਦੋਂ ਦ੍ਰਿਸ਼ਟੀਓਂ ਅਗੋਚਰਾ ਪਾਰਬ੍ਰਹਮ ਪਰਮਾਤਮਾ ਪ੍ਰੀਤਮ ਦ੍ਰਿਸ਼ਟੀ ਗੋਚਰ ਪਰਤੱਖ ਹੁੰਦਾ ਹੈ। ਪਰ ਦ੍ਰਿਸ਼ਟੀ ਗੋਚਰਾ ਪਰਤੱਖ ਓਦੋਂ ਹੁੰਦਾ ਹੈ ਜਦੋਂ ਉਸ ਨੂੰ ਗੁਰੂ ਘਰ ਵਿਚੋਂ ਗੁਰੂ ਦੁਆਰਾ ਗੁਰ-ਦੀਖਿਆ ਮਿਲਣ ਕਰਿ ਪਾਰਬ੍ਰਹਮ ਅਦ੍ਰਿਸ਼ਟ ਅਗੋਚਰ ਪਰਮਾਤਮਾ ਦੇ ਪਰਸਣ ਦੀ ਪਾਰਸ-ਵੱਟੀ ਮਿਲਦੀ ਹੈ, ਪਾਰਸ-ਰਸਾਇਣੀ ਅੰਮ੍ਰਿਤ-ਨਾਮ ਦੀ ਕੀਮੀਆਈ ਗੁੜ੍ਹਤੀ ਮਿਲਦੀ ਹੈ। ਕਈਆਂ ਅਤਿ ਵਡਭਾਗੀਆਂ ਨੂੰ ਤਾਂ ਗੁੜ੍ਹਤੀ ਮਿਲਣ ਸਾਰ ਹੀ ਜਗਦੀਸ਼ ਜੋਤੀਸ਼ ਪਰਮਾਤਮਾ ਪਰਗਟ ਪਾਹਾਰੇ ਜਾਪਣ ਲਗ ਪੈਂਦਾ ਹੈ। ਤੁਰਤ ਫੁਰਤੀ ਹੀ ਜਗਦੀਸ਼ ਜੋਤਿ ਉਸ ਦੇ ਘਟ ਅੰਦਰਿ ਜਗਣ ਲਗ ਪੈਂਦੀ ਹੈ। ਕਈਆਂ ਨੂੰ ਪਾਰਸ-ਕੀਮੀਆਈ ਕਮਾਈ ਕੀਤਿਆਂ ਪਾਰਬ੍ਰਹਮ ਪਰਮਾਤਮਾ ਦਾ ਆਸ਼ਕਾਰ ਗੁਪਤੋ-ਪ੍ਰਗਟ ਚਮਤਕਾਰੀ ਜੋਤਿ ਝਲਕਾਰ ਹੁੰਦਾ ਹੈ। ਇਹ ਜੋਤਿ ਝਲਕਾਰੀ ਪ੍ਰਕਾਸ਼ ਪਹਿਲਾਂ ਘਟ ਅੰਦਰਿ ਹੁੰਦਾ ਹੈ, ਫੇਰ ਘਟੋਂ ਬਾਹਰ ਇਸ ਜੋਤਿ ਦਾ ਪਸਰਾਉ ਹੋ ਕੇ ਪਟ ਪਟ ਅੰਦਰਿ, ਖੰਡਾਂ ਬ੍ਰਹਿਮੰਡਾਂ ਅੰਦਰਿ ਪਰਗਟ ਪਹਾਰੇ ਜਾਪਣ ਵਾਲਾ ਪਰਤੱਖ ਦਰਸ਼ਨਾਂ ਦੇ ਦਰਸਨਾਪਣ ਵਾਲਾ ਸਾਂਗੋ ਪਾਂਗ ਸਰਬ ਵਿਆਪੀ ਜੋਤਿ ਜਗਮਗਾਰੇ ਵਾਲਾ ਦ੍ਰਿਸ਼ਟਿ ਆਉਂਦਾ ਹੈ, ਦ੍ਰਿਸ਼ਟੀ ਗੋਚਰਾ ਦਿਬ ਦ੍ਰਿਸ਼ਟੇਤਰਾ ਹੋਇ ਆਵੰਦਾ ਹੈ। ਘਟ ਜੋਤਿ-ਜਗੰਤਰੀ ਦਰਸ਼ਨ ਨੂੰ ਦੇਖ ਕੇ ਤੱਤ-ਸ਼ਰਧਾ ਪਰਮਾਤਮਾ ਦੀ ਹੋਂਦ-ਹਸਤੀ ਦੀ ਸੱਚ-ਮੁੱਚ ਆਉਂਦੀ ਹੈ। ਨਹੀਂ ਤਾਂ ਪਹਿਲਾਂ ਅਨੁਮਾਨ ਅਨੁਭਵ ਹੀ ਕਹਾਉਂਦਾ ਹੈ। ਅੰਤਰ ਬਾਹਰ, ਖੰਡਾਂ ਬ੍ਰਹਿਮੰਡਾਂ ਅੰਦਰਿ ਸਾਰੇ ਆਕਾਸ਼ ਪੁਲਾੜ ਮਝਾਰ ਜਗਮਗ ਜੋਤਿ ਪਾਸਾਰੇ ਦਾ ਪਰਤੱਖ ਨਜ਼ਾਰਾ ਦੇਖ ਕੇ, ਦਿਬ ਦ੍ਰਿਸ਼ਟੇਖ ਕੇ ਹੀ ਪਰਮਾਤਮਾ ਦੇ ਸਰਬ ਵਿਆਪਕ ਹੋਣ ਦੀ ਸੱਚੀ ਸ਼ਰਧਾ ਪੂਰਤ ਪਤੀਜ ਆਉਂਦੀ ਹੈ। ਏਥੇ "ਦਰਸਨੁ ਦੇਖਿ ਭਈ ਨਿਹਕੇਵਲ"* ਦੀ ਅਵਸਥਾ ਵਾਲੇ ਸੱਚੇ ਦਰਸ਼ਨਾਂ ਦਾ ਬਿਸਮਾਦ ਅਹਿਲਾਦੀ ਸੁਆਦ ਆਉਂਦਾ ਹੈ। ਅਤੇ ਇਸ ਪਦ ਪੁਜ ਕੇ ਹੀ ਪ੍ਰੀਤਮ ਦੇ ਨਾਲਿ ਸਚੇ ਪ੍ਰੇਮ ਪਿਆਰ ਦੀਆਂ ਪੀਡੀਆਂ ਗੰਢਾਂ ਪੈਂਦੀਆਂ ਹਨ। ਅਦ੍ਰਿਸ਼ਟੋਂ ਦ੍ਰਿਸ਼ਟ ਗੋਚਰੇ ਹੋਏ ਪ੍ਰੀਤਮ ਪਿਆਰੇ ਦੇ ਸੋਮੇ ਸਫੁਟ ਹੁੰਦੇ ਹਨ, ਜੋ ਸਦ ਸਦਾ ਹੀ ਸਰਸ਼ਾਰ ਰਹਿੰਦੇ ਹਨ। ਅਤੇ ਪ੍ਰੀਤਮ ਪ੍ਰੇਮੀ ਨੂੰ ਭੀ ਸਰਸ਼ਾਰ ਰਖਦੇ ਹਨ। ਉਹਨਾਂ ਦੀ ਹਾਲਤ ਉੱਤੇ ਬੜਾ ਤਰਸ ਆਉਂਦਾ ਹੈ, ਜੋ ਅਦ੍ਰਿਸ਼ਟ ਪਰਮਾਤਮਾ ਦੇ ਅਨੁਮਾਨ ਮਾਤਰ ਅਨਭਵ ਉੱਤੇ ਅਤੇ ਪਰਮਾਤਮਾ ਦੀ ਸਰਬ ਵਿਆਪਕਤਾ ਦੀ ਅਨੁਮਾਨਕ ਗਿਆਤ ਉੱਤੇ ਹੀ ਇਕਤਫ਼ਾ ਕਰੀ ਬੈਠੇ ਹਨ। ਅਤੇ ਏਸੇ ਅਨੁਮਾਨ ਮਾਤਰ ਅਨਭਵ ਅਤੇ ਅਨੁਮਾਨਕ ਗਿਆਤ ਨੂੰ ਹੀ ਸਾਖਸ਼ਾਤ ਸਮਝੀ ਬੈਠੇ ਹਨ। ਅਦ੍ਰਿਸ਼ਟ ਪਰਮਾਤਮਾ ਦੀ ਤੱਤ ਸਾਖਸ਼ਾਤਕਾਰਤਾ ਹੀ ਸੱਚਾ ਪਰਮਾਤਮ-ਗਿਆਨ, ਪਰਮਾਤਮ-ਦਰਸ-ਗਿਆਨ, ਪਰਤੱਖ ਜੋਤਿ-ਪ੍ਰਚੰਡੀ ਦਿੱਬ ਗਿਆਨ ਹੈ। ਇਸ ਪ੍ਰਚੰਡ ਗਿਆਨ ਉਜਿਆਰੇ ਵਾਲੇ ਅਦ੍ਰਿਸ਼ਟ ਪ੍ਰੀਤਮ ਦੇ ਦਿੱਬ ਦੀਦਾਰ ਦੇ ਦੇਖਿਆਂ, ਦਿੱਬ ਦ੍ਰਿਸ਼ਟੇਖਿਆਂ ਹੀ ਪ੍ਰੀਤਮ ਪਿਆਰੜੇ ਇਸ਼ਕ ਹਕੀਕੀ ਪਿਆਰ ਦਾ ਪ੍ਰੇਮ ਵਲਵਲਾ ਵਲਵਤ ਹੁੰਦਾ ਹੈ। ਇਉਂ ਦ੍ਰਿਸ਼ਟਮਾਨ ਦਾਇਰੇ ਤੋਂ ਉਠ ਕੇ ਅਦ੍ਰਿਸ਼ਟ ਪਰਮਤਾਮਾ ਪ੍ਰੀਤਮ ਦੇ ਸਾਖੀ ਦਿੱਬ ਦ੍ਰਿਸ਼ਟਾਖੀ ਬਣੀਦਾ ਹੈ। ਇਉਂ ਅਦ੍ਰਿਸ਼ਟੇ ਦਾ ਅਲੌਕਿਕ ਪ੍ਰੇਮ ਪਿਆਰ ਪੁੰਗਰਦਾ ਅਤੇ ਦਿਨੋ ਦਿਨ ਖਿਨੋ ਖਿਨ ਵਧਦਾ ਹੀ ਜਾਂਦਾ ਹੈ। ਜਿਸ ਵਧਾਉ ਦੇ ਹੱਦ ਬੰਨੇ ਦੀ ਥਾਹ ਹੀ ਕੋਈ ਨਹੀਂ। ਬੇਅੰਤ ਅਥਾਹ ਅਤੇ ਅਮੀਕ ਪ੍ਰੀਤਮ ਦਾ ਪ੍ਰੇਮ ਦਰਸ਼ਨ ਵਧਾਉ ਹਦਾਉ ਭੀ ਅਥਾਹ ਅਤੇ ਅਮੀਕ ਗਹਿਰ ਗੰਭੀਰ ਹੈ। ਗੁਰਮਤਿ ਨਾਮ ਦੀ ਅਗੰਮੀ ਦਾਤਿ, ਪਾਰਸ-ਪਾਰਸੰਮੀ ਦਾਤਿ ਅਦ੍ਰਿਸ਼ਟੇ ਤੋਂ ਦ੍ਰਿਸ਼ਟਮਾਨ ਕਰਾਉਣ ਵਾਲੀ ਇਕੋ ਇਕ ਕਰਾਮਾਤ ਹੈ। ਅੰਧ ਅਤੇ ਅਦਿੱਬ ਦ੍ਰਿਸ਼ਟੀ ਨੂੰ ਦਿੱਬ-ਦ੍ਰਿਸ਼ਟ ਕਰਾਉਣ ਵਾਲੀ ਭੀ ਇਹੀ ਇਲਿਕਸਰੀ ਕੀਮੀਆ ਹੈ। ਸਤਿਗੁਰੂ ਮਿਲਿਆਂ ਹੀ ਇਹ ਕਾਇਆ-ਕਲਪੀ ਕੀਮੀਆ ਵਾਲਾ ਅੰਮ੍ਰਿਤ ਰਸਾਇਣੀ *elixir* ਪ੍ਰਾਪਤਿ ਹੁੰਦਾ ਹੈ। ਆਤਮ ਪਰਮਾਤਮ ਦੀਦਾਰ ਆਸ਼ਕ ਦੇ ਨੇਤਰ ਦਿੱਬ-ਦ੍ਰਿਸ਼ਟੇ ਹੋ ਜਾਂਦੇ ਹਨ। ਇਉਂ ਦ੍ਰਿਸ਼ਟਮਾਨ ਬਰਨ ਅਖ੍ਹਰਾ ਨਾਮੁ, ਮੁਖ ਰਸਨਾ ਤੋਂ ਜਪਿਆ ਗੁਰਦੀਖਿਆ ਦੀ ਅਗਾਧ ਪਾਰਸ ਕਲਾ ਦੁਆਰਾ ਪ੍ਰੀਖਿਆ ਪ੍ਰਸਾਦੀਖਿਆ (ਪਰੇਸਿਆ) ਜਾ ਕੇ ਅਦ੍ਰਿਸ਼ਟੇ ਨਾਮੀ ਅਕਾਲ ਪੁਰਖ ਵਾਹਿਗੁਰੂ ਦੇ ਅਦ੍ਰਿਸ਼ਟ ਦਰਸ਼ਨ ਨੂੰ ਪਰਤੱਖ ਸਾਮਰਤਖ ਕਰਾਉਣ ਲਈ ਸਮਰੱਥ ਹੈ। ਜਿਸ ਜਨ ਦੀ ਰਸਨਾ ਇਉਂ ਬਰਨ ਸਹਿਤ ਨਾਮ

www.AKJ.Org

ਜਪ ਕੇ ਨਾਮੀ ਵਾਹਿਗੁਰੂ ਦੇ ਪਰਤੱਖ ਕਰਾਉਣ ਨੂੰ ਸਮਰੱਥ ਹੈ, ਸੋ ਜਨ ਹੀ ਨਿਹਕੇਵਲ ਨਿਰਬਾਣ ਪਦ ਲਖੀਸ਼ਰੀ ਸੱਚਾ ਜੋਗੀਸ਼ਰ ਨਿਹਕਰਮ ਕਰਮੀਸ਼ਰ ਜੋਗੀ ਹੈ।

"ਬਰਨ ਸਹਿਤ ਜੋ ਜਾਪੈ ਨਾਮੁ ॥ ਸੋ ਜੋਗੀ ਕੇਵਲ ਨਿਹਕਾਮੁ ॥"

ਇਉਂ ਉਪਰ ਦੱਸੀ ਗੁਰਮਤਿ ਵਿਆਖਿਆ ਵਾਲੀ ਗੁਰਮਤਿ ਨਾਮ ਦੀ ਵਿਆਖਿਆ ਦੀ ਬਰਣੀ ਬਿਧੀ ਜੁਗਤੀ, ਗੁਰਮਤਿ ਜੁਗਤੀ ਅਨੁਸਾਰ ਨਾਮ ਨਾਲਿ ਪਰਚਾ ਪਾਇਆਂ, ਗੁਰਮਤਿ ਨਾਮ ਅਭਿਆਸ ਨਾਲ ਪਰਚਿਆਂ ਸਰਚਿਆਂ ਜੋ ਗੁਰਮੁਖ ਜਨ ਵਾਹਿਗੁਰੂ ਪ੍ਰੀਤਮ ਦੇ ਸੰਜੋਗ ਸੁਹਾਗ ਰਸ ਮਿਲਾਪ ਦੇ ਆਨੰਦ ਹੁਲਾਸ ਦੀਆਂ ਰੰਗ ਰਲੀਆਂ ਮਾਣਦਾ ਹੈ, ਉਹੀ ਰਸੀਆ ਰੰਗ-ਰਲਨੀਆ ਹੀ ਜਾਣਦਾ ਹੈ। ਇਉਂ ਵਾਹਿਗੁਰੂ ਨਾਮ ਰੂਪੀ ਪਾਰਸ ਨੂੰ ਪਰਸਿਆਂ ਅਤੇ ਪਾਰਸ ਪਰਸ ਕੇ ਅਮਿਉ ਰੰਗ ਰਲਸਿਆਂ ਅਤੇ ਅਮਿਉ ਰੰਗ ਰਲਸਿਆੜੀ ਨਿਹਕਰਮ ਨਿਹਕੇਵਲ ਕਰਣੀ ਦੁਆਰਾ ਸਰੱਸ ਵਿਗੱਸ ਕੇ ਵਾਹਿਗੁਰੂ ਦੇ ਦਰਸ਼ਨ ਜੋਤਿ ਸਰੂਪੀ ਸਰੂਪ ਵਿਚ ਇਕ-ਮਿਕ ਹੋਇਆਂ ਦੁਤੰਗੀ ਵਾਲੀ ਦੁਬਿਧਾ ਦੁਚਿਤਾਈ ਮਿਟਦੀ ਹੈ। ਅਤੇ ਸੱਚ ਸਰਧਾਨੀ ਆਸਤਕਤਾ ਵਾਲੀ ਜ਼ੀਉਣੀ ਜੀਵੀਦਾ ਹੈ। ਨਹੀਂ ਤਾਂ ਕੇਵਲ ਅਨੁਮਾਨਿਕ ਅਨਭਵ ਵਾਲੇ ਗਿਆਨ ਕਾਰਨ ਅੰਤਰਗਤੀ ਏਸੇ ਦੁਬਿਧਾ ਦੁਚਿਤਾਈ ਵਿਚਿ ਰਹੀਦਾ ਹੈ, ਅਤੇ ਭਰਮਿ ਭਰਮੀਦਾ ਹੈ ਕਿ ਅਪ੍ਰੱਖਸ਼ ਗਿਆਨ ਪ੍ਰਾਪਤ ਹੋਇਆ ਕਿ ਨਹੀਂ; ਪ੍ਰੀਤਮ ਦਰਸ਼ਨ ਦਰਸ਼ਨੋਹਿਆ ਕਿ ਨਹੀਂ। ਪਰਮਾਤਮਾ ਦੀ ਹੋਂਦ ਅਣਹੋਂਦ ਦੇਹ ਵਿਤਕਰੇ ਮਈ ਵਿਸ਼ਵਾਸ ਦੁਰਿਤੀ ਅਤੇ ਦੁਬਿਧਾ ਹੀ ਉਪਜਾਉਂਦਾ ਹੈ। ਓੜਕ ਅਨਭਵੀ ਗਿਆਨ ਨੂੰ ਹੀ ਅਨੁਮਾਨ ਕੇ ਚਿਤ-ਪਰਚਾਵਾ ਕਰ ਲੈਂਦੇ ਹਨ ਕਿ ਇਹ ਅਨੁਮਾਨਕ ਗਿਆਨ ਦੀ ਗੰਮਤਾ ਹੀ ਪਾਰੰਗਤ ਗਿਆਨ ਹੈ। ਇਹ ਦੁਬਿਧਾ ਦੁਚਿਤਾਈ ਪਾਰਸ ਪਰਸੇ ਬਿਨਾਂ ਨਹੀਂ ਜਾਂਦੀ। ਪਾਰਸ ਪਰਸਣ ਵਾਲੀ ਬਿਵਸਥਾ ਨੂੰ ਪੁਗਿਆਂ ਪਾਗਿਆਂ ਫੇਰ ਮੁੜ ਕੇ ਦੁਬਿਧਾ ਨਹੀਂ ਹੁੰਦੀ (ਵਿਆਪਦੀ ਨਹੀਂ)। "ਪਰਚੈ ਰਾਮੁ ਰਵੈ ਜਉ ਕੋਈ ॥ ਪਾਰਸੁ ਪਰਸੈ ਦੁਬਿਧਾ ਨ ਹੋਈ ॥" ਜੋ ਉਪਰ ਦਸੇ ਅਨੁਸਾਰ ਪਾਰਸ ਪਰਸਦਾ ਹੈ ਤਿਸ ਨੂੰ ਦੁਬਿਧਾ ਕਦੇ ਨਹੀਂ ਹੁੰਦੀ ॥੧॥ ਰਹਾਉ॥

ਉਪਰ ਦਸੇ ਨਿਰਬਾਣ ਨਿਹਕੇਵਲ ਪਦ ਵਿਚ ਲਿਵਲੀਨ ਹੋ ਕੇ ਮਨ ਦੀ ਦੁਬਿਧਾ ਖੀਣ (ਖੈ) ਕਰਨਹਾਰਾ ਜਨ ਹੀ ਸੱਚਾ ਅਤੇ ਸ੍ਰੇਸ਼ਟ ਮੋਨੀ ਹੈ। ਕਰਮ ਇੰਦਰਿਆਂ ਦੇ ਦੁਆਰੇ (ਜ਼ਰੀਏ, ਵਸੀਲੇ) ਬਿਨਾਂ ਨਿਹਕਰਮੀ ਹੋ ਕੇ ਤ੍ਰਿਲੋਕੀ ਦੇ ਸਿਖਰ ਜਾ ਸਮਾਉਂਦਾ ਹੈ, ਸਾਰੇ ਸੰਸਾਰਕ ਦੁਬਿਧਾ-ਮਈ ਸੰਸਿਆਂ ਤੋਂ ਅਪਰੰਪਰ ਹੋ ਜਾਂਦਾ ਹੈ, ਤ੍ਰੈ ਲੋਕ ਅਪਰੰਪਰ ਹੋ ਕੇ ਕਰਤੇ ਪੁਰਖ ਦੇ ਸਰੂਪ ਵਿਚ ਲੀਨ-ਹੋ ਜਾਂਦਾ ਹੈ। ਕਰਤੇ ਪੁਰਖ ਦੇ ਸਰੂਪ ਵਿਚਿ ਲੀਨ ਹੋਇਆ ਕਰਤਾ ਰੂਪ ਹੀ ਹੋ ਜਾਂਦਾ ਹੈ। ਅਤੇ ਮਨ ਇੰਦਰਿਆਂ ਦੀ ਅਧੀਨਤਾ ਤੋਂ ਆਜ਼ਾਦ ਹੋ ਕੇ ਗੁਰ-ਗੰਮ ਗਿਆਨ ਵਿਗਾਸ ਪਦ ਵਿਚਿ ਹੀ ਉਸ ਦਾ ਨਿਵਾਸ ਰਹਿੰਦਾ ਹੈ। ਇਸ ਗੁਰ-ਗੰਮ ਗਿਆਨ ਵਿਗਾਸ ਵਿਹੂਣਾ ਹਰ ਕੋਈ ਮਨ ਦੇ ਸੁਭਾਉ ਮਗਰ ਹੀ ਲਗਦਾ ਹੈ। ਗੁਰਮਤਿ ਗਿਆਨ ਪ੍ਰਚੰਡ ਵਿਗਾਸ ਵਾਲੇ ਤਬਕੇ ਵਿਚਿ ਨਿਵਾਸ ਰਖਣ ਵਾਲਾ ਗੁਰਮੁਖ ਨਿਹਕਰਮ ਕਰਮੀਸ਼ਰ ਜੋਗੀ ਸਭ ਕਰਮਾਂ ਤੋਂ ਅਤੀਤ ਨਾਮ-ਨਾਮੇਸ਼ਰੀ ਅਨਿੰਨ-ਭਗਤੀਸ਼ਰ ਹੀ ਬਣਿਆ ਰਹਿੰਦਾ ਹੈ। ਨਾਮੀ ਈਸ਼ਵਰ ਪਰਮਾਤਮਾ ਦੇ ਸਰੂਪ ਵਿਖੇ ਸਮਾਇ ਕੇ ਭੀ ਵਾਹਿਗੁਰੂ ਦੇ ਨਿਕਟ ਨਿਕਟੀਸ਼ਰ ਸਚਖੰਡਿ ਵਾਸੀਸ਼ਰ ਹੋਇ ਕੇ ਭੀ ਵਾਹਿਗੁਰੂ-ਭਗਤੀ ਦੀ ਅਨਿੰਨਤਾ ਦਾ ਆਨੰਦ ਮਾਣਦਾ ਹੈ। ਇਸ ਪੁੱਗੇ ਹੋਏ ਅਨਿੰਨ ਭਗਤ ਜੀਵਨ-ਮੁਕਤ ਪੁਰਖ ਨੂੰ ਆਨਮੱਤ ਕਰਮਾਂ ਦੇ ਕਰਨ ਦੀ ਉੱਕੀ ਹੀ ਲੋੜ ਨਹੀਂ ਰਹਿੰਦੀ, ਗੁਰਮਤਿ ਗਿਆਨ ਗੰਮੀਸ਼ਰ ਨੂੰ (ਜਿਸਦੀ ਗੰਮਤਾ ਪ੍ਰਚੰਡ ਗਿਆਨ ਖੰਡ ਵਾਲੀ ਹੋ ਗਈ ਹੋਵੇ) ਜਦੋਂ ਪਰਮਾਤਮਾ ਜੋਤੀਸ਼ ਦਾ ਪਰਚੰਡ ਦਰਸ਼ਨੀ ਗਿਆਨ ਵਾਲਾ ਸਾਖਸ਼ਾਤਕਾਰ ਹੋ ਜਾਂਦਾ ਹੈ ਤਾਂ ਸਭ ਕਰਮਾਂ ਤੋਂ ਨਿਹਕਰਮੀ ਹੋ ਜਾਂਦਾ ਹੈ। ਗਿਆਨ ਖੜਗ ਖੰਡੇ ਵਾਲੀ ਜੋਤਿ ਪ੍ਰਚੰਡ ਨਿਹਕਾਮ ਭਗਤੀ, ਸਹਜ ਸਨਮੁਖ ਵਾਹਿਗੁਰੂ ਦਰਸ਼ਨ ਦੇ ਬਿਸਮਾਦ ਪਰਮ ਅਦਭੁਤ ਬਿਸਮਾਦ ਵਿਚ ਬਿਸਮ ਰਸ ਹਰਣਤ ਭਰਣਤ ਰਹਿੰਦੀ ਹੈ। ਉਦਮ ਧਾਰ ਕੇ ਯਤਨਾਂ ਸਹਿਤ ਕੀਤੀ ਯਤਨ ਪੂਰਤ ਭਗਤੀ ਵਾਲੇ ਸਾਧਨ ਸੰਪੰਨ ਕਰਮਾਂ ਦਾ ਨਾਸ਼ ਹੋ ਜਾਂਦਾ ਹੈ, ਪ੍ਰੰਤੂ ਗਿਆਨ ਬਿਸਮਾਦਨੀ ਸਨਮੁਖ ਦਰਸ਼ਨ ਵਾਲੀ ਵਾਹੁ ਵਾਹੁ ਸਿਫਤਿ ਸਾਲਾਹ ਵਾਲੀ ਸਹਜ ਲਿਵਤਾਰ ਭਗਤੀ ਜਾਰੀ ਰਹਿੰਦੀ ਹੈ।

["ਗੁਰਮਤਿ ਕਰਮ ਫ਼ਿਲਾਸਫ਼ੀ" ਪੰਨਾ ੫੯੨-੯੮



www.AKJ.Org

# ਵਾਹੁ ਵਾਹੁ ਬਾਣੀ ਨਿਰੰਕਾਰ ਹੈ

[ਪ੍ਰਿੰਸੀਪਲ ਸੱਜਣ ਸਿੰਘ ਜੀ, 618-ਗੋਬਿੰਦਪੁਰੀ, ਨਵੀਂ ਦਿੱਲੀ-19]

ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਨੂੰ, ਜਿਨ੍ਹਾਂ ਦਾ ਆਰੰਭਕ ਜੀਵਨ ਤੀਰਥ-ਯਾਤਰਾ ਤੇ ਭਜਨਾਂ ਦੇ ਉੱਚਾਰਨ ਵਿਚ ਬੀਤਿਆ, ਸ੍ਰੀ ਗੁਰੂ ਅੰਗਦ ਦੇਵ ਜੀ ਦੇ ਚਰਨ ਕਮਲ ਦੇ ਸਪਰਸ਼ ਦੁਆਰਾ ਬਾਣੀ ਦੀ ਮਹੱਤਤਾ ਦੀ ਜਿਹੜੀ ਸੋਝੀ ਪਈ, ਉਸ ਦਾ ਵਰਨਣ ਵਿਸ਼ੇਸ਼ ਤੌਰ ਤੇ ਰਾਮਕਲੀ ਅਨੰਦ ਵਿੱਚ ਹੋਇਆ ਹੈ। ਗੁਰ-ਗੱਦੀ ਦੀ ਪਾਵਨ ਜ਼ਿੰਮੇਵਾਰੀ ਸੰਭਾਲਣ ਉਪਰੰਤ ਹਜ਼ੂਰ ਦੀ ਰਸਨਾ ਤੋਂ ਗੁਰਬਾਣੀ ਦੇ ਸਰਬਾਂਗੀ ਪੱਖਾਂ, ਨਾਮ ਸੁਗੰਧ, ਰਸ, ਖੇੜਾ, ਅਗੰਮੀ ਪ੍ਰਸੰਨਤਾ ਆਦਿ ਦੀ ਵਿਆਖਿਆ ਦਾ ਪਰਵਾਹ ਕੁਦਰਤੀ ਚਸ਼ਮੇ ਵਾਂਗਰ ਫੁੱਟਿਆ ਪ੍ਰਤੀਤ ਹੋਣ ਲੱਗਾ।

ਜਿਵੇਂ ਪੰਜਵੇਂ ਨਾਨਕ ਜੀ ਦੇ ਹਿਰਦੇ ਵਿੱਚ ਪੂਰਨ ਪਾਰਬ੍ਰਹਮ ਨੇ ਆਪਣਾ ਨਿਵਾਸ ਬਣਾਇਆ ਹੋਇਆ ਸੀ, "ਇਹ ਪਧਤਿ ਤੇ ਮਤ ਚੂਕਹਿ ਰੇ ਮਨ ਭੇਦੁ ਬਿਭੇਦੁ ਨ ਜਾਨਿ ਬੀਅਉ ॥ ਪਰਤਛਿ ਰਿਦੈ ਗੁਰ ਅਰਜੁਨ ਕੈ ਹਰਿ ਪੂਰਨ ਬ੍ਰਹਮਿ ਨਿਵਾਸੁ ਲੀਅਉ ॥੫॥ (੧੪੦੯)" ਸਤਿਗੁਰੂ ਅਰਜਨ ਦੇਵ ਜੀ ਦੀ ਪ੍ਰਤਿਭਾ ਤੱਕ ਕੇ ਭੱਟਾਂ ਦੁਆਰਾ ਉਸਤਤਿ ਭਰੇ ਸ਼ਬਦਾਂ ਦਾ ਪ੍ਰਗਟਾਵਾ ਹੋਇਆ ਸੀ, ਉਸੇ ਤਰ੍ਹਾਂ ਹਜ਼ੂਰ ਦਾ ਹਿਰਦਾ, ਪੰਜ ਭੂਤਕੀ ਸਰੀਰ, ਦ੍ਰਿਸ਼ਟਿ, ਗੁਰ-ਵਿਅਕਤੀ ਦਾ ਤਾਂ ਸੀ ਹੀ, ਪਰ ਗੁਣਾਂ ਕਰਕੇ ਅਕਾਲ ਪੁਰਖ ਦੀ ਸਰਬ-ਵਿਆਪਕਤਾ ਦਾ ਪਰਤੱਖ ਸਰੂਪ ਸੀ। "ਵਾਹੁ ਵਾਹੁ ਬਾਣੀ ਨਿਰੰਕਾਰ ਹੈ" ਕਿੰਨੀ ਅਸਚਰਜਤਾ, ਚਾਉ, ਵਡਿਆਈ, ਤੇ ਪ੍ਰੇਮ-ਭਾਵਨਾ ਦਾ ਇਜ਼ਹਾਰ ਹੈ। ਨਾਮ-ਰਸ-ਭਿੰਨੇ ਹਿਰਦੇ ਵਿਚੋਂ ਕਿੰਨੇ ਅਸਚਰਜਤਾ ਤੇ ਖੇੜੇ ਭਰੇ ਸ਼ਬਦਾਂ ਦਾ ਪ੍ਰਕਾਸ਼ ਹੈ। ਗੁਰਦੇਵ ਜੀ ਦਾ ਫ਼ੁਰਮਾਨ ਹੈ–

ਵਾਹੁ ਵਾਹੁ ਬਾਣੀ ਨਿਰੰਕਾਰ ਹੈ, ਤਿਸੁ ਜੇਵਡੁ ਅਵਰੁ ਨ ਕੋਇ ॥
ਵਾਹੁ ਵਾਹੁ ਅਗਮ ਅਥਾਹ ਹੈ, ਵਾਹੁ ਵਾਹੁ ਸਚਾ ਸੋਇ ॥
ਵਾਹੁ ਵਾਹੁ ਵੇਪਰਵਾਹੁ ਹੈ, ਵਾਹੁ ਵਾਹੁ ਕਰੇ ਸੁ ਹੋਇ ॥
ਵਾਹੁ ਵਾਹੁ ਅੰਮ੍ਰਿਤ ਨਾਮੁ ਹੈ, ਗੁਰਮੁਖਿ ਪਾਵੈ ਕੋਇ ॥
ਵਾਹੁ ਵਾਹੁ ਕਰਮੀ ਪਾਈਐ, ਆਪਿ ਦਇਆ ਕਰਿ ਦੇਇ ॥
ਨਾਨਕ ਵਾਹੁ ਵਾਹੁ ਗੁਰਮੁਖਿ ਪਾਈਐ, ਅਨਦਿਨੁ ਨਾਮੁ ਲਏਇ ॥੧॥੧੮॥

(ਸਲੋਕੁ ਮ: ੩, ਗੂਜਰੀ ਕੀ ਵਾਰ–ਪੰਨਾ ੫੧੫-੧੬)

ਨਾਮ-ਬਾਣੀ-ਨਿਰੰਕਾਰ ਦਾ ਤਿਕੋਨਾ ਸੰਬੰਧ ਸਾਧਾਰਨ ਸੰਬੰਧ ਨਹੀਂ। ਇਨ੍ਹਾਂ ਦਾ ਸੁੰਦਰ ਸੁਮੇਲ ਜਗਤ ਨੂੰ ਅਨੋਖੀ ਦੇਣ ਹੈ। ਇਨ੍ਹਾਂ ਦੀ ਇਕ-ਮਿੱਕਤਾ, ਜਲ-ਭਾਪ, ਬਰਫ ਦੀ ਅਭੇਦਤਾ ਨਿਆਈਂ ਹੈ। ਇਸ ਰਹੱਸ ਦਾ ਹਿਰਦੇ ਵਿਚ ਦ੍ਰਿੜ੍ਹ ਹੋਣਾ, ਗੁਰਸਿਖ ਨੂੰ ਹੀ ਸ਼ੋਭਦਾ ਹੈ। ਹੁਣ ਤਕ ਅਨੇਕਾਂ ਰਿਖੀ, ਮੁਨੀ, ਪੈਗੰਬਰ ਇਸ ਲੋਕ ਵਿਚ ਆਏ, ਪਰ ਇਸ ਤੱਤ ਨੂੰ ਲੱਖਣ ਦੀ ਸੂਖਮ ਦ੍ਰਿਸ਼ਟੀ ਦੀ ਦਾਤਿ ਪ੍ਰਾਪਤ ਕਰਨ ਦੇ ਅਧਿਕਾਰੀ ਨਹੀਂ ਬਣ ਸਕੇ, ਤੇ ਬਾਣੀ ਅਤੇ ਨਿਰੰਕਾਰ ਦੇ ਅਤੁੱਟ ਸੰਬੰਧ ਦੇ ਮਰਮ ਤੋਂ ਕੋਰੇ ਰਹੇ। ਇਹ ਸੋਝੀ ਹੁੰਦੀ ਵੀ ਕਿਸ ਤਰ੍ਹਾਂ, ਜਦ ਕਿ ਰੱਬੀ ਕਲਾਮ ਜਾਂ ਰੂਹਾਨੀ ਆਵੇਸ਼ ਨੂੰ ਅਨੁਭਵ ਕਰਨ ਵਾਲਾ ਵੱਖਰਾ, ਅਤੇ ਲਿਖਤੀ ਜਾਮਾ ਪਹਿਨਾਉਣ ਵਾਲਾ ਵੱਖਰਾ ਵਿਅਕਤੀ ਰਿਹਾ ਹੈ। ਇਹ ਸੁਭਾਗ ਮਾਣ ਸੱਚੇ ਸਤਿਗੁਰ ਨਾਨਕ ਦੇਵ ਜੀ ਦੀ ਰੱਬੀ ਜੋਤਿ ਨੂੰ ਧੁਰ ਦਰਗਾਹੋਂ ਬਖਸ਼ਸ਼ ਦੇ ਰੂਪ ਵਿਚ ਮਿਲਿਆ, ਜਿਨ੍ਹਾਂ ਨੇ ਰੱਬੀ ਗਿਆਨ ਦੇ ਮੂਲ ਰੂਪ ਨੂੰ ਬਿਨਾਂ ਕੋਈ ਅੱਖਰ ਘਟਾਇਆਂ ਵਧਾਇਆਂ ਕਲਮ-ਬੰਦ ਕੀਤਾ। ਗੁਰਦੇਵ ਜੀ ਨੇ ਇਸ ਦੈਵੀ ਗਿਆਨ ਭਰੀ ਕਾਵਿਕ ਰਚਨਾ ਨੂੰ ਖਸਮ ਕੀ ਬਾਣੀ ਕਹਿ ਕੇ ਉਚਾਰਿਆ ਹੈ–

ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥ (ਤਿਲੰਗ ਮ: ੧–੭੨੨)

ਸਗਲ ਬ੍ਰਹਮੰਡ ਦਾ ਖਸਮ, ਮਾਲਕ ਜੋ ਸੁਆਮੀ ਸਵੈ-ਸਿਰਜਨਹਾਰ ਹੈ। ਉਸ ਇੱਕ ਬਿਨਾ ਹੋਰ ਕੋਈ ਸਰਬ ਸ਼ਕਤੀਮਾਨ ਤੇ ਸਰਬ ਵਿਆਪਕ ਨਹੀਂ। ਸੱਚੇ ਸਤਿਗੁਰੂ ਦਾ ਕੋਈ ਵਿਚੋਲਾ ਨਹੀਂ, ਉਨ੍ਹਾਂ ਦਾ ਰਿਸ਼ਤਾ



www.AKJ.Org

ਸਿੱਧਾ ਨਿਰਗੁਣ ਪ੍ਰਭੂ ਨਾਲ ਹੈ, ਜਿਹੜਾ ਸਮੂਹ ਸ਼ਕਤੀਆਂ ਦਾ ਸੋਮਾ ਹੋਣ ਕਰਕੇ ਕੇਂਦਰਿਤ ਸ਼ਕਤੀਆਂ ਦਾ ਅਸਥਾਨ ਜਾਂ ਧੁਰਾ ਅਖਵਾਉਂਦਾ ਹੈ। ਇਸ ਅਟੱਲ ਤੇ ਸਥਿਰ ਹਸਤੀ ਤੋਂ ਜਿਹੜਾ ਗਿਆਨ, ਸਤਿਗੁਰੂ ਦੇ ਹਿਰਦੇ ਰਾਹੀਂ ਪ੍ਰਗਟ ਹੋਇਆ ਹੈ, ਉਸ ਨੂੰ ਧੁਰ ਕੀ ਬਾਣੀ ਜਾਂ ਅਕਾਲ ਪੁਰਖ ਤੋਂ ਆਈ ਬਾਣੀ ਦਾ ਦਰਜਾ ਮਿਲਿਆ–

ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ ॥੨॥੭੭॥ (ਸੋਰਠਿ ਮਹਲਾ ੫–੬੨੮)

ਬਾਣੀ ਦੇ ਅਰਥ ਨੂੰ ਮੁੱਖ ਰੱਖਦਿਆਂ ਭਾਵੇਂ ਅਸੀਂ ਕੁਝ ਗਿਣਤੀ ਦੇ ਵਰਗਾਂ ਵਿਚ ਵੰਡ ਸਕੀਏ ਜਾਂ ਇਸ ਨੂੰ ਕਥਨ ਜਾਂ ਵਿਆਖਿਆ ਦੇ ਰੂਪ ਵਿਚ ਬਿਆਨ ਕਰੀਏ, ਪਰ ਗੁਰਬਾਣੀ ਜੱਗ ਵਿਚ ਵਾਹਦ ਹੈ। ਇਸ ਨਾਲ ਹੋਰ ਵਿਸ਼ੇਸ਼ਣ ਜੋੜਨ ਦੀ ਨਾ ਹੀ ਗੁੰਜਾਇਸ਼ ਹੈ ਨਾ ਗੁਰਮਤਿ ਵਿਚ ਪਰਵਾਨ ਹੈ। ਭਗਤਾਂ ਦੀ ਬਾਣੀ, ਭੱਟਾਂ ਦੇ ਸਵੱਈਏ ਤੇ ਸਤਾ ਬਲਵੰਡ ਦੀ ਮਹਾਨ ਰਚਨਾ ਨੂੰ ਗੁਰਬਾਣੀ ਦੀ ਤੁਲਤਾ, ਉਸ ਸਮੇਂ ਪ੍ਰਾਪਤ ਹੋਈ ਜਦ ਇਨ੍ਹਾਂ ਦਾ ਉੱਚਾਰਨ ਪੰਚਮ ਪਾਤਸ਼ਾਹ ਦੇ ਮੁਖਾਰਬਿੰਦ ਤੋਂ ਹੋਇਆ।

ਇਸ ਨਿਵੇਕਲੀ ਵਿਸ਼ੇਸ਼ਤਾ ਨੇ ਗੁਰਬਾਣੀ ਨੂੰ ਅਤਿ ਉੱਚੀ, ਸਤਿਕਾਰ ਭਰੀ, ਪਦਵੀ ਪਰਦਾਨ ਕੀਤੀ ਹੈ। ਅਮਲੀ ਤੌਰ ਤੇ ਸਤਿਗੁਰੂ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਦਬ ਸਤਿਕਾਰ ਕਰਨ ਦਾ ਜਿਹੜਾ ਉਪਦੇਸ਼ ਗੁਰਸਿੱਖਾਂ ਨੂੰ ਦਿੱਤਾ ਹੈ, ਉਹ ਗੁਰਸਿੱਖਾਂ ਨੇ ਇੰਨ ਬਿੰਨ ਕਮਾਇਆ ਹੈ। ਸਤਿਕਾਰ ਦੀ ਦ੍ਰਿਸ਼ਟੀ ਤੋਂ ਕੋਈ ਹੋਰ ਧਾਰਮਕ ਪੁਸਤਕ ਏਨਾ ਉੱਚਾ ਮਾਣ ਪ੍ਰਾਪਤ ਨਹੀਂ ਕਰ ਸਕੀ। '**ਤਿਸੁ ਜੇਵਡੁ ਅਵਰੁ ਨ ਕੋਇ**' ਹਜ਼ੂਰ ਦਾ ਸਚਾਵਾ ਨਿਰਣਾ ਹੈ। ਜਿੱਥੇ ਅਕਾਲ ਪੁਰਖ ਦਾ ਆਪਣਾ ਨਿਵਾਸ ਹੋਵੇ, ਉਸ ਦੀ ਬਰਾਬਰੀ ਕੌਣ ਕਰ ਸਕਦਾ ਹੈ ? ਹਜ਼ੂਰ ਦਾ ਫ਼ੁਰਮਾਨ ਹੈ :–ਪੋਥੀ ਪਰਮੇਸਰ ਕਾ ਥਾਨੁ ॥

ਸਾਧ ਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ ॥੧॥ਰਹਾਉ॥੧੧੩॥

(ਸਾਰੰਗ ਮ: ੫–੧੨੨੬)

ਇਸ ਗੁਰਵਾਕ ਤੋਂ ਸ਼ਰਧਾਵਾਨ ਗੁਰਸਿੱਖ ਦੇ ਹਿਰਦੇ ਵਿਚ ਇਹ ਵਿਸ਼ਵਾਸ ਦ੍ਰਿੜ੍ਹ ਹੁੰਦਾ ਹੈ ਕਿ ਅਕਾਲ ਪੁਰਖ ਪਰਮੇਸ਼ਰ, ਗੁਪਤ ਰੂਪ ਵਿਚ, ਪਰਤੱਖ ਹਕੀਕਤ ਵਿਚ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਵਿਚ ਵੱਸਦਾ ਹੈ

ਅਕਾਲ ਪੁਰਖ ਤੇ ਗੁਰਬਾਣੀ ਦੇ ਪਰਸਪਰ ਸੰਬੰਧ ਬਾਰੇ ਗੁਰਦੇਵ ਜੀ ਦਾ ਪਾਵਨ ਹੁਕਮ ਹੈ–

(੧) ਤੂ ਆਪਿ ਸਚਾ ਤੇਰੀ ਬਾਣੀ ਸਚੀ ਆਪੇ ਅਲਖੁ ਅਥਾਹਾ ਹੈ ॥੧੪॥ (੧੦੫੭)

(੨) ਹਰਿ ਜੀਉ ਸਚਾ ਸਚੁ ਹੈ ਸਚੀ ਗੁਰਬਾਣੀ ॥
ਸਤਿਗੁਰ ਤੇ ਸਚੁ ਪਛਾਣੀਐ ਸਚਿ ਸਹਜਿ ਸਮਾਣੀ ॥੧੭॥ (ਪੰਨਾ ੫੧੫)

ਇਸ ਤੱਤ ਦੀ ਸੋਝੀ ਕਿਸੇ ਵਿਰਲੇ ਨੂੰ ਹੁੰਦੀ ਹੈ। ਜੇ ਹੁੰਦੀ ਹੈ ਤਾਂ ਹਿਰਦੇ ਵਿਚ ਦ੍ਰਿੜ੍ਹ ਨਹੀਂ ਹੁੰਦੀ। ਅਮਲੀ ਤੌਰ ਤੇ ਵਰਤੋਂ ਵਿਚ ਲਿਆਉਣਾ ਇਸ ਤੋਂ ਵੀ ਔਖਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਾਕਸ਼ਾਤ ਨਿਰੰਜਨ ਜੋਤਿ ਅਨੁਭਵ ਕਰਨਾ ਮਿਹਰ ਦੀ ਨਿਸ਼ਾਨੀ ਹੈ–

ਵਾਹੁ ਵਾਹੁ ਬਾਣੀ ਸਤਿ ਹੈ ਗੁਰਮੁਖਿ ਬੂਝੈ ਕੋਇ ॥
ਵਾਹੁ ਵਾਹੁ ਕਰਿ ਪ੍ਰਭੁ ਸਾਲਾਹੀਐ ਤਿਸੁ ਜੇਵਡੁ ਅਵਰੁ ਨ ਕੋਇ॥੩॥੨॥(ਮਲਾਰ ਮ: ੩–੧੨੭੭)

'ਇਹ ਸਤਿ ਸੰਸਾਰਕ ਸੱਚ ਨਹੀਂ', ਇਹ ਉਹ ਸਤਿ ਹੈ ਜਿਸ ਬਾਰੇ ਸਤਿਗੁਰੂ ਨਾਨਕ ਦੇਵ ਜੀ ਨੇ ਫੁਰਮਾਇਆ ਹੈ–'ਜਪੁ' ॥ 'ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥'

ਇਹ ਅਦ੍ਰਿਸ਼ਟ ਤੇ ਸੂਖਮ ਹਸਤੀ ਸਦੈਵ ਸਥਿਰ ਰਹਿਣ ਵਾਲੀ, ਅਟੱਲ ਪਦਵੀ ਵਾਲੀ, ਤ੍ਰੈਕਾਲ ਤੇ ਤਿੰਨਾਂ ਲੋਕਾਂ ਵਿਚ ਵਿਆਪਕ ਹੈ। ਇਸ ਦੀ ਗੰਮਤਾ, ਇਸ ਤੱਕ ਪਹੁੰਚ, ਕਿਸ ਮਾਧਿਅਮ ਦੁਆਰਾ ਹੁੰਦੀ ਹੈ ? ਉਹ ਮਾਧਿਅਮ ਹੈ, ਸਤਿਗੁਰ ਦੀ ਬਾਣੀ।

ਵਾਹੁ ਵਾਹੁ ਬਾਣੀ ਸਚੁ ਹੈ, ਸਚਿ ਮਿਲਾਵਾ ਹੋਇ ॥


www.AKJ.Org

ਨਾਨਕ ਵਾਹੁ ਵਾਹੁ ਕਰਤਿਆ ਪ੍ਰਭੁ ਪਾਇਆ, ਕਰਮਿ ਪਰਾਪਤਿ ਹੋਇ ॥੧॥੧੪॥ (੫੧੪)

ਸਚੁ ਨਿਰ-ਅਕਾਰ ਨਿਰੰਕਾਰ ਹੈ। ਨਿਰੰਕਾਰ ਵਾਹਿਗੁਰੂ ਨਾਲ ਮਿਲਾਉਣ ਵਾਲੀ ਬਾਣੀ ਵੀ ਨਿਰੰਕਾਰ ਸਰੂਪ ਹੈ, ਕਿਉਂਕਿ ਇਸ ਨਿਰੰਕਾਰੀ ਬਾਣੀ ਵਿਚ 'ਨਾਮ' ਗੁੰਫਤ ਹੈ। ਪਰ ਜੋ ਜਨ 'ਆਤਮ ਕੈ ਚਾਇ' ਇਸ ਬਾਣੀ ਨੂੰ ਪਰਸਦੇ ਹਨ ਉਨ੍ਹਾਂ ਨੂੰ ਇਹ ਬਾਣੀ ਨਾਮ ਨਾਲ ਜੋੜਦੀ ਹੈ—

(ੳ) ਸਤਿਗੁਰ ਕੀ ਜਿਸ ਨੋ ਮਤਿ ਆਵੈ ਸੋ ਸਤਿਗੁਰ ਮਾਹਿ ਸਮਾਨਾ ॥
ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿ ਨਾਮਾ ॥੧॥ ਰਹਾਉ ॥੪॥
(ਬਿਲਾਵਲੁ ਮ: ੩–੭੯੭)

(ਅ) ਗੁਰਬਾਣੀ ਵਰਤੀ ਜਗ ਅੰਤਰਿ, ਇਸੁ ਬਾਣੀ ਤੇ ਹਰਿ ਨਾਮੁ ਪਾਇਦਾ ॥੩॥(ਮਾਰੂ ਮ: ੩–੧੦੬੬)

(ੲ) ਰਤਨਾ ਰਤਨ ਪਦਾਰਥ ਬਹੁ ਸਾਗਰੁ ਭਰਿਆ ਰਾਮ ॥
ਬਾਣੀ ਗੁਰਬਾਣੀ ਲਾਗੇ ਤਿਨ ਹਥਿ ਚੜਿਆ ਰਾਮ ॥੪॥ [ਆਸਾ ਮ: ੪, ਪੰਨਾ ੪੪੨

(ਸ) ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਮਾਨਹੁ, ਇਉ ਆਤਮਰਾਮੈ ਲੀਨਾ ਹੇ ॥੧੪॥ (੧੦੨੮)

(ਹ) ਅੰਮ੍ਰਿਤ ਬਾਣੀ ਅਮਿਉ ਰਸੁ ਅੰਮ੍ਰਿਤ ਹਰਿ ਕਾ ਨਾਉ ॥੧॥੧੨॥ (ਪੰਨਾ ੯੬੩)

ਇਹ ਅੰਮ੍ਰਿਤ-ਮਈ ਬਾਣੀ ਤਾਂ ਅੰਮ੍ਰਿਤ ਸਮਾਨ ਰਸ ਤੇ ਅੰਮ੍ਰਿਤ ਨਾਮ ਨਾਲ ਭਰਪੂਰ ਹੈ, ਬਸ ਲੋੜ ਇਸ ਗੱਲ ਦੀ ਹੈ ਕਿ ਸਤਿਗੁਰੂ ਦੀ ਬਾਣੀ ਨੂੰ ਹਿਰਦਿਓਂ ਸਤਿ ਸਤਿ ਕਰ ਕੇ ਪਠਨ ਪਾਠਨ ਕਰੀਏ, ਇਸ ਤਰ੍ਹਾਂ ਹੀ ਆਤਮ-ਰਾਮ ਵਾਹਿਗੁਰੂ ਵਿਚ ਲੀਨਤਾ ਹੋ ਸਕਦੀ ਹੈ।

ਅੰਮ੍ਰਿਤ ਬਚਨ ਸਾਧ ਕੀ ਬਾਣੀ ॥
ਜੋ ਜੋ ਜਪੈ ਤਿਸ ਕੀ ਗਤਿ ਹੋਵੈ, ਹਰਿ ਹਰਿ ਨਾਮੁ ਨਿਤ ਰਸਨ ਬਖਾਨੀ ॥੧॥ ਰਹਾਉ॥
ਕਲੀ ਕਾਲ ਕੇ ਮਿਟੇ ਕਲੇਸਾ ॥ ਏਕੋ ਨਾਮੁ ਮਨ ਮਹਿ ਪਰਵੇਸਾ ॥੧॥੩੭॥ (੭੪੪)

ਇਹ ਮਹਾਂਪੁਰਖ ਕੀ ਬਾਣੀ ਸਤਿ ਸਰੂਪ ਹੈ, ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਹਜ਼ੂਰੀ ਵਿਚ ਤੇ ਸੱਚੇ ਉਪਦੇਸ਼ ਅਨੁਸਾਰ ਗੁਰ-ਮੰਤਰ ਲੈ ਕੇ ਸਚਖੰਡ ਤਕ ਪਹੁੰਚ ਸੰਭਵ ਤੇ ਸੌਖੀ ਹੈ। ਸਪੱਸ਼ਟ ਹੈ ਕਿ ਨਿਰੰਕਾਰ ਤੇ ਗੁਰਬਾਣੀ ਦਾ ਆਪਸੀ ਸੰਬੰਧ ਜੋੜਨ ਵਾਲਾ ਸਤਿਗੁਰੂ ਜੀ ਦਾ ਪਾਵਨ ਹਿਰਦਾ ਹੈ, ਜਿਹੜਾ ਗ਼ੈਬੀ ਹੁਕਮ ਨੂੰ ਅੱਖਰਾਂ ਦਾ ਪਹਿਰਾਵਾ ਪਹਿਨਾ ਕੇ ਗੁਰਬਾਣੀ ਦਾ ਰੁਤਬਾ ਪਰਦਾਨ ਕਰਦਾ ਹੈ।

ਬਾਣੀਆਂ ਸਿਰ ਬਾਣੀ, ਸੱਚੀ ਗੁਰਬਾਣੀ, ਕਰਤਾਰ ਦੇ ਰੰਗ ਵਿਚ ਰੰਗੀਜੀ, ਨਾਮ ਸੁਗੰਧੀ ਨਾਲ ਭਰਪੂਰ, ਬਿਸਮਾਦੀ ਦਸ਼ਾ ਵਰਤਾਉਣ ਵਾਲੀ ਕਲਿਆਣਕਾਰੀ, ਰਹਿਮਤਾਂ ਦੀ ਝੜੀ ਹੈ। ਇਸ ਦੇ ਇਕ ਇਕ ਅੱਖਰ ਤੋਂ ਪਿਰਮ-ਪਿਆਲੇ ਦੀ ਮਸਤੀ ਦਾ ਅਨੁਭਵ ਕਰਨਾ, ਗੁਰਸਿਖਾਂ ਦੀ ਚਾਹ ਹੈ। ਜਿੱਥੇ ਇਨਸਾਨੀ ਕ੍ਰਿਤ ਹੈ, ਉੱਥੇ ਊਣਤਾਈ, ਭੁੱਖ, ਭਟਕਣ ਦਾ ਪਰਛਾਵਾਂ ਅਵੱਸ਼ ਹੋਵੇਗਾ, ਜਿੱਥੇ ਰੱਬੀ ਕ੍ਰਿਤ ਹੈ, ਉਥੇ ਸੰਪੂਰਨਤਾ, ਤ੍ਰਿਪਤੀ, ਟਹਿਕ, ਮਹਿਕ, ਅਡੋਲਤਾ, ਮਿਲਾਪ ਤੇ ਇਕਮਿਕਤਾ ਦੇ ਭੰਡਾਰ ਲਬਾ ਲਬ ਭਰੇ ਵੇਖਣਹਾਰਿਆਂ ਨੇ ਵੇਖੇ ਹਨ।

ਸੱਚੀ ਬਾਣੀ ਦੀ ਮਹਿਮਾ ਤੱਕ ਕ, ਕੂੜਿਆਰਾਂ ਨੇ ਰੀਸ ਕਰਕੇ ਬਾਣੀ ਲਿਖ ਕੇ ਗੁਮਰਾਹ ਕਰਨ ਦਾ ਬਥੇਰਾ ਯਤਨ ਕੀਤਾ, ਪਰ ਗੁਰਸਿਖਾਂ ਦੀਆਂ ਪਾਰਖੂ ਅੱਖਾਂ ਤੇ ਸੂਝ ਬੂਝ ਨੇ ਉਸਨੂੰ ਕਬੂਲ ਨਾ ਕਰਕੇ ਠੁਕਰਾ ਦਿੱਤਾ। ਪਾਵਨ ਹੁਕਮ ਹੈ— ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ ਗੁਰਬਾਣੀ ਬਣੀਐ ॥
ਸਤਿਗੁਰ ਕੀ ਰੀਸੈ ਹੋਰ ਕਚੁ ਪਿਚੁ ਬੋਲਦੇ ਸੇ ਕੂੜਿਆਰ ਕੂੜੇ ਝੜਿ ਪੜੀਐ ॥
ਓਨਾ ਅੰਦਰਿ ਹੋਰੁ ਮੁਖਿ ਹੋਰੁ ਹੈ ਬਿਖੁ ਮਾਇਆ ਨੋ ਝਖਿ ਮਰਦੇ ਕੜੀਐ ॥੯॥
(ਗਉੜੀ ਕੀ ਵਾਰ ਮ: ੪–੩੦੪)

ਸਤਿ ਸਰੂਪ ਬਾਣੀ, ਜਿਹੜੀ ਗੁਰਬਾਣੀ ਹੋ ਕੇ ਵਿਚਰੀ, ਦੀ ਨਕਲ ਕਰਨ ਵਾਲਿਆਂ ਤੇ ਕੱਚ ਪਿਚ ਬੋਲਣ ਵਾਲਿਆਂ ਦਾ ਅੰਤ ਇਸ ਤਰ੍ਹਾਂ ਹੋਇਆ, ਜਿਵੇਂ ਸ਼ਮ੍ਹਾ ਤੇ ਜਲ ਕੇ ਪਤੰਗੇ ਝੜ ਝੜ ਪੈਂਦੇ ਹਨ।


www.AKJ.org

ਹੁਣ ਵੀ ਆਪੂੰ ਬਣੇ ਪਖੰਡੀ ਗੁਰੂ, ਰੱਬੀ ਜੋਤਿ ਨਾਲ ਮਿਲਾਉਣ ਵਾਲੀ ਗੁਰਬਾਣੀ ਦੀ ਥਾਂ ਆਪਣੀ ਉਸਤਤਿ ਵਿਚ ਕੱਚੀ ਬਾਣੀ ਰਚਣ ਦਾ ਉਤਸ਼ਾਹ ਦੇਂਦੇ ਹਨ। ਅਜਿਹੇ ਕੂੜਿਆਵੇ ਪ੍ਰਸ਼ੰਸਾ ਭਰੇ ਗੀਤ ਕਦਾਚਿਤ ਵੀ ਨਿਰੰਕਾਰ ਦੇ ਪਾਸੇ ਵਲ ਕਦਮ ਪੁੱਟਣ ਨਹੀਂ ਦੇਣਗੇ। ਪਰ ਸੱਚੀ ਬਾਣੀ ਦੀ ਪ੍ਰਤਿਭਾ ਬੇਮਿਸਾਲ ਹੈ, ਜਿਹੜੀ ਨਿਜ ਘਰ ਵਾਸਾ ਕਰਾਉਣ ਦੇ ਸਮਰੱਥ ਹੈ। ਸਤਿਗੁਰ ਦਾ ਫ਼ੁਰਮਾਨ ਹੈ–

ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ ॥
ਇਹ ਬਾਣੀ ਮਹਾ ਪੁਰਖ ਕੀ ਨਿਜ ਘਰਿ ਵਾਸਾ ਹੋਇ ॥੪੦॥ (ਦਖਣੀ ਓਅੰਕਾਰੁ–੯੩੫)

ਗੁਰਬਾਣੀ ਦੈਵੀ ਗਿਆਨ, ਦਿਬ ਜੋਤਿ, ਅੰਤਰਿ ਧਿਆਨ ਦਾ ਸੁੰਦਰ ਸਰੂਪ ਹੈ। ਇਹ ਐਸੀ ਔਸ਼ਧੀ ਹੈ ਜਿਹੜੀ ਭਰਮ, ਅਗਿਆਨਤਾ ਤੇ ਵਹਿਮ ਦੀ ਕੁੱਠੀ ਮਾਨਸਕ ਅਵਸਥਾ ਵਿਚ ਸਹਜ, ਟਿਕਾਉ ਤੇ ਅਡੋਲਤਾ ਦਾ ਜੀਵਨ ਭਰਦੀ ਹੈ। ਇਹ ਇਕ ਐਸੇ ਚਿਰਾਗ ਵਾਂਗ ਹੈ, ਜਿਹੜੀ ਸਗਲ ਬ੍ਰਹਮੰਡ ਵਿਚ ਪਸਰੇ ਹਨੇਰੇ, ਕਲੱਤਣ ਨੂੰ ਦੂਰ ਕਰਦੀ ਅਤੇ ਸੱਚ ਦੇ ਪਾਂਧੀ ਦੀ ਅਧਿਆਤਮਕ ਦ੍ਰਿਸ਼ਟੀ ਵਿਚ ਵਾਧਾ ਕਰਦੀ ਹੈ। ਇਹ ਜੋਤਿ ਅਕਾਲ ਪੁਰਖ ਦੀ ਨਿੱਜੀ ਰੌਸ਼ਨੀ ਹੈ, ਅਨਭਉ ਪ੍ਰਕਾਸ਼ ਹੈ। ਹਜ਼ੂਰ ਦਾ ਫ਼ੁਰਮਾਨ ਹੈ–

ਮਨਮੁਖਿ ਕਰਮ ਕਰਹਿ ਨਹੀ ਬੂਝਹਿ ਬਿਰਥਾ ਜਨਮੁ ਗਵਾਇ ॥
ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਇ ॥੧॥੨੨॥ (ਸਿਰੀਰਾਗੁ ਮ: ੩–੬੭)

ਇਹ ਵਿਵੇਕ ਦੀ ਜੋਤਿ ਹੈ, ਅੰਨ੍ਹਿਆਂ ਲਈ ਡੰਗੋਰੀ ਹੈ ਤੇ ਹਿੰਮਤੀ ਬੰਦਿਆਂ ਲਈ ਚਾਨਣ-ਮੁਨਾਰਾ ਹੈ। ਮਨਮੁਖਾਂ ਨੂੰ ਭਾਵੇਂ ਇਸ ਦੀ ਕਦਰ ਨਹੀਂ, ਪਰ ਇਸ ਦੇ ਦਰਸ਼ਨ ਪਰਸਨ ਤੋਂ ਅੱਖਾਂ ਨੂੰ ਠੰਢਕ ਪਹੁੰਚਦੀ, ਮਨ ਦੀ ਮੈਲ ਉੱਤਰਦੀ ਤੇ ਦਿਲ ਨੂੰ ਸ਼ਾਂਤੀ ਪ੍ਰਾਪਤ ਹੁੰਦੀ ਹੈ।

ਗੁਰਮੁਖ ਜਨਾਂ ਨੂੰ ਪੂਰਨ ਵਿਸ਼ਵਾਸ ਹੈ ਅਤੇ ਕਈ ਨਾਮ-ਰਸੀਆਂ ਦਾ ਨਿੱਜੀ ਤਜਰਬਾ ਹੈ ਕਿ ਅਕਾਲੀ ਜੋਤਿ ਹੁਣ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਿਰਾਜਮਾਨ ਹੈ ਤੇ ਅਧਿਕਾਰੀ ਜਨਾਂ ਨੂੰ ਆਪਣਾ ਰੂਪ ਸਮੇਂ ਅਨੁਸਾਰ ਦਿਖਾਉਂਦੀ ਹੈ। ਫ਼ੁਰਮਾਨ ਹੈ–

ਸਰਬ ਜੋਤਿ ਤੇਰੀ ਪਸਰਿ ਰਹੀ ॥ ਜਹ ਜਹ ਦੇਖਾ ਤਹ ਨਰਹਰੀ ॥੧॥੨॥ (ਰਾਮਕਲੀ ਮ: ੧–੮੭੬)

ਭਾਵੇਂ ਅਕਾਲੀ ਜੋਤਿ ਹਰੇਕ ਥਾਂ ਪਸਰ ਰਹੀ ਹੈ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਇਸ ਦਾ ਸੰਬੰਧ ਜੱਗ ਤੋਂ ਵੱਖਰਾ ਤੇ ਨਿਆਰਾ ਹੈ। ਇਸ ਦੀ ਮਹਿਮਾ ਦੀ ਸਾਨੂੰ ਸੋਝੀ ਨਹੀਂ। ਜਿਸ ਸੁਭਾਗ ਜੀਅੜੇ ਤੇ ਉਸ ਦੀ ਕਿਰਪਾ-ਦ੍ਰਿਸ਼ਟੀ ਹੋਵੇ, ਉਸਨੂੰ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਬਾਣੀ ਚੋਂ ਸਾਂਗੋ ਪਾਂਗ, ਜ਼ਾਹਰਾ ਜ਼ਹੂਰ ਪਰਤੱਖ ਨਜ਼ਾਰਾ ਤੱਕਣ ਲਈ ਗਿਆਨ-ਅੰਜਨ ਦੀ ਦਾਤਿ ਮਿਲਦੀ ਹੈ। ਐਸੇ ਗੁਰੂ ਦੁਲਾਰੇ, ਭਾਈ ਸਾਹਿਬ ਰਣਧੀਰ ਸਿੰਘ ਜੀ ਨੂੰ ਅਕਾਲੀ ਜੋਤਿ ਨੂੰ 'ਵਾਹਿਗੁਰੂ' ਸ਼ਬਦ ਰੂਪ ਵਿਚ ਸ਼ਬਦ-ਗੁਰੂ ਦੇ ਬਿਲਕੁਲ ਨਿਕਟ ਤੱਕਣ ਦਾ ਮਾਣ ਮਿਲਿਆ। ਇਕ ਦਿਨ ਉਨ੍ਹਾਂ ਨਾਲ ਅੰਮ੍ਰਿਤ ਵੇਲੇ ਗੁਰਦੁਆਰੇ ਵਿਖੇ ਅਚਰਜ ਕੌਤਕ ਭਰੀਆਂ ਘਟਨਾਵਾਂ ਵਾਪਰੀਆਂ, ਜਿਹੜੀਆਂ ਉਨ੍ਹਾਂ ਨੇ ਕਈ ਸਾਲਾਂ ਬਾਅਦ ਪ੍ਰਗਟ ਕੀਤੀਆਂ–

(੧) ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਗ਼ੈਬੀ ਸ਼ਕਤੀ ਦੁਆਰਾ ਪ੍ਰਕਾਸ਼ ਹੋਣਾ।
(੨) ਅਦ੍ਰਿਸ਼ਟ ਪਾਠੀ ਦੁਆਰਾ ਦਿਲ-ਖਿੱਚਵੀਂ ਧੁਨੀ ਵਿਚ "ਵੇਮੁਹਤਾਜਾ ਵੇਪਰਵਾਹ ॥ ਨਾਨਕ ਦਾਸ ਕਹਹੁ ਗੁਰ ਵਾਹੁ ॥੨੧॥ (੩੭੬) ਦਾ ਪਾਠ ਸੁਣਾਈ ਦੇਣਾ।
(੩) ਅਲੌਕਿਕ ਗੁਰਮੰਤਰ (ਵਾਹਿਗੁਰੂ) ਚਿਤ੍ਰਕਾਰੀ ਦਾ ਬੇਮਿਸਾਲ ਚਮਕ ਦਮਕ ਭਰਿਆ ਗੁਰਮੁਖੀ ਅੱਖਰਾਂ ਵਿਚ ਝਿਲਮਿਲਕਾਰ ਦਰਸ਼ਨ ਹੋਣਾ।

ਏਥੇ ਕੇਵਲ ਤੀਸਰੇ ਅੰਗ ਨੂੰ ਦ੍ਰਿਸ਼ਟਾਉਂਦੇ ਭਾਈ ਸਾਹਿਬ ਜੀ ਦੇ ਆਪਣੇ ਅੱਖਰ ਮੂਲ ਰੂਪ ਵਿਚ ਲਿਖੇ ਇਸ ਤਰ੍ਹਾਂ ਹਨ–

ਕੀ ਦੇਖਾਂ "ਮਹਾਰਾਜ ਜੀ ਉੱਤੇ ਚੰਵਰ ਹੋ ਰਿਹਾ ਹੈ, ਪਰ ਤਾਬੇ ਕੋਈ ਨਹੀਂ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੇ


[ਬਾਕੀ ਸਫ਼ੇ ੧੭ ਹੇਠ]

www.AKJ.Org

# ਮਹਿਮਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ

[ਭਾਈ ਜਸਬੀਰ ਸਿੰਘ ਖ਼ਾਲਸਾ (ਵੇਰਕਾ), ਹੈਡ ਗ੍ਰੰਥੀ ਗੁਰਦਵਾਰਾ ੧੫-ਸੀ, ਚੰਡੀਗੜ੍ਹ]

ਜੁਗੋ ਜੁਗ ਅਟੱਲ ਚਵਰ ਦੇ ਮਾਲਕ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਡੇ ਸਦੀਵੀ ਗੁਰੂ ਹਨ। ਸੰਸਾਰ ਦੇ ਹੋਰਨਾਂ ਧਰਮਾਂ ਦਾ ਅਧਿਐਨ ਕਰਨ ਤੋਂ ਪਤਾ ਲੱਗਦਾ ਹੈ ਕਿ ਉਹਨਾਂ ਵਿਚ, ਉਹਨਾਂ ਦੇ ਪੀਰਾਂ, ਪੈਗੰਬਰਾਂ, ਰਿਸ਼ੀਆਂ, ਮੁਨੀਆਂ ਗੁਰੂਆਂ ਤੇ ਅਵਤਾਰਾਂ ਨੂੰ ਉਹਨਾਂ ਦੇ ਧਰਮ-ਗ੍ਰੰਥਾਂ ਨਾਲੋਂ ਵੱਖ ਮੰਨਿਆ ਜਾਂਦਾ ਹੈ। ਮੁਸਲਮਾਨਾਂ ਲਈ 'ਕੁਰਾਨ' ਹੋਰ ਹੈ ਅਤੇ ਹਜ਼ਰਤ ਮੁਹੰਮਦ ਸਾਹਿਬ ਹੋਰ,। ਈਸਾਈਆਂ ਵਿਚ 'ਬਾਈਬਲ' ਹੋਰ ਹੈ ਅਤੇ ਹਜ਼ਰਤ ਈਸਾ ਹੋਰ। ਕੁਝ ਇਉਂ ਹੀ ਜਦੋਂ ਹਿੰਦੂ ਧਰਮ ਨੂੰ ਗੰਭੀਰਤਾ ਨਾਲ ਘੋਖੀਦਾ ਹੈ ਤਾਂ ਪਤਾ ਚਲਦਾ ਹੈ ਕਿ ਉਹਨਾਂ ਦੇ ਵੇਦ ਆਦਿ ਧਰਮ ਗ੍ਰੰਥ ਉਹਨਾਂ ਦੇ ਰਿਸ਼ੀਆਂ-ਮੁਨੀਆਂ ਨਾਲੋਂ ਵੱਖ ਹਨ। ਬੁੱਧਾਂ ਤੇ ਜੈਨੀਆਂ ਦੇ ਧਰਮ ਗ੍ਰੰਥ ਵੀ ਉਨ੍ਹਾਂ ਦੇ ਮਹਾਂ ਪੁਰਸ਼ਾਂ ਨਾਲੋਂ ਭਿੰਨਤਾ ਰੱਖਦੇ ਹਨ। ਪਰ, ਸਿੱਖ ਧਰਮ ਨੂੰ ਇਹ ਮਾਣ ਹਾਸਲ ਹੈ ਕਿ ਸਰਾ ਸਾਂਝਾ ਧਰਮ ਗ੍ਰੰਥ—ਸ੍ਰੀ ਗੁਰੂ ਗ੍ਰੰਥ ਸਾਹਿਬ ਜੀ—ਅਤੇ ਸਤਿਗੁਰੂ ਪੂਰਨ ਤੌਰ ਤੇ ਇਕ-ਮਿੱਕ ਅਥਵਾ ਇਕੋ ਹੀ ਜੋਤਿ ਹਨ। ਭਾਈ ਨੰਦ ਲਾਲ ਜੀ ਦੇ ਰਹਿਤਨਾਮੇ ਵਿਚ ਦਰਜ ਹੈ—

ਦੋਹਰਾ—ਤੀਨ ਰੂਪ ਹੈਂ ਮੋਹਿ ਕੇ ਸੁਨਹੁ ਨੰਦ ਚਿਤ ਲਾਇ ॥
ਨਿਰਗੁਣ ਸਰਗੁਣ ਗੁਰ ਸ਼ਬਦ ਕਹਉਂ ਤੋਹਿ ਸਮਝਾਇ ॥
ਅਥਵਾ—ਮੇਰਾ ਦੂਸਰ ਰੂਪ ਗ੍ਰੰਥ ਜੀ ਜਾਨ ॥ ਉਨ ਕੋ ਅੰਗ ਮੇਰੋ ਕਰ ਮਾਨ ॥
ਮੇਰਾ ਰੂਪ ਗ੍ਰੰਥ ਜੀ ਜਾਨ ॥ ਇਨ ਮੇਂ ਭੇਦ ਨਹੀਂ ਕਿਛ ਮਾਨ ॥

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਸਰੂਪ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰਮਤਿ ਦੇ ਮਹਾਨ ਵਿਆਖਿਆਕਾਰ ਭਾਈ ਗੁਰਦਾਸ ਜੀ ਪਾਸੋਂ ਤਿਆਰ ਕਰਵਾ ਕੇ ੧੬੬੧ ਬਿਕਰਮੀ ਭਾਦੋਂ ਸੁਦੀ ਏਕਮ ਵਾਲੇ ਦਿਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਵਿਖੇ ਪ੍ਰਕਾਸ਼ ਕਰਵਾਇਆ।

ਨਵੀਨ ਖੋਜ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਵਰਤਮਾਨ ਸਰੂਪ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਨੀ ਸਿੰਘ ਜੀ ਪਾਸੋਂ ਤਿਆਰ ਕਰਵਾਇਆ ਸੀ। ਇਸ ਤਰ੍ਹਾਂ ਜਦੋਂ ਸੰਨ ੧੭੦੮ ਈ: ਨੂੰ ਨੰਦੇੜ (ਦੱਖਣ) ਵਿਚ ਦਸਮੇਸ਼ ਪਿਤਾ ਜੀ ਦਾ ਬ੍ਰਹਮ ਵਿਚ ਸਦਾ ਲਈ ਅਭੇਦ ਹੋਣ ਦਾ ਸਮਾਂ ਆਇਆ ਤਾਂ ਗੁਰਦੇਵ ਜੀ ਨੇ ਦੇਹਧਾਰੀ ਗੁਰੂ ਦਾ ਸਿਲਸਿਲਾ ਸਦਾ-ਸਦਾ ਲਈ ਖ਼ਤਮ ਕਰ ਦਿੱਤਾ ਅਤੇ ਅੱਗੇ ਤੋਂ ਸਿੱਖਾਂ ਨੂੰ ਆਪਣੇ ਇਲਾਹੀ ਹੁਕਮ ਤੇ ਅਰਸ਼ੀ ਮਿੱਠੜੇ ਬੋਲਾਂ ਰਾਹੀਂ ਤਾਕੀਦ ਕੀਤੀ ਕਿ ਸਮੂਹ ਸਿੱਖ ਸੰਗਤਾਂ ਹੁਣ ਉਹਨਾਂ ਦੀ ਥਾਂ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਣ ਅਤੇ ਆਪ ਨੇ ਜੁਗੋ ਜੁਗ ਅਟੱਲ ਤਖਤ ਚਵਰ ਦੇ ਮਾਲਕ ਸਾਹਿਬ ਸ੍ਰੀ ਗੁਰੂ ਗ੍ਰੰਥ ਸ਼ਾਹਿਬ ਜੀ ਅੱਗੇ ਮਸਤਕ ਝੁਕਾ ਦਿੱਤਾ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਦਾ-ਸਦਾ ਲਈ ਸਿੱਖਾਂ ਨੂੰ "ਗੁਰੂ" ਹੋਣਾ ਨਿਸ਼ਚੇ ਕਰਵਾਇਆ।

ਇਹ ਇਕ ਪ੍ਰਮਾਣੀਕ ਇਤਿਹਾਸਕ ਵਾਕਿਆ ਹੈ, ਜਿਸਦੀ ਪੁਸ਼ਟੀ ਸਮਕਾਲੀ ਲਿਖਤਾਂ ਦੇ ਲੇਖਕਾਂ ਨੇ ਰੱਜ ਕੇ ਕੀਤੀ ਹੈ। ਭਾਈ ਨੰਦ ਲਾਲ ਜੀ, ਭਾਈ ਪ੍ਰਹਿਲਾਦ ਸਿੰਘ ਅਤੇ ਭਾਈ ਚੋਪਾ ਸਿੰਘ ਦੇ ਰਹਿਤਨਾਮਿਆਂ ਅਤੇ ਭਾਈ ਸੰਤ ਸਿੰਘ, ਭਾਈ ਕੋਇਰ ਸਿੰਘ ਤੇ ਗਿਆਨੀ ਗਿਆਨ ਸਿੰਘ ਆਦਿ ਦੇ ਗ੍ਰੰਥਾਂ ਵਿਚ ਇਸ ਦੇ ਸਬੂਤ ਮਿਲਦੇ ਹਨ।

ਦੀਵਾਨਾਂ ਵਿਚ ਨਿਤ ਗੁਰਸਿੱਖ ਅਰਦਾਸ ਉਪਰੰਤ ਇਹ ਦੋਹਰੇ ਪੜ੍ਹਦੇ ਹਨ—

ਆਗਿਆ ਭਈ ਅਕਾਲ ਕੀ ਤਬੈ ਚਲਾਇਓ ਪੰਥ ॥ ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ ॥
ਗੁਰੂ ਗ੍ਰੰਥ ਜੀ ਮਾਨਿਓ ਪ੍ਰਗਟ ਗੁਰਾਂ ਕੀ ਦੇਹ ॥ ਜੋ ਪ੍ਰਭ ਕੋ ਮਿਲਬੋ ਚਹੈ, ਖੋਜ ਸ਼ਬਦ ਮੇਂ ਲੇਹ ॥

ਪ੍ਰਸਿੱਧ ਇਤਿਹਾਸਕਾਰ ਡਾਕਟਰ ਗੰਡਾ ਸਿੰਘ ਜੀ ਇਕ ਥਾਂ ਲਿਖਦੇ ਹਨ ਕਿ ਗੁਰੂ ਸਾਹਿਬ ਦੇ ਜੋਤੀ ਜੋਤਿ


www.AKJ.Org

ਸਮਾਉਣ ਦੇ ਅੱਠ ਸਾਲ ਸੱਤ ਮਹੀਨੇ ਅੰਦਰ ਮਈ ੧੭੧੭ ਈ: ਨੂੰ ਕਵੀ ਸੋਹਣ ਸਿੰਘ ਨੇ "ਗੁਰ-ਬਿਲਾਸ" ਪਾਤਸ਼ਾਹੀ ਛੇਵੀਂ ਸ਼ੁਰੂ ਕੀਤਾ ਸੀ ਅਤੇ ਅਗਲੇ ਸਾਲ ੧੭੧੮ ਨੂੰ ਸਮਾਪਤ ਕੀਤਾ। ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ, ਆਪਣੇ ਵੇਲੇ ਮਾਨਤਾ ਅਤੇ ਗੁਰਿਆਈ ਮੰਨੀ ਜਾਂਦੀ ਹੋਣ ਸੰਬੰਧੀ ਚੌਥੇ ਅਧਿਆਇ ਵਿਚ ਕਵੀ ਸੋਹਨ ਸਿੰਘ ਜੀ ਲਿਖਦਾ ਹੈ :—

ਮਮ ਆਗਿਆ ਸਬ ਹੀ ਸੁਨੋ ਸਤਿ ਬਾਤ ਨਿਰਧਾਰਾ ॥ ਗ੍ਰੰਥ ਗੁਰੂ ਸਮ ਮਾਨਿਓ ਭੇਦ ਨਾ ਕੋਊ ਬੀਚਾਰਾ॥(੪੦੯)
ਗੁਰੂ ਗ੍ਰੰਥ ਕਲਯੁਗ ਭਯੋ ਸ੍ਰੀ ਗੁਰੂ ਰੂਪ ਸਮਾਨ ॥ ਦਸ ਪਾਤਸ਼ਾਹੀਆਂ ਰੂਪ ਇਹ ਗੁਰੂ ਗ੍ਰੰਥ ਜੀ ਜਾਨ ॥ (੪੧੨)
ਗੁਰੂ ਦਰਸ ਜਿਸ ਦੇਖਨਾ ਸ੍ਰੀ ਗ੍ਰੰਥ ਦਰਸਾਇ ॥ ਬਾਤ ਕਰਨਿ ਗੁਰੂ ਸੋ ਚਹੇ ਪੜ੍ਹੈ ਗ੍ਰੰਥ ਮਨ ਲਾਇ ॥ (੪੧੩)

ਉਪਰੋਕਤ ਇਤਿਹਾਸਕਾਰਾਂ ਤੋਂ ਇਲਾਵਾ ਜੋਨ ਮੈਲਕਮ, ਵਿਲੀਅਮ ਔਗਬਰਨ, ਕਨਿੰਘਮ, ਮੈਕਾਲਿਫ ਆਦਿ ਸਭ ਅੰਗਰੇਜ਼ ਇਤਿਹਾਸਕਾਰਾਂ ਨੇ ਵੀ ਇਸ ਗੱਲ ਦੀ ਗਵਾਹੀ ਭਰੀ ਹੈ ਕਿ ਗੁਰੂ ਦਸਮ ਪਾਤਸ਼ਾਹ ਜੀ ਨੇ "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ" ਨੂੰ ਹੀ ਗੁਰਿਆਈ ਬਖਸ਼ੀ ਹੈ, ਕਿਸੇ ਮਨੁੱਖ ਨੂੰ ਗੁਰੂ ਨਹੀਂ ਥਾਪਿਆ।

"ਸ਼ਬਦ ਗੁਰੂ" ਦਾ ਸਿਧਾਂਤ ਤਾਂ ਗੁਰੂ ਨਾਨਕ ਦੇਵ ਸਾਹਿਬ ਜੀ ਤੋਂ ਹੀ ਦ੍ਰਿੜ੍ਹ ਕਰਵਾਇਆ ਜਾ ਰਿਹਾ ਸੀ। ਇਸ ਗੱਲ ਦੀ ਪੁਸ਼ਟੀ 'ਸਿੱਧ ਗੋਸਟਿ" ਬਾਣੀ ਵਿਚੋਂ ਹੋ ਜਾਂਦੀ ਹੈ—

(ਪ੍ਰਸ਼ਨ) ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ ॥੪੩॥ (ਪੰਨਾ ੯੪੨)
(ਉੱਤਰ) ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥੪੪॥ (ਪੰਨਾ ੯੪੩)

ਗੁਰਬਾਣੀ ਦੇ ਹੇਠ ਲਿਖੇ ਫੁਰਮਾਨ ਵੀ ਵਾਚਣ ਯੋਗ ਹਨ—

(ੳ) ਸਬਦੁ ਗੁਰ ਪੀਰਾ, ਗਹਿਰ ਗੰਭੀਰਾ, ਬਿਨੁ ਸਬਦੈ ਜਗੁ ਬਉਰਾਨੰ ॥੮॥੧॥ (ਪੰਨਾ ੬੩੭)
(ਅ) ਸਤਿਗੁਰ ਬਚਨ, ਬਚਨ ਹੈ ਸਤਿਗੁਰ, ਪਾਧਰੁ ਮੁਕਤਿ ਜਨਾਵੈਗੋ ॥੫॥੩॥ (ਪੰਨਾ ੧੩੧੦)
(ੲ) ਗੁਰਬਾਣੀ ਇਸ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਇ ॥੧॥੨੨॥ (ਪੰਨਾ ੬੭)
(ਸ) ਬਾਣੀ ਗੁਰੂ, ਗੁਰੂ ਹੈ ਬਾਣੀ, ਵਿਚਿ ਬਾਣੀ ਅੰਮ੍ਰਿਤੁ ਸਾਰੇ ॥
ਗੁਰੁ ਬਾਣੀ ਕਹੈ, ਸੇਵਕੁ ਜਨੁ ਮਾਨੈ, ਪਰਤਖਿ ਗੁਰੂ ਨਿਸਤਾਰੇ ॥੫॥੪॥ (ਪੰਨਾ ੯੮੨)
(ਹ) ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ ॥੨॥੧੦॥ (ਪੰਨਾ ੬੪੬)

ਉਪਰੋਕਤ ਗੁਰ-ਕਥਨਾਂ ਤੋਂ ਸੂਰਜ ਵੱਤ ਸਪੱਸ਼ਟ ਹੋ ਜਾਂਦਾ ਹੈ ਕਿ "ਸ਼ਬਦ ਗੁਰੂ" ਦਾ ਸਿਧਾਂਤ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਹੀ ਸਿੱਖ ਧਰਮ ਵਿਚ ਦ੍ਰਿੜ੍ਹ ਕਰਵਾਇਆ ਜਾ ਰਿਹਾ ਹੈ।

ਭਾਈ ਗੁਰਦਾਸ ਜੀ ਨੇ ਵੀ ਵਾਰਾਂ ਵਿਚ ਇਉਂ ਕਥਨ ਕੀਤਾ ਹੈ—

ਗੁਰ ਮੂਰਤਿ ਗੁਰ ਸਬਦ ਹੈ, ਸਾਧ ਸੰਗਤਿ ਵਿਚਿ ਪ੍ਰਗਟੀਆਇਆ ॥ [ਵਾਰ ੨੪/੨੫
ਅਤੇ—ਗੁਰ ਮੂਰਤਿ ਗੁਰ ਸਬਦੁ ਹੈ, ਸਾਧ ਸੰਗਤਿ ਮਿਲਿ ਅੰਮ੍ਰਿਤ ਵੇਲਾ ॥ [ਵਾਰ ੨੪/੨੧

ਸੰਸਾਰ ਦਾ ਪ੍ਰਸਿੱਧ ਇਤਿਹਾਸਕਾਰ ਟੌਨਬੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਿਮਾ ਬਿਆਨਦਾ ਲਿਖਦਾ ਹੈ ਕਿ "ਸਿੱਖਾਂ ਦਾ ਇਹ ਧਰਮ ਗ੍ਰੰਥ ਦੂਜੇ ਧਰਮ ਗ੍ਰੰਥਾਂ ਦੀ ਤਰ੍ਹਾਂ ਨਿਰੋਲ ਗ੍ਰੰਥ ਹੀ ਨਹੀਂ, ਬਲਕਿ ਇਹ ਗੁਰੂ ਵੀ ਹਨ। ਮਾਨਵਤਾ ਦੇ ਸਰਬ ਸਾਂਝੇ ਆਤਮਿਕ ਖ਼ਜ਼ਾਨੇ ਦਾ ਵਿਰਸਾ ਹੈ। ਇਹ ਸਾਰੇ ਧਰਮ ਗ੍ਰੰਥਾਂ ਵਿਚੋਂ ਸਭ ਤੋਂ ਵੱਧ ਸਤਿਕਾਰਿਆ ਗ੍ਰੰਥ ਹੈ। ਸਿੱਖਾਂ ਲਈ ਆਪਣੇ ਇਸ ਪਵਿੱਤਰ ਧਰਮ ਗ੍ਰੰਥ ਦਾ ਰੁਤਬਾ, ਮੁਸਲਮਾਨਾਂ ਦੀ "ਕੁਰਾਨ ਮਜੀਦ" ਯਹੂਦੀਆਂ ਦੀ "ਤੌਰੇਤ" ਤੇ ਇਸਾਈਆਂ ਦੀ "ਬਾਈਬਲ" ਤੋਂ ਕਿਤੇ ਉੱਚਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਿੱਖਾਂ ਦੇ ਸਦੀਵੀ ਗੁਰੂ ਹਨ। ਇਸ ਵਿਚ ਸਾਰਵਿਕ ਸਚਿਆਈਆਂ ਹਨ, ਜੋ ਸਾਰੇ ਸਮਿਆਂ ਤੇ ਸੰਪ੍ਰਦਾਵਾਂ ਨਾਲ ਸੰਬੰਧਤ ਹਨ।"

ਨੋਬਲ ਪ੍ਰਾਈਜ਼ ਜੇਤੂ ਲੇਡੀ ਪਰਲ ਐਸ. ਬੱਕ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਾਨਤਾ ਦੱਸਦਿਆਂ ਕਿਹਾ ਹੈ ਕਿ "ਮੈਂ ਦੂਜੇ ਵੱਡੇ ਧਰਮਾਂ ਦੇ ਧਰਮ-ਗ੍ਰੰਥ ਪੜ੍ਹੇ ਹਨ, ਪਰ ਮੇਰੇ ਹਿਰਦੇ ਅਤੇ ਮਨ ਉੱਤੇ ਉਹਨਾਂ ਦਾ


www.AKJ.Org

ਉਹ ਪ੍ਰਭਾਵ ਨਹੀਂ ਪਿਆ, ਜਿਹੜਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਲਿਖਤਾਂ ਦਾ ਪਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਆਕਾਰ ਭਾਵੇਂ ਕਾਫ਼ੀ ਵੱਡਾ ਹੈ, ਪਰ ਇਸਦੀ ਵਿਚਾਰਧਾਰਾ ਬੱਝਵੀਂ ਹੈ, ਇਸ ਵਿਚ ਦਰਜ ਇਲਹਾਮੀ ਗਿਆਨ ਮਨੁੱਖੀ ਮਨ ਦੀ ਅਪਾਰ ਪਹੁੰਚ ਦਾ ਸਬੂਤ ਹੈ, ਜਿਸ ਵਿਚ ਰੱਬੀ ਸੰਕਲਪਾਂ ਬਾਰੇ ਸੂਖਮ ਵੀਚਾਰਾਂ ਤੋਂ ਲੈ ਕੇ ਮਨੁੱਖੀ ਸਰੀਰ ਦੀਆਂ ਲੋੜਾਂ ਦੀ ਪੂਰਤੀ ਤੱਕ ਪ੍ਰਵਾਨਗੀ ਪ੍ਰਾਪਤ ਹੈ।"

ਜਰਮਨ ਦਾ ਇਕ ਬੜਾ ਸੁਘੜ ਵਿਦਵਾਨ ਹੋਇਆ ਹੈ ਜਿਸਦਾ ਨਾਮ ਸੀ "ਟਰੰਪ"। ਇਨ੍ਹੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਜਿੱਥੇ ਮਹਾਨਤਾ ਬਿਆਨੀ ਹੈ, ਉੱਥੇ ਇਸ ਬਾਣੀ ਨੂੰ ਪੁਰਾਣੀਆਂ ਭਾਰਤੀ ਉਪ ਭਾਸ਼ਾਵਾਂ ਦਾ ਸੋਮਾ ਵੀ ਆਖਿਆ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ ਕਿਸੇ ਖ਼ਾਸ ਜਾਤ, ਵਰਣ, ਫਿਰਕੇ, ਨਸਲ ਜਾਂ ਕਿਸੇ ਅਮੀਰ, ਜਾਂ ਕਿਸੇ ਚਿੱਟੇ ਕਾਲੇ ਆਦਿ ਲੋਕਾਂ ਲਈ ਹੀ ਨਹੀਂ, ਸਗੋਂ ਇਹ ਅਰਸ਼ੀ ਸਿੱਖਿਆ ਸਮੁੱਚੀ ਲੋਕਾਈ ਲਈ ਹੈ। ਇਥੇ ਤਾਂ ਨਾਅਰਾ ਹੀ ਇਹ ਮਾਰਿਆ ਜਾਂਦਾ ਹੈ ਜੋ ਤ੍ਰੈ-ਕਾਲ ਸੱਚ ਹੈ—

ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ ॥੪॥੫੦॥ (ਪੰਨਾ ੭੪੮)

ਡਾ. ਰਾਧਾ ਕ੍ਰਿਸ਼ਨਨ, ਭਾਰਤ ਦੇ ਸਾਬਕਾ ਰਾਸ਼ਟਰਪਤੀ ਹੋਏ ਨੇ। ਉਹ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਾਨਤਾ ਬਿਆਨ ਕਰਨੋਂ ਨਾ ਰਹਿ ਸਕੇ। ਉਹਨਾਂ ਨੇ ਆਪਣੀ ਇਕ ਪੁਸਤਕ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਾਰੇ ਲਿਖਿਆ ਹੈ, "ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਸਤਿਨਾਮ ਦੀ ਧੁਨੀ ਨੂੰ ਜਿਸ ਸ਼ਰਧਾ ਤੇ ਵਦਨਾ ਨਾਲ ਗੜੂੰਦ ਕੇ ਗਾਵਿਆ ਗਿਆ ਹੈ, ਉਹਨਾਂ ਬੋਲਾਂ ਨੂੰ ਸਾਗਰਾਂ ਦੀਆਂ ਵਿੱਥਾਂ ਤੇ ਪਹਾੜਾਂ ਦੀਆਂ ਉਚਿਆਈਆਂ ਵੀ ਰਾਹ ਦੇਣੋਂ ਸੰਕੋਚ ਨਹੀਂ ਕਰਨਗੀਆਂ।

ਭਾਈ ਕਾਨ੍ਹ ਸਿੰਘ ਜੀ 'ਨਾਭਾ' ਨੇ "ਗੁਰਮਤਿ ਮਾਰਤੰਡ" ਗ੍ਰੰਥ ਵਿਚ ਸੰਤ ਨਿਹਾਲ ਸਿੰਘ ਦੀ ਲਿਖਤ ਦੇ ਕੁਝ ਬੰਦ ਲਿਖੇ ਨੇ, ਜਿਨ੍ਹਾਂ ਬੰਦਾਂ ਵਿਚ ਸੰਤ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਡਾਢੀ ਪ੍ਰੀਤੀ ਤੇ ਪ੍ਰੇਮ-ਖਿੱਚ ਨਾਲ ਮਹਾਨਤਾ ਬਿਆਨੀ ਹੈ, ਕਿਆ ਕਮਾਲ ਕੀਤੀ ਹੈ, ਪੜ੍ਹ ਕੇ ਵਿਸਮਾਦ ਦੀ ਅਵਸਥਾ ਆ ਜਾਂਦੀ ਹੈ—

ਆਨੰਦ ਕੋ ਘਰ ਹੈ ਕਿ ਅੰਮ੍ਰਿਤ ਕੋ ਸਰ ਹੈ, ਕਿ ਦੇਵਨ ਕੋ ਤਰੁ ਹੈ ਕਿ ਗਯਾਨ ਕੋ ਸਮਾਜ ਹੈ।
ਕਾਲ ਹੂੰ ਕੋ ਕਾਲ ਹੈ ਕਿ ਰੀਤਿ ਹੀ ਕੀ ਪਾਲ ਹੈ ਕਿ, ਭਾਰਤੀ ਕੋ ਮਾਲ ਹੈ ਕਿ ਭਵ ਕੋ ਜਹਾਜ ਹੈ।
ਵਿਦਯਾ ਕੋ ਸਿਧਾਂਤ ਹੈ ਕਿ ਧਾਰਯੋ ਰੂਪ ਸ਼ਾਂਤਿ ਹੈ, ਕਿ ਮੋਖਹੂੰ ਕੋ ਕਾਂਤਿ ਹੈ ਕਿ ਬ੍ਰਹਮ ਹੀ ਵਿਰਾਜ ਹੈ।
ਰਾਗਨ ਕੋ ਬਾਗ ਹੈ ਕਿ ਜੀਵਨ ਕੋ ਭਾਗ ਹੈ, ਕਿ, ਧਰਾ ਕੋ ਸੁਹਾਗ ਹੈ ਕਿ ਗ੍ਰੰਥ ਮਹਾਰਾਜ ਹੈ।
ਕਾਹੂ ਕੋ ਭਰੋਸੋ ਹੈ ਜਮੀਨ ਕੋ ਜਮਾਨੇ ਬੀਚ, ਕਾਹੂੰ ਕੋ ਭਰੋਸੋ ਜੋਰ ਚਾਕਰੀ ਜਹਾਜ਼ ਪੈ।
ਕਾਹੂ ਕੋ ਭਰੋਸੋ ਭਾਰੀ ਸ਼ਾਹ ਪਾਤਸ਼ਾਹ ਮੀਤ, ਕਾਹੂ ਕੋ ਭਰੋਸੋ ਹੈ ਕੁਟੰਬੀ ਕਰੈਂ ਕਾਜ ਪੈ।
ਕਾਹੂ ਕੋ ਭਰੋਸੋ ਦੇਵ ਬਾਨੀ ਅਰੁ ਪਾਰਸੀ ਕੋ, ਕਾਹੂੰ ਕੋ ਭਰੋਸੋ ਸੰਤਗੀਰੀ ਕੀ ਮਿਜਾਜ ਪੈ।
ਕਾਹੂੰ ਕੋ ਭਰੋਸੋ ਚਾਰੁ ਚਾਤਰੀ ਦਲਾਕੀ ਚੋਖ, ਮੋ ਕੋ ਤੋ ਭਰੋਸੋ ਏਕ ਗ੍ਰੰਥ ਮਹਾਰਾਜ ਪੈ।

ਸਤਿਗੁਰੂ ਜੀ ਨੇ ਮੁੰਦਾਵਣੀ" ਸਿਰਲੇਖ ਹੇਠ ਇਕ ਸ਼ਬਦ ਉਚਾਰਨ ਕੀਤਾ ਹੈ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖ਼ੀਰ ਤੇ ਦਰਜ ਹੈ। ਇਸ ਵਿਚ ਪੰਚਮ ਪਾਤਸ਼ਾਹ ਜੀ ਨੇ ਤਾਂ ਸੂਰਜ ਵੱਤ ਸਪੱਸ਼ਟ ਕਰ ਦਿੱਤਾ ਹੈ ਕਿ ਇਸ ਬਾਣੀ ਅੰਦਰ "ਅੰਮ੍ਰਿਤ-ਮਈ" ਭੋਜਨ ਹੈ, ਮਨੁੱਖਤਾ ਨੂੰ ਇਸ ਤੋਂ ਨਾ-ਮਿਟਣ ਵਾਲਾ ਸੰਤੋਖ ਪ੍ਰਾਪਤ ਹੋਵੇਗਾ। ਬਸ! ਲੋੜ ਇਸ ਗੱਲ ਦੀ ਹੈ ਕਿ ਕੋਈ ਖਾ ਕੇ ਪਚਾਵੇ ਤਾਂ ਸਹੀ। ਇਥੋਂ ਤਾਂ ਸੰਸਾਰੀ ਜੀਵਾਂ ਨੂੰ ਆਤਮਿਕ ਸ਼ਾਂਤੀ ਹਾਸਿਲ ਹੋਵੇਗੀ। ਇਸ ਆਤਮਿਕ ਨੂਰ ਦੀਆਂ ਰਿਸ਼ਮਾਂ ਦੁਆਰਾ ਸੰਸਾਰ ਵਿਚੋਂ ਅਗਿਆਨਤਾ ਦਾ ਹਨੇਰਾ ਦੂਰ ਹੋਵੇਗਾ। ਹਾਂ ਜੀ! ਮਨੁੱਖੀ ਹਿਰਦਿਆਂ ਉਪਰ ਜੋ ਅਗਿਆਨਤਾ ਦੇ ਮੰਡਪ ਛਾਏ ਹੋਏ ਨੇ, ਉਹਨਾਂ ਨੂੰ ਆਤਮਿਕ ਨੂਰ ਦੀਆਂ ਰਿਸ਼ਮਾਂ ਉਡਾਉਣ ਵਿਚ ਸਮਰਥ ਹੋਵਣਗੀਆਂ ਅਤੇ ਇਸ ਤਰ੍ਹਾਂ ਜੀਵਾਂ ਦਾ ਅਵੱਸ਼ ਕਲਿਆਣ ਹੋਵੇਗਾ—


www.AKJ.Org

ਮੁੰਦਾਵਣੀ ਮਹਲਾ ੫ ॥

ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ ॥
ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ ॥
ਜੇ ਕੋ ਖਾਵੈ, ਜੇ ਕੋ ਭੁੰਚੈ, ਤਿਸ ਕਾ ਹੋਇ ਉਧਾਰੋ ॥
ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿ ਧਾਰੋ ॥
ਤਮ ਸੰਸਾਰੁ ਚਰਣ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ ॥੧॥

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਰੱਬੀ ਏਕਤਾ ਦਾ ਖਿਆਲ ਬੜੇ ਜ਼ੋਰ ਨਾਲ ਦ੍ਰਿੜ੍ਹ ਕਰਵਾਇਆ ਗਿਆ ਹੈ। ਉਹ ਪਰਮਾਤਮਾ ਹਰ ਜਗ੍ਹਾ ਵਿਦਮਾਨ ਹੈ, ਸਰਬ-ਵਿਆਪਕ ਹੈ, ਭਰਪੂਰਿ ਲੀਣਾ ਹੈ—

ਸਾਹਿਬੁ ਮੇਰਾ ਏਕੋ ਹੈ ॥ ਏਕੋ ਹੈ ਭਾਈ ਏਕੋ ਹੈ ॥੧॥ਰਹਾਉ॥੫॥ (ਪੰਨਾ ੩੫੦)

ਪੰਚਮ ਪਾਤਸ਼ਾਹ ਜੀ ਦਾ ਸ੍ਰੀ ਸੁਖਮਨੀ ਸਾਹਿਬ ਵਿਚ ਅਰਸ਼ੀ ਬੋਲ ਹੈ :—

ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ ॥
ਨਾਨਕ ਤਿਸੁ ਬਲਿਹਾਰਣੈ ਜਲਿ ਥਲਿ ਮਹੀਅਲਿ ਸੋਇ ॥੧॥ ਸਲੋਕ॥੧੧॥ (ਪੰਨਾ ੨੭੬)

ਜਦੋਂ ਸਮੁੱਚੀ ਮਨੁੱਖ ਜਾਤੀ 'ਏਕੁ ਪਿਤਾ ਏਕਸ ਕੇ ਹਮ ਬਾਰਿਕ" ਦੇ ਮਹਾਂਵਾਕ ਅਨੁਸਾਰ ਇੱਕ ਪ੍ਰਭੂ ਪਿਤਾ ਦੀ ਸੰਤਾਨ ਹੈ, ਤਾਂ ਫਿਰ ਅੱਜ ਕਦਮ-ਕਦਮ ਤੇ, ਘਰ-ਘਰ ਵਿਚ, ਕੌਮਾਂ-ਕੌਮਾਂ ਵਿਚ, ਫਿਰਕਿਆਂ-ਫਿਰਕਿਆਂ ਵਿਚ, ਮਜ਼ਹਬਾਂ-ਮਜ਼ਹਬਾਂ ਵਿਚ, ਊਚ-ਨੀਚ, ਜ਼ਾਤ-ਪਾਤ, ਆਪਣੇ-ਬੇਗਾਨੇ, ਗੋਰੇ-ਕਾਲੇ, ਅਮੀਰ-ਗਰੀਬ ਅਤੇ ਮਾੜੇ ਚੰਗੇ ਆਦਿ ਦੇ ਵਿਤਕਰੇ, ਭਿੰਨ-ਭੇਦ ਤੇ ਪਾੜੇ ਕਿਉਂ ? ਜਦੋਂ ਕਿ ਗੁਰਬਾਣੀ ਕਹਿ ਰਹੀ ਹੈ ਕਿ :—

ਸਭੁ ਕੋ ਆਸੈ ਤੇਰੀ ਬੈਠਾ ॥ ਘਟ ਘਟ ਅੰਤਰਿ ਤੂੰ ਹੈ ਵੁਠਾ ॥
ਸਭੇ ਸਾਂਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥੩॥੯॥ (ਪੰਨਾ ੯੭)

ਗੁਰਬਾਣੀ ਵਿਚ ਜਿਥੇ ਨਾਮ-ਸਿਮਰਨ ਅਤੇ ਗੁਰੂ ਦੀ ਸੰਗਤ ਉਤੇ ਬਲ ਦਿੱਤਾ ਹੈ, ਉਥੇ ਦਸਾਂ ਨਹੁੰਆਂ ਦੀ ਕਿਰਤ ਕਮਾਈ ਕਰ ਕੇ ਵੰਡ ਛੱਕਣ ਦੇ ਸਿਧਾਂਤ ਉਤੇ ਵੀ ਪਹਿਰਾ ਦੇਣ ਲਈ ਪੂਰਨ ਤਾਕੀਦ ਕੀਤੀ ਗਈ ਹੈ—

ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ ॥੧॥੨੨॥ (ਪੰਨਾ ੧੨੪੫)

ਸੇਵਾ ਕਰਨ ਸੰਬੰਧੀ ਮਖ਼ਲੂਕ ਨੂੰ ਇਉਂ ਸੁਨੇਹਾ ਦਿੱਤਾ ਹੈ :—

ਸੇਵਾ ਕਰਤ ਹੋਇ ਨਿਹਕਾਮੀ ॥ ਤਿਸੁ ਕਉ ਹੋਤ ਪਰਾਪਤਿ ਸੁਆਮੀ ॥੨॥੧੮॥ (ਪੰਨਾ ੨੮੬)

ਅਤੇ ਗੁਰਬਾਣੀ ਵਿਚ ਜ਼ਿੰਦਗੀ ਦਾ ਸੱਚਾ ਸੁੱਚਾ ਮਾਰਗ ਇਹ ਦੱਸਿਆ ਹੈ:—

ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ ॥
ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ ॥੧॥੧੭॥ (ਪੰਨਾ ੫੨੨)

---

[੧੩ ਸਫ਼ੇ ਦੀ ਬਾਕੀ]

ਉਪਰਵਾਰ ਚੰਦੋਆ ਸਾਹਿਬ ਤੇ ਸ੍ਰੀ ਗੁਰੂ ਸਾਹਿਬ ਦੇ ਵਿਚਕਾਰ ਅਦੁੱਤੀ ਚਮਤਕਾਰ ਅਤੇ ਝਿਲਮਿਲਕਾਰ ਛਬੰਨੀ ਚੱਕ੍ਰਿਤ ਚਿਤਰਕਾਰੀ ਵਿਚ "ਵਾਹਿਗੁਰੂ" ਸ਼ਬਦ ਚਿਤਰਿਆ ਝਿਲਮਿਲ ਝਿਲਮਿਲ ਕਰੇ, ਜੋ ਆਸਰੇ ਬਿਹੂਣ ਹਵਾ ਵਿਚ ਮੁਅੱਲਕ ਟਿਕਿਆ ਲਹਿਰੇ ਮਾਰੇ। ਗੁਰਦੁਆਰੇ ਦੇ ਹਵਾਈ ਪੁਲਾੜ ਵਿੱਚ ਚਾਰ ਚੁਫੇਰੇ ਇਹ ਹੀ ਕੌਤਕ ਵਰਤ ਰਿਹਾ ਸਾਂਗੋ ਪਾਂਗ ਦਿਸੇ।" [ਜੇਲ੍ਹ ਚਿੱਠੀਆਂ—੧੯੮੭, ਪੰਨਾ ੫੨

ਕਰਮਸ਼ੀਲ ਗੁਰਸਿੱਖ, ਸਤਿਗੁਰੂ ਦੇ ਬਚਨਾਂ ਤੇ ਅਮਲ ਕਰਕੇ ਅਧਿਆਤਮਕ ਤਜਰਬਿਆਂ ਨੂੰ ਪਰਤੱਖ ਤੱਕਦਾ ਹੈ। ਭਾਈ ਸਾਹਿਬ ਜੀ ਦੇ ਜੀਵਨ ਦੀ ਇਹ ਘਟਨਾ ਦ੍ਰਿੜ੍ਹਾਉਂਦੀ ਹੈ ਕਿ ਅਕਾਲ ਪੁਰਖ ਦੀ ਅਕਾਲੀ ਜੋਤਿ ਗੁਪਤ ਰੂਪ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਿਰਾਜਮਾਨ ਹੈ। ਵਿਸ਼ਵਾਸ ਜੁੜਨ ਲਈ ਲਾਜ਼ਮੀ ਹੈ, ਉੱਦਮ ਕਰਨਾ ਗੁਰਸਿੱਖ ਦਾ ਫਰਜ਼ ਹੈ। ਜਿਸ ਨੂੰ ਸਤਿਗੁਰ ਆਪ ਦਿਖਾਏ ਉਹੀ ਦੇਖਣ ਦੇ ਯੋਗ ਹੁੰਦਾ ਹੈ।



www.AKJ.Org

# ਕੁਝ ਸੋਚੀਏ ਵਿਚਾਰੀਏ

[ਪ੍ਰੋਫ਼ੈਸਰ ਗੁਰਮੁਖ ਸਿੰਘ ਜੀ]

ਮੈਨੂੰ ਯਾਦ ਹੈ ਸੰਤ ਗੁਰਮੁਖ ਸਿੰਘ ਡੇਰਾ ਬਾਬਾ ਜੱਸਾ ਸਿੰਘ ਪਟਿਆਲਾ ਵਾਲੇ ਅਕਸਰ ਆਪਣੇ ਵਖਿਆਨ ਵਿਚ ਕਵੀਆਂ ਨੂੰ ਕਿਹਾ ਕਰਦੇ ਸਨ, "ਤੁਸੀਂ ਰੋਜ਼ ਆਪਣੀਆਂ ਕਵਿਤਾਵਾਂ ਵਿਚ ਕਦੀ ਗੁਰੂ ਨਾਨਕ ਸਾਹਿਬ ਨੂੰ, ਕਦੀ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਆਵਾਜ਼ਾਂ ਮਾਰਦੇ 'ਆ ਜਾ ਵੇ ਸੋਹਣੇ ਨਾਨਕ' ਆਦਿ। ਜੇ ਭਲਾ ਤੁਹਾਡੀਆਂ ਆਵਾਜ਼ਾਂ ਸੁਣ ਕੇ ਸੱਚੀ ਮੁੱਚੀ ਗੁਰੂ ਨਾਨਕ ਦੇਵ ਜੀ, ਗੁਰੂ ਗੋਬਿੰਦ ਸਿੰਘ ਜੀ ਧਰਤੀ ਉਤੇ ਤੁਹਾਡੀ ਪੁਕਾਰ ਸੁਣਨ ਲਈ ਦਰਸ਼ਨ ਆਣ ਬਖ਼ਸ਼ਣ, ਖਾਲਸਾ ਜੀ ਜ਼ਰਾ ਸੋਚੋ, ਤੁਸੀਂ ਉਹਨਾਂ ਨੂੰ ਸੰਗਤ ਵਿਚ ਬੈਠਣ ਲਈ ਕਿਹੜੀ ਥਾਂ ਦਿਓਗੇ? ਗੁਰ-ਗੱਦੀ ਦੇ ਵਾਰਸ ਜੁਗੋ ਜੁਗ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰ-ਗਦੀ ਸੌਂਪਣ ਮਗਰੋਂ ਉਹਨਾਂ ਪਾਸੋਂ ਵਾਪਸ ਨਹੀਂ ਲਈ ਜਾ ਸਕਦੀ। ਫਿਰ ਤਾਂ ਉਹ ਸੰਗਤ ਵਿਚ ਹੀ ਬੈਠਣਗੇ। ਐਵੇਂ ਉਹਨਾਂ ਨੂੰ ਆਵਾਜ਼ਾਂ ਮਾਰ ਕੇ ਸਦਣ ਦਾ ਕਮਲ ਨਾ ਕੁਟਿਆ ਕਰੋ, ਜਦ ਤੁਹਾਡੇ ਕੋਲ ਉਹਨਾਂ ਨੂੰ ਆਦਰ ਸਹਿਤ ਬਿਠਾਉਣ ਲਈ ਕੋਈ ਥਾਂ ਹੀ ਹੈ ਨਹੀਂ!"

ਸੰਤ ਜੀ ਆਪਣੇ ਸਮੇਂ ਦੇ ਬੜੇ ਸੁਚੇਤ ਅਤੇ ਸਿੰਘ ਸਭਾ ਲਹਿਰ ਦੇ ਮੋਢੀ ਪ੍ਰਚਾਰਕਾਂ ਵਿਚੋਂ ਸਨ। ਸੰਤ ਹੁੰਦੇ ਹੋਏ ਭੀ ਉਹ ਆਪਣੇ ਡੇਰੇਦਾਰਾਂ ਵਲੋਂ ਚਲਾਈ ਜਾ ਰਹੀ ਭਾਂਤ ਭਾਂਤ ਦੀ ਸਿੱਖੀ-ਸੇਵਕੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਰੀਕ ਬਣਨ ਦਾ ਤਾਅਨਾ ਮਾਰਦੇ ਰਹੇ। ਭਾਵੇਂ ਉਹਨਾਂ ਨੂੰ ਡੇਰਾ ਬਾਬਾ ਜੱਸਾ ਸਿੰਘ ਦਾ ਮੁੱਖੀ ਬਣਾਇਆ ਗਿਆ ਸੀ, ਪਰ ਉਹ ਸਾਰਾ ਡੇਰਾ ਉਹਨਾਂ ਪੰਥ ਦੀ ਅਮਾਨਤ ਸਮਝ ਕੇ ਗੁਰਮਤਿ ਕਾਲਜ ਪਟਿਆਲਾ ਨੂੰ ਸੌਂਪ ਦਿਤਾ। ਡੇਰੇ ਦਾ ਭੋਗ ਹੀ ਪਾ ਦਿਤਾ।

ਉਹਨਾਂ ਦੇ ਉਪਰੋਕਤ ਬਚਨਾਂ ਤੋਂ ਦੋ ਕੁ ਗੱਲਾਂ ਪਾਠਕਾਂ ਨਾਲ ਸਾਂਝੀਆਂ ਕਰਨਾ ਚਹੁੰਦਾ ਹਾਂ।

ਪਹਿਲੀ ਗੱਲ ਤਾਂ ਇਹ ਹੈ, ਸਿੱਖ ਕੌਮ ਅਜੇ ਆਪਣੇ 'ਬਾਲਪਣ' ਵਿਚੋਂ ਨਹੀਂ ਨਿਕਲੀ। ਸਤਿਗੁਰਾਂ ਨੇ ਆਪਣਾ ਸਰਗੁਣ ਸਰੂਪ ਤਿਆਗ ਕੇ ਨਿਰਗੁਣੀ ਸਰੂਪ (ਸ਼ਬਦ ਸਰੂਪ) ਧਾਰਨ ਕਰ ਲਿਆ। ਦੇਹ-ਧਾਰੀ ਸਰੂਪ ਕੁਦਰਤੀ ਨਿਯਮਾਂ ਅਨੁਸਾਰ ਬਿਨਸਨਹਾਰ ਹੈ, ਪਰ "ਇਕਿ ਸਾਧ ਬਚਨ ਅਟਲਾਧਾ" (੧੨੦੪) ਹੈ। ਇਸ ਲਈ ਸਿੱਖ ਨੂੰ ਦੇਹਧਾਰੀ ਗੁਰੂ ਦੀ ਥਾਂ ਸ਼ਬਦ-ਗੁਰੂ ਦੀ ਰਹਿਨੁਮਾਈ ਦਿੱਤੀ ਗਈ ਹੈ। ਜਿਹੜੇ ਸਿੱਖ ਦੇਹਧਾਰੀਆਂ ਪਾਸੋਂ ਨਾਮ, ਧਨ-ਧਾਮ, ਪੁਤਰ ਕਲੱਤਰ ਜਾਂ ਮਨ ਦੀਆਂ ਅਨੇਕ ਪ੍ਰਕਾਰੀ ਮੁਰਾਦਾਂ ਪਾਉਣਾ ਲੋਚਦੇ ਹਨ, ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਰੀਕਾਂ ਦੇ ਸਿੱਖ ਬਣਦੇ ਜਾ ਰਹੇ ਹਨ। ਕੀ ਉਹ ਗੁਰੂ ਕੇ ਸਿੱਖ ਅਖਵਾ ਸਕਦੇ ਹਨ?

ਦੂਜਾ ਪ੍ਰਸ਼ਨ ਡੂੰਘੀ ਵਿਚਾਰ ਮੰਗਦਾ ਹੈ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਅਸੀਂ ਚੌਰ ਤਖ਼ਤ ਦਾ ਮਾਲਕ ਸ਼ਬਦ ਅਵਤਾਰ, ਜੁਗੋ ਜੁਗ ਅਟੱਲ ਮੰਨਦੇ ਹਾਂ। ਆਪ ਜੀ ਦਾ ਦਰਬਾਰ ਸਜਾਉਂਦੇ ਹਾਂ। ਉਚੇ ਅਸਥਾਨ ਤੇ ਉਨ੍ਹਾਂ ਦਾ ਪ੍ਰਕਾਸ਼ ਕਰਦੇ ਹਾਂ। ਅਤੇ ਪ੍ਰਭਾਵ ਇਹ ਦਿੰਦੇ ਹਾਂ ਕਿ ਇਹ ਸੱਚੇ ਪਾਤਸ਼ਾਹ ਦਾ ਦਰਬਾਰ ਹੈ। ਪਰ ਕੀ ਇਸ ਦਰਬਾਰ ਦੀ ਮਾਣ ਮਰਯਾਦਾ ਵਲੋਂ ਭੀ ਕਦੇ ਧਿਆਨ ਦੇਂਦੇ ਹਾਂ? ਜਿਵੇਂ ਕਿ—

(੧) ਕਿਸੇ ਸੰਸਾਰੀ ਰਾਜੇ ਦੀ ਮਜਲਸ ਵਿਚ ਕੋਈ ਭੀ ਕਿਸੇ ਦੂਜੇ ਦਰਬਾਰੀ ਨਾਲ ਉਚਾ ਨੀਵਾਂ ਬੋਲਣ ਦੀ ਜੁਰਅਤ ਨਹੀਂ ਕਰਦਾ।

(੨) ਉਸਦੇ ਦਰਬਾਰ ਵਿਚ ਕੋਈ ਆਵੇ ਜਾਂ ਜਾਵੇ ਤਾਂ ਉਸਦਾ ਸਤਿਕਾਰ ਰਾਜੇ ਨਾਲੋਂ ਵੱਧ ਨਹੀਂ ਕੀਤਾ ਜਾ ਸਕਦਾ। ਉਸਦੇ ਆਉਣ ਤੇ ਕੋਈ ਖੜਾ ਨਹੀਂ ਹੁੰਦਾ ਤੇ ਉਸਦੇ ਜਾਣ ਤੇ ਉਸ ਨੂੰ ਗੇਟ ਤਕ ਕੋਈ ਵਿਦਾ ਕਰਨ ਨਹੀਂ ਜਾਂਦਾ, ਸਗੋਂ ਉਹ ਆ ਕੇ ਦਰਬਾਰ ਵਿਚ ਰਾਜੇ ਨੂੰ ਝੁਕ ਕੇ ਸਲਾਮ ਕਰਦਾ ਤੇ ਨਿਸਚਿਤ ਅਸਥਾਨ ਤੇ ਬੈਠ ਜਾਂਦਾ ਹੈ।

(੩) ਸੰਸਾਰੀ ਬਾਦਸ਼ਾਹ ਦੀ ਮਜਲਿਸ ਵਿਚ ਕੋਈ ਦਰਬਾਰੀ ਦੂਜੇ ਕਿਸੇ ਦਰਬਾਰੀ ਨੂੰ ਨਜ਼ਰਾਨਾ ਭੇਟ ਨਹੀਂ

www.AKJ.Org

ਕਰ ਸਕਦਾ, ਨਜ਼ਰਾਨਾ ਕੇਵਲ ਰਾਜੇ ਨੂੰ ਭੇਟਾ ਕੀਤਾ ਜਾਂਦਾ ਹੈ। ਅਗੋਂ ਰਾਜਾ ਖ਼ੁਸ਼ ਹੋ ਕੇ ਉਸ ਦਰਬਾਰੀ ਦਾ ਸਨਮਾਨ ਕਰਨ ਲਈ ਉਸ ਨੂੰ ਸਿਰੋਪਾਉ ਦਿੰਦਾ ਹੈ।

ਹੁਣ ਸੱਚੇ ਪਾਤਸ਼ਾਹ ਦੇ ਪਵਿੱਤਰ ਦਰਬਾਰ ਦੀ ਮਾਣ-ਮਰਯਾਦਾ ਬਾਰੇ ਵੀ ਜ਼ਰਾ ਸੋਚੀਏ। ਇਹ ਦਰਬਾਰ ਕਿਸੇ ਸੰਸਾਰੀ ਰਾਜੇ ਦਾ ਨਹੀਂ, ਸਗੋਂ ਇਹ ਦੋ ਜਹਾਨ ਦੇ ਮਾਲਕ ਸੱਚੇ ਪਾਤਸ਼ਾਹ ਦਾ ਇਲਾਹੀ ਦਰਬਾਰ ਹੈ। ਇਥੇ ਰੂਹਾਂ ਦੇ ਮੇਲ-ਮਿਲਾਪ ਹੁੰਦੇ ਹਨ। ਪਰ ਕਈ ਵਾਰੀ ਬਦ-ਰੂਹਾਂ ਭੀ ਇਸ ਦਰਬਾਰ ਵਿਚ ਆ ਜਾਂਦੀਆਂ ਹਨ, ਜਿਨ੍ਹਾਂ ਦੀ ਸੁਰਤੀ-ਬਿਰਤੀ ਅਜੇ ਸੰਸਾਰ-ਮੁਖੀ ਹੁੰਦੀ ਹੈ। ਉਹ ਚਵਰ ਤਖ਼ਤ ਤੇ ਬਿਰਾਜਮਾਨ ਜੋਤਿ ਸਰੂਪ ਦੀ ਹਜ਼ੂਰੀ ਦਾ ਅਹਿਸਾਸ ਨਾ ਕਰਦੇ ਹੋਏ ਜੋ ਹਰਕਤਾਂ ਕਰਦੇ ਹਨ, ਉਸਦਾ ਪ੍ਰਭਾਵ ਬਾਕੀ ਦੇ ਸਤਸੰਗੀਆਂ ਤੇ ਭੀ ਮਾੜਾ ਪੈਂਦਾ ਹੈ।

(ੳ) ਕਈ ਵਾਰੀ ਉਹ ਸੰਗਤ ਵਿਚ ਬੈਠੇ ਬੈਠੇ ਦੂਜੇ ਸਤਸੰਗੀਆਂ ਨੂੰ ਬੋਲ-ਕੁਬੋਲ ਕਰਦਾ ਹੈ ਅਤੇ ਕਈ ਵਾਰੀ ਪੱਗ ਲਹਾਉਣ ਤਕ ਜਾਂਦਾ ਹੈ। ਕੀ ਇਹ ਸੱਚੇ ਦਰਬਾਰ ਦੀ ਤੌਹੀਨ ਨਹੀਂ ?

(ਅ) ਦੀਵਾਨ ਸਜਿਆ ਹੁੰਦਾ ਹੈ। ਕੀਰਤਨ ਹੋ ਰਿਹਾ ਹੁੰਦਾ ਹੈ। ਅਚਾਨਕ ਕੋਈ ਸੰਸਾਰੀ ਤੌਰ ਤੇ ਵੱਡਾ "ਲੀਡਰ" ਗੁਰੂ ਦਰਬਾਰ ਵਿਚ ਆਉਂਦਾ ਹੈ। ਕੁਝ ਲੋਕ ਉਸ ਦਾ ਸੁਆਗਤ ਕਰਨ ਲਈ ਗੇਟ ਤੇ ਖੜੇ ਕੀਤੇ ਜਾਂਦੇ ਹਨ। ਉਹ ਉਸਨੂੰ ਲਿਆਉਂਦੇ ਹਨ ਅਤੇ ਕਈ ਸਤਸੰਗੀਆਂ ਨੂੰ ਪਿਛੇ ਹਟਾ ਕੇ ਅਗਲੀ ਕਤਾਰ ਵਿਚ ਬਿਠਾ ਦਿੰਦੇ ਹਨ। ਫੂਲਾਂ ਦੇ ਹਾਰਾਂ ਨਾਲ ਤਾਂ ਉਹ ਪਹਿਲਾਂ ਹੀ ਲਦਿਆ ਹੁੰਦਾ ਹੈ। ਸੱਚੇ ਪਾਤਸ਼ਾਹ ਦੀ ਹਜ਼ੂਰੀ ਵਿਚ ਉਸ ਨੂੰ "ਕੁਝ ਬਣ ਕੇ ਬੈਠਣ" ਲਈ ਹਰ ਤਰ੍ਹਾਂ ਉਤਸ਼ਾਹਤ ਕੀਤਾ ਜਾਂਦਾ ਹੈ। ਕੀ ਇੰਜ ਕਰ ਕੇ ਅਸੀਂ ਇਕ ਪਾਸੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਾਣ ਮਰਯਾਦਾ ਵਿਚ ਫਰਕ ਨਹੀਂ ਪਾ ਰਹੇ ਹੁੰਦੇ ? ਅਤੇ ਦੂਜੇ ਬੰਨੇ ਕੀ ਉਸ 'ਲੀਡਰ' ਨੂੰ ਹਉਮੈ ਦੇ ਪੁੱਠੇ ਪਾ ਕੇ ਉਸਦਾ ਸਤਿਆਨਾਸ ਨਹੀਂ ਕਰ ਰਹੇ ਹੁੰਦੇ ?

(ੲ) ਤੀਜਾ ਸਵਾਲ ਇਹ ਹੈ ਕਿ ਨਜ਼ਰਾਨੇ ਕੇਵਲ ਬਾਦਸ਼ਾਹ ਨੂੰ ਭੇਟ ਕੀਤੇ ਜਾ ਸਕਦੇ ਹਨ। ਗੁਰੂ ਘਰ ਵਿਚ ਮੱਥਾ ਟੇਕਣ ਸਮੇਂ ਨਜ਼ਰਾਨਾ ਅੱਜ ਕਲ੍ਹ ਸੀਲਡ-ਗੋਲਕਾਂ ਵਿਚ ਪੈਂਦਾ ਹੈ। ਪਰ ਦੇਖਣ ਵਿਚ ਆਇਆ ਹੈ, ਗੁਰੂ ਮਹਾਰਾਜ ਨੂੰ ਤਾਂ ਇਕ ਦਮੜਾ ਨਜ਼ਰਾਨਾ ਭੇਟਾ ਕੀਤਾ ਜਾਂਦਾ ਹੈ ਜਦ ਕਿ ਗੁਰੂ ਦਰਬਾਰ ਵਿਚ ਕੀਰਤਨ ਕਰ ਰਹੇ ਰਾਗੀਆਂ ਨੂੰ ਪੰਜ, ਦਸ ਜਾਂ ਪੰਜਾਹ ਤੋਂ ਵੀ ਵਧ ਰੁਪਿਆਂ ਤਕ ਨਜ਼ਰਾਨੇ ਵਜੋਂ—ਕੀਰਤਨ-ਭੇਟ ਗਰਦਾਨੇ ਜਾਂਦੇ ਹਨ। ਕੀ ਅਸੀਂ ਇੰਜ 'ਕੀਰਤਨ-ਭੇਟ' ਦੀ ਗਲਤ ਪਿਰਤ ਨਹੀਂ ਪਾ ਰਹੇ ? ਜਿਤਨਾ ਵੱਡਾ ਉੱਘਾ ਰਾਗੀ ਉਤਨੇ ਜ਼ਿਆਦਾ ਰੁਪਏ। ਦੂਜੇ ਪਾਸੇ ਗੁਰੂ ਦਰਬਾਰ ਵਿਚ ਜਣਾ-ਖਣਾ ਉਠ ਕੇ ਆਪਣੀ ਨੁਮਾਇਸ਼ ਲਈ ਰਾਗੀ ਜਥੇ ਨੂੰ ਵੱਧ ਤੋਂ ਵੱਧ ਦੇਣ ਦਾ ਜਤਨ ਕਰਦਾ ਹੈ। ਗੁਰੂ ਦਰਬਾਰ ਨੂੰ ਅਸੀਂ ਆਪਣੀ ਨੁਮਾਇਸ਼ ਦਾ ਵਸੀਲਾ ਬਣਾਉਣ ਦੇ ਭਾਗੀ ਬਣ ਰਹੇ ਹਾਂ।

ਸੋਚਣ ਵਾਲੀ ਗੱਲ ਇਹੋ ਹੈ ਕਿ ਗੁਰੂ-ਦਰਬਾਰ ਵਿਚ ਨਜ਼ਰਾਨਾ ਜਾਂ ਭੇਟਾ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੋਣਾ ਚਾਹੀਦਾ ਹੈ। ਗੁਰੂ ਦਰਬਾਰ ਵਿਚੋਂ ਗੁਰੂ ਕੇ ਢਾਡੀਆਂ ਨੂੰ ਮਾਨ ਸਨਮਾਨ ਵਜੋਂ ਪ੍ਰਬੰਧਕ ਹੀ ਕੁਝ ਦੇ ਦਿਆ ਕਰਨ, ਇਹੋ ਇਕੋ ਇਕ ਸੁਚੱਜਾ ਤਰੀਕਾ ਹੈ।

## ਭੇਖ ਕੇ ਕੀਨੇ ਅਲੇਖ ਨ ਪੈ ਹੈ

ਕਾਹੇ ਕਉ ਡਿੰਭ ਕਰੈਂ ਮਨ ਮੂਰਖ ਡਿੰਭ ਕਰੈ ਅਪਨੀ ਪਤਿ ਖਵੈ ਹੈ ॥
ਕਾਹੇ ਕੋ ਲੋਗ ਠਗੇ ਠਗ ਲੋਗਨਿ ਲੋਕ ਗਯੋ ਪਰਲੋਕ ਗਵੈ ਹੈ ॥
ਦੀਨ ਦਿਆਲ ਕੀ ਠੌਰ ਜਹਾਂ ਤਿਹ ਠੌਰ ਬਿਖੈ ਤੁਹਿ ਠੌਰ ਨ ਐ ਹੈ ॥
ਚੇਤ ਰੇ ਚੇਤ ਅਚੇਤ ਮਹਾ ਜੜ ਭੇਖ ਕੇ ਕੀਨੇ ਅਲੇਖ ਨ ਪੈ ਹੈ ॥੧੯॥

[ਤੇਤੀ ਸਵੱਯੇ ਪਾ: ੧੦


www.AKJ.Org

# ਅੰਮ੍ਰਿਤਸਰ ਦਾ ਸੰਦੇਸ਼

ਗੁਰ -ਚਰਨਾਂ ਦੀ ਛੁਹ ਅਤੇ ਰੱਬੀ ਬਾਣੀ ਦੇ ਅਗੰਮੀ ਨਾਦ ਦੇ ਤੁਫ਼ੈਲ ਮੇਰੀ ਹਿੱਕ ਚੋਂ ਅੰਮ੍ਰਿਤ ਦਾ ਚਸ਼ਮਾ ਫੁਟ ਨਿਕਲਿਆ। ਗੁਰੂ-ਪਿਤਾ ਜੀ ਨੇ ਵੱਖ ਵੱਖ ਜਾਤੀਆਂ ਚੇ ਵੱਖ ਵੱਖ ਕਿੱਤੇ ਕਰਨ ਵਾਲਿਆਂ ਨੂੰ ਏਥੇ ਲਿਆ ਵਸਾਇਆ ਤੇ ਇਸ ਤਰ੍ਹਾਂ ਮਨੁੱਖੀ ਸਾਂਝੀਵਾਲਤਾ ਦਾ ਮੁੱਢ ਬੱਧਾ। ਅਰੰਭ ਵਿਚ ਕੋਈ ਮੈਨੂੰ 'ਰਾਮਦਾਸਪੁਰ' ਤੇ ਕੋਈ 'ਗੁਰੂ ਕਾ ਚੱਕ' ਦਾ ਨਾਮ ਦੇਂਦਾ, ਪਰ ਜਦੋਂ ਮੇਰੀ ਹਿੱਕ ਤੇ ਫੁੱਟੇ ਅੰਮ੍ਰਿਤ-ਚਸ਼ਮੇ ਨੂੰ ਅੰਮ੍ਰਿਤ-ਸਰੋਵਰ ਬਣਾ ਦਿਤਾ ਗਿਆ ਤਦੋਂ ਤੋਂ ਮੈਂ ਅੰਮ੍ਰਿਤਸਰ ਦੇ ਨਾਂ ਨਾਲ ਪ੍ਰਸਿੱਧ ਹੋ ਗਿਆ।

ਅੰਮ੍ਰਿਤ-ਬਾਣੀ ਦਾ ਨਿਰੰਤਰ ਪ੍ਰਵਾਹ ਚਾਲੂ ਰਖਣ ਲਈ ਅੰਮ੍ਰਿਤ-ਸਰੋਵਰ ਦੇ ਵਿਚਕਾਰ ਸਚ-ਖੰਡ 'ਹਰਿ-ਮੰਦਰ' ਦੀ ਉਸਾਰੀ ਕਰਵਾ ਦਿਤੀ ਗਈ। ਚਹੁੰ ਵਰਨਾਂ ਲਈ 'ਹਰਿ-ਮੰਦਰ' ਦੇ ਚਾਰ ਦਰਵਾਜ਼ੇ ਚਹੁੰ ਪਾਸੀਂ ਰਖੇ ਗਏ ਤੇ ਇਸ ਧਰਮ-ਮੰਦਰ ਦੀ ਨੀਂਹ ਇਸਲਾਮ ਧਰਮ ਨਾਲ ਸੰਬੰਧਤ ਆਤਮ-ਵਿਗਾਸ ਵਾਲੇ ਮਨੁੱਖ ਹਜ਼ਰਤ ਸਾਈਂ ਮੀਆਂ ਮੀਰ ਤੋਂ ਰਖਵਾ ਕੇ ਧਰਮ ਦੀ ਰਵਾਦਾਰੀ ਦੇ ਇਤਿਹਾਸ ਵਿਚ ਵਿਲੱਖਣ ਪੂਰਨਾ ਪਾਇਆ ਗਿਆ।

ਵਿਸ਼ਵ ਸੰਸਾਰ ਤੇ ਮਹਾਂ-ਕਾਲ ਦੇ ਹਲੇਮੀ ਰਾਜ, ਜਿਸ ਵਿਚ ਸਭ ਸੁਖੀ ਵਸਣ, ਦੇ ਸੰਕਲਪ ਨੂੰ ਸਾਕਾਰ ਕਰਨ ਲਈ 'ਹਰਿ-ਮੰਦਰ' ਦੇ ਬਿਲਕੁਲ ਸਾਮ੍ਹਣੇ ਸ੍ਰੀ ਅਕਾਲ ਤਖਤ ਦੀ ਉਸਾਰੀ ਕਰ ਕੇ ਗੁਰੂ-ਪਿਤਾ ਜੀ ਨੇ ਮੇਰੀ ਸ਼ੋਭਾ-ਸ਼ਕਤੀ ਨੂੰ ਚਾਰ ਚੰਨ ਲਾ ਦਿਤੇ।

ਮਨੁੱਖਤਾ ਦੇ ਦੋਖੀਆਂ ਨੇ ਵੱਖਰੇ ਵੱਖਰੇ ਰੂਪਾਂ ਵਿਚ ਮੇਰੇ ਅੰਮ੍ਰਿਤ-ਜਲ ਵਿਚ ਜ਼ਹਿਰ ਘੋਲਣ ਦੇ ਯਤਨ ਬਾਰ ਬਾਰ ਕੀਤੇ। ਕਿਸੇ ਨੇ ਅੰਮ੍ਰਿਤ-ਸਰੋਵਰ ਪੂਰ ਦਿਤਾ, ਕਿਸੇ ਨੇ ਮੇਰੀ ਗੋਦੀ ਵਿਚ ਖੇਡਦੇ ਮੇਰੇ ਲਾਡਲੇ ਪੁੱਤਰਾਂ ਨੂੰ ਜਲ੍ਹਿਆਂ ਵਾਲੇ ਬਾਗ਼ ਅਤੇ ਗੁਰੂ ਕੇ ਬਾਗ਼ ਵਿਚ ਗੋਲੀਆਂ ਨਾਲ ਭੁੰਨਿਆ, ਗੌਰਵ ਨਾਲ ਮੇਰਾ ਸਿਰ ਉੱਚਾ ਹੈ ਕਿ ਮੇਰੇ ਪੁੱਤਰਾਂ ਨੇ ਹੱਸ ਹੱਸ ਸ਼ਹੀਦੀਆਂ ਦਿਤੀਆਂ, ਮੈਂ ਜ਼ੁਲਮ ਦੇ ਟਾਕਰੇ ਦਾ ਜੀਊਂਦਾ ਜਾਗਦਾ ਇਤਿਹਾਸ ਹਾਂ। ੧੯੭੮ ਦੀ ਵੈਸਾਖੀ ਦਾ ਖ਼ੂਨੀ ਸਾਕਾ ਮੇਰੀ ਹਿੱਕ ਤੇ ਉਕਰਿਆ ਪਿਐ। ੧੯੮੪ ਦਾ ਨੀਲਾ ਤਾਰਾ ਓਪ੍ਰੇਸ਼ਨ ਮੇਰੇ ਅੰਮ੍ਰਿਤ-ਸਰੋਵਰ ਦੀਆਂ ਲਹਿਰਾਂ ਦੇ ਵਲ੍ਹੇਟ ਵਿਚੋਂ ਕਦੀ ਵੀ ਪੜ੍ਹਿਆ ਜਾ ਸਕਦੈ। ਮਨੁੱਖੀ ਬਰਾਬਰੀ ਤੇ ਅਜ਼ਾਦੀ ਦੇ ਅਲੰਬਰਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਬਿਲਡਿੰਗ ਨੂੰ ਤੋਪਾਂ ਨਾਲ ਜ਼ਖ਼ਮੀ ਕੀਤਾ ਗਿਆ। ਕੋਈ ਦੋਖੀ ਲਖ ਝਖ ਮਾਰੇ, ਸ੍ਰੀ ਅਕਾਲ ਤਖ਼ਤ ਦਾ ਕੱਖ ਨਹੀਂ ਵਿਗਾੜ ਸਕਦਾ। ਸੱਚ ਪੁਛੋ ਤਾਂ ਮੈਨੂੰ ਬਿਗਾਨਿਆਂ ਨਾਲੋਂ ਵਧ ਆਪਣਿਆਂ ਤੇ ਵਡਾ ਹਿਰਖ ਹੈ ਜਿਹੜੇ ਇਸ ਮਹੱਤਵ-ਪੂਰਨ ਸੰਸਥਾ ਨੂੰ ਨਿਜੀ ਸਵਾਰਥ ਅਧੀਨ ਢਾਹ ਲਾ ਰਹੇ ਹਨ।

ਸਾਰੇ ਘਲੂਘਾਰਿਆਂ ਦੇ ਬਾਵਜੂਦ ਮੈਂ ਗੁਰੂ ਆਸਰੇ ਘੁੱਗ ਵਸਦਾ ਅੰਤਰ-ਰਾਸ਼ਟਰੀ ਮਹੱਤਤਾ ਵਾਲਾ ਪਵਿੱਤਰ ਸ਼ਹਿਰ ਹਾਂ। ਮੇਰੀ ਪਵਿਤਰਤਾ ਗੁਰੂ-ਚਰਨਾਂ ਦੀ ਛੁਹ ਅਤੇ ਅੰਮ੍ਰਿਤ-ਬਾਣੀ ਦੇ ਪ੍ਰਵਾਹ ਸਦਕੇ ਹੈ। ਇਹ ਕਿਸੇ ਸਰਕਾਰੀ ਐਲਾਨ ਦੀ ਮੁਥਾਜ ਨਹੀਂ। ਮੇਰੀ ਗੋਦ ਵਿਚ ਖੇਡਣ ਵਾਲੇ ਪੁਤਰੋ! ਤੁਸੀਂ ਖ਼ੁਦ ਆਪਣੇ ਭਲੇ ਲਈ ਪਵਿੱਤਰਤਾ ਦੇ ਭੇਤ ਨੂੰ ਸਮਝੋ। ਸ਼ਰਾਬ, ਕਬਾਬ ਤੇ ਤਮਾਕੂ; ਇਹ ਸਾਰੇ ਐਬ ਨੇ, ਇਹਨਾਂ ਨੂੰ ਤਿਆਗ ਛਡੋ। ਮੇਰੀ ਕੁੱਖ ਦੇ ਜਾਏ, ਮੇਰੀ ਗੋਦ ਵਿਚ ਖੇਡਣ ਵਾਲੇ ਸਿਖ, ਹਿੰਦੂ, ਮੁਸਲਿਮ, ਇਸਾਈ, ਅਮੀਰ ਗਰੀਬ, ਵਡੇ ਛੋਟੇ, ਸਾਰੇ ਮੇਰੇ ਲਾਡਲੇ ਬੱਚੇ ਮੇਰੇ ਪਿੰਡੇ ਦਾ ਸ਼ਿੰਗਾਰ ਹਨ, ਸਰਬੱਤ ਦਾ ਭਲਾ ਚਿਤਵੋ!! ਸਾਰੀ ਮਨੁੱਖਤਾ ਨੂੰ ਆਪਣੇ ਪਿਆਰ-ਕਲਾਵੇ ਵਿਚ ਲਓ!!! ਧੜੇ ਤੇ ਪਾਰਟੀ-ਬਾਜ਼ੀਆਂ ਛਡ ਕੇ ਇਕ ਹੋ ਜਾਓ!!!! ਮੇਰੇ ਪਿੰਡੇ ਤੇ ਵਹਿੰਦੇ ਸਰੋਵਰਾਂ ਦਾ ਸੁਨੇਹਾ ਸੁਣੋ, ਉਹ ਤੁਹਾਨੂੰ ਵਿਆਪਕ-ਰਾਮ ਦੇ ਬਣ ਕੇ ਕੰਵਲ ਵਾਂਗ ਨਿਰਲੇਪ, ਬਿਬੇਕ-ਸ਼ੀਲ ਅਤੇ ਸੰਤੋਖੀ ਹੋਣ ਦੀ ਨਿਰੰਤਰ ਪ੍ਰੇਰਨਾ ਦੇ ਰਹੇ ਹਨ।

ਪਾਵਨ ਹਰਿਮੰਦਰ ਵਿਚ ਹੁੰਦਾ ਅਖੰਡ ਕੀਰਤਨ-ਪ੍ਰਵਾਹ ਵਿਸ਼ਵ-ਸੰਸਾਰ ਨੂੰ ਅਖੰਡ ਕੀਰਤਨ ਨਾਲ ਜੋੜ ਕੇ ਜਗਤ-ਉਧਾਰ ਦਾ ਬਾਨ੍ਹਣੂ ਬੰਨ੍ਹ ਰਿਹਾ ਹੈ। ਗੁਰਬਾਣੀ ਦੇ ਅਖੰਡ ਕੀਰਤਨ ਵਿਚ ਹੀ ਜੀਵਨ-ਮੁਕਤੀ ਦਾ ਭੇਤ ਲੁਕਿਆ ਪਿਆ ਹੈ।

ਸਹੀ/ (ਰਾਮ ਸਿੰਘ) ਜਥੇਦਾਰ ਅਖੰਡ ਕੀਰਤਨੀ ਜਥਾ, ਅੰਤਰ-ਰਾਸ਼ਟਰੀ [ਅਜੀਤ, ੧੨.੮.੯੩]

www.AKJ.Org

# ਗੁਰੂ ਗੋਬਿੰਦ ਸਿੰਘ ਜੀ ਨੂੰ ਤਲਵਾਰ ਕਿਉਂ ਚੁਕਣੀ ਪਈ ?

[ਪ੍ਰਿੰਸੀਪਲ ਕੁਲਦੀਪ ਸਿੰਘ ਜੀ ਹਉਰਾ, 162-ਹਾਉਸਿੰਗ ਬੋਰਡ ਕਲੋਨੀ, ਅੰਮ੍ਰਿਤਸਰ]

ਗੁਰੂ ਗੋਬਿੰਦ ਸਿੰਘ ਜੀ ਨੇ ਜਿੰਨੇ ਯੁਧ ਲੜੇ, ਭਾਵੇਂ ਉਹ ਮੁਗ਼ਲਾਂ ਵਿਰੁੱਧ ਸਨ, ਭਾਵੇਂ ਪਹਾੜੀ ਰਾਜਿਆਂ ਵਿਰੁੱਧ, ਤੇ ਭਾਵੇਂ ਦੋਹਾਂ ਧਿਰਾਂ ਦੀਆਂ ਸੰਮਿਲਤ ਫ਼ੌਜਾਂ ਨਾਲ, ਉਹ ਕੇਵਲ ਉਨ੍ਹਾਂ ਦੇ ਗਲੇ ਠੋਸੇ ਗਏ ਸਨ। ਉਹਨਾਂ ਦਾ ਮੰਤਵ ਖ਼ੂਨ ਖ਼ਰਾਬਾ ਕਰਨਾ, ਅਕਾਰਥ ਲੋਕਾਂ ਦੀਆਂ ਜਾਨਾਂ ਗੁਆਉਣਾ ਤੇ ਸ਼ਾਂਤੀ ਭੰਗ ਕਰਨਾ ਨਹੀਂ ਸੀ। ਉਹਨਾਂ ਦੇ ਸਾਹਮਣੇ ਨਿਸ਼ਾਨਾ ਸਵੈਮਾਣ ਨਾਲ ਜੀਉਣ ਦਾ ਸੀ। ਉਹ ਚਾਹੁੰਦੇ ਸਨ ਕਿ ਆਪਣੇ ਦੇਸ਼-ਵਾਸੀਆਂ ਦੇ ਦਿਲਾਂ ਵਿਚ ਇਹ ਜਜ਼ਬਾ ਪੈਦਾ ਕਰ ਦੇਣ ਕਿ ਮਨੁੱਖ, ਮਨੁੱਖਤਾ ਦੇ ਨਾਤੇ ਸਭ ਬਰਾਬਰ ਹਨ। ਕੋਈ ਵੱਡਾ ਛੋਟਾ ਨਹੀਂ ਤੇ ਹਰ ਮਨੁੱਖ ਨੂੰ ਸਿਰ ਉੱਚਾ ਕਰ ਕੇ ਜੀਊਣ ਦਾ ਅਧਿਕਾਰ ਹੈ।

ਉਹਨਾਂ ਮਹਿਸੂਸ ਕੀਤਾ ਕਿ ਹਿੰਦੂ ਪਹਾੜੀ ਰਾਜਿਆਂ ਕੋਲ ਫ਼ੌਜਾਂ ਵੀ ਹਨ, ਤੇ ਆਪਣੇ ਬਚਾਅ ਦੇ ਹੋਰ ਸਭ ਸਾਧਨ ਵੀ, ਪਰ ਫੇਰ ਵੀ ਉਹ ਮੁਗ਼ਲਾਂ ਦੇ ਸਾਹਮਣੇ ਕੇਵਲ ਇਸ ਲਈ ਸਿਰ ਨਹੀਂ ਚੁਕਦੇ ਕਿਉਂਕਿ ਉਨ੍ਹਾਂ ਦੀ ਅਣਖ ਮਰ ਚੁਕੀ ਹੈ ਤੇ ਉਨ੍ਹਾਂ ਅੰਦਰ ਹੀਣਤਾ ਭਾਵ ਪੈਦਾ ਹੋ ਚੁਕਾ ਹੈ। ਉਨ੍ਹਾਂ ਦੇ ਮਨਾਂ ਨੂੰ ਹਲੂਣਾ ਦੇਣ ਲਈ ਇਕ ਵਾਰੀ ਗੁਰੂ ਸਾਹਿਬ ਨੇ ਪਹਾੜੀ ਹਿੰਦੂ ਰਾਜਿਆਂ ਨੂੰ ਰਵਾਲਸਰ ਦੇ ਸਥਾਨ 'ਤੇ ਇਕੱਠਾ ਕੀਤਾ ਤੇ ਉਨ੍ਹਾਂ ਨੂੰ ਅੰਮ੍ਰਿਤ ਛੱਕ ਕੇ ਗਿਦੜੋਂ ਸ਼ੇਰ ਬਣਨ ਦੀ ਲਲਕਾਰ ਦਿਤੀ। ਪਰ ਜਾਤ-ਪਾਤ ਦੇ ਭੇਦ ਭਾਵ ਦਾ ਸ਼ਿਕਾਰ ਹੋਏ ਹੋਏ ਰਾਜੇ ਸਮੁੱਚੇ ਤੌਰ 'ਤੇ ਅਖੌਤੀ ਨੀਵੀਆਂ ਜਾਤਾਂ ਦੇ ਲੋਕਾਂ ਨਾਲ ਸਾਂਝੇ ਤੌਰ 'ਤੇ ਅੰਮ੍ਰਿਤ ਛਕਣ ਨੂੰ ਤਿਆਰ ਨਾ ਹੋ ਸਕੇ। ਗੁਰੂ ਸਾਹਿਬ ਤਾਂ ਉਨ੍ਹਾਂ ਨੂੰ ਸ਼ੇਰ ਬਣਾਉਣਾ ਚਾਹੁੰਦੇ ਸਨ, ਪਰ ਮਾਨਸਿਕ ਗ਼ੁਲਾਮੀ ਨੇ ਉਨ੍ਹਾਂ ਨੂੰ ਮੇਮਣੇ ਹੀ ਬਣੇ ਰਹਿਣ ਦਿਤਾ। ਜਾਬਰ ਮੁਗ਼ਲ ਹਕੂਮਤ ਦਾ ਟਾਕਰਾ ਕਰਨਾ ਤਾਂ ਇਕ ਪਾਸੇ ਰਿਹਾ, ਉਹ ਤਾਂ ਰੋਸ ਦਾ ਇਕ ਸ਼ਬਦ ਵੀ ਜ਼ਬਾਨ ਤੇ ਲਿਆਉਣੋਂ ਡਰਦੇ ਸਨ।

ਗੁਰੂ ਸਾਹਿਬ ਤਾਂ ਜਨਤਾ ਵਿਚ ਅਜਿਹੀ ਜਾਗ੍ਰਤੀ ਲਿਆਉਣ ਦੇ ਚਾਹਵਾਨ ਸਨ, ਜਿਸ ਦੇ ਆਇਆਂ ਕੌਮਾਂ ਨਵਾਂ ਇਤਿਹਾਸ ਬਣਾਉਂਦੀਆਂ ਹਨ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਗੁਰੂ ਸਾਹਿਬ ਨੇ ਐਸੇ ਖਾਲਸਾ ਦੀ ਸਿਰਜਨਾ ਕੀਤੀ ਜਿਸ ਨੇ ਸੱਚ ਮੁੱਚ ਇਤਿਹਾਸ ਬਣਾਇਆ। ਪਰ ਇਹ ਸਭ ਕੁਝ ਕਰਨ ਲਈ ਗੁਰੂ ਸਾਹਿਬ ਨੂੰ ਕਾਫ਼ੀ ਸਮਾਂ ਲਗਾ, ਕਾਫ਼ੀ ਔਕੜਾਂ ਦਾ ਟਾਕਰਾ ਕਰਨਾ ਪਿਆ ਅਤੇ ਕਾਫ਼ੀ ਕੁਰਬਾਨੀਆਂ ਵੀ ਦੇਣੀਆਂ ਪਈਆਂ।

ਭਾਵੇਂ ਸਿੱਖਾਂ ਅੰਦਰ ਜੰਗੀ ਕਾਰਨਾਮੇ ਤੇ ਬੀਰ-ਰਸੀ ਸਾਹਿੱਤ ਦੇ ਗਾਉਣ ਦੀ ਪਰੰਪਰਾ ਤਾਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਤੋਂ ਸ਼ੁਰੂ ਹੋ ਚੁਕੀ ਸੀ, ਪਰ ਇਸ ਨੂੰ ਹੋਰ ਰੰਗ ਚਾੜ੍ਹਨ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਸਿੰਘਾਂ ਅੰਦਰ ਯੁਧ-ਨੀਤੀ ਦਾ ਅਭਿਆਸ ਸ਼ੁਰੂ ਕਰਾਇਆ ਤੇ ਉਹਨਾਂ ਦੇ ਹੌਸਲੇ ਬੁਲੰਦ ਕਰਨ ਲਈ ਆਪ ਬੀਰ ਰਸੀ ਸਾਹਿੱਤ ਰਚਿਆ ਤੇ ਪੁਰਾਤਨ ਸੰਸਕ੍ਰਿਤ ਸਾਹਿੱਤ ਨੂੰ ਲੋਕ-ਬੋਲੀ ਵਿਚ ਉਲਥਵਾਇਆ। 'ਚੰਡੀ ਦੀ ਵਾਰ' ਬੀਰ-ਰਸੀ ਸਾਹਿੱਤ ਦੀ ਇਕ ਅਤਿ ਉਤਮ ਰਚਨਾ ਹੈ। ਇਸ ਸਭ ਕੁਝ ਦਾ ਸਿੱਟਾ ਇਹ ਨਿਕਲਿਆ ਕਿ ਜਿਨ੍ਹਾਂ ਲੋਕਾਂ ਦੇ ਪਿਉ ਦਾਦੇ ਨੇ ਕਦੇ ਤਲਵਾਰ ਫੜ ਕੇ ਨਹੀਂ ਸੀ ਵੇਖੀ, ਉਨ੍ਹਾਂ ਨੇ ਸੂਰਮਗਤੀ ਦੇ ਉਹ ਉਹ ਜੌਹਰ ਕਰ ਦਿਖਾਏ ਕਿ ਦੁਨੀਆ ਵੇਖ ਸੁਣ ਕੇ ਦੰਗ ਰਹਿ ਗਈ। ਇਸ ਤਰ੍ਹਾਂ ਸਿੰਘਾਂ ਅੰਦਰ ਸੂਰਮਗਤੀ ਤੇ ਦੇਸ਼-ਭਗਤੀ ਦੀਆਂ ਭਾਵਨਾਵਾਂ ਪੈਦਾ ਹੋਈਆਂ ਅਤੇ ਅਤਿ ਕਠਿਨ ਸਮਿਆਂ ਵਿਚ ਉਨ੍ਹਾਂ ਨੇ ਉਹ ਕਾਰਨਾਮੇ ਕਰ ਕੇ ਵਿਖਾਏ ਜਿਸ ਦਾ ਕਿਸੇ ਨੂੰ ਸੁਪਨੇ ਵਿਚ ਵੀ ਖ਼ਿਆਲ ਨਹੀਂ ਸੀ ਆ ਸਕਦਾ।

ਇਹ ਸਭ ਕੁਝ ਗੁਰੂ ਸਾਹਿਬ ਨੇ ਕਿਸੇ ਰਾਜ ਭਾਗ ਦੀ ਪ੍ਰਾਪਤੀ ਲਈ ਨਹੀਂ, ਸਗੋਂ ਸੁਭ ਕਰਮਾਂ ਨੂੰ ਸਿਰੇ ਚੜ੍ਹਾਉਣ ਲਈ ਖੁਸ਼ੀ ਖੁਸ਼ੀ ਜਾਨਾਂ ਖ਼ਤਰੇ ਵਿਚ ਪਾ ਕੇ ਕਰਨ ਦੀ ਖ਼ੁਸ਼ੀ ਲਈ ਕੀਤਾ। 'ਚੰਡੀ ਚਰਿਤ੍ਰ' ਵਿਚ ਗੁਰੂ ਸਾਹਿਬ ਦੀਆਂ ਹੇਠ ਲਿਖੀਆਂ ਤੁਕਾਂ ਇਸ ਗੱਲ ਦਾ ਪਰਤੱਖ ਪ੍ਰਮਾਣ ਹਨ :

ਦੇਹ ਸ਼ਿਵਾ ਬਰ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋਂ॥



www.AKJ.org

ਨ ਡਰੋਂ ਅਰਿ ਸੋ ਜਬ ਜਾਇ ਲਰੋਂ ਨਿਸਚੈ ਕਰ ਅਪਨੀ ਜੀਤ ਕਰੋਂ ॥
ਅਰੁ ਸਿਖ ਹੋ ਅਪਨੇ ਹੀ ਮਨ ਕੋ ਇਹ ਲਾਲਚ ਹਉ ਗੁਨ ਤਉ ਉਚਰੋਂ ॥
ਜਬ ਆਵ ਕੀ ਅਉਧ ਨਿਦਾਨ ਬਨੈ ਅਤ ਹੀ ਰਨ ਮੈਂ ਤਬ ਜੂਝ ਮਰੋਂ ॥੨੩੧॥

[ਚੰਡੀ ਚਰਿਤ੍ਰ ਉਕਤਿ ਬਿਲਾਸ

ਗੁਰੂ ਗੋਬਿੰਦ ਸਿੰਘ ਜੀ ਆਪਣੇ ਜੀਵਨ ਕਾਲ ਵਿਚ ਲਗ ਪਗ ੧੦ ਸਾਲ ਜੰਗਾਂ ਯੁੱਧਾਂ ਵਿਚ ਜੁਟੇ ਰਹੇ। ਇਸ ਦੇ ਨਾਲ ਨਾਲ ਬਾਕੀ ਸਮਾਂ ਉਨ੍ਹਾਂ ਲੋਕਾਂ ਦੇ ਦਿਲਾਂ ਅੰਦਰ ਜ਼ੁਲਮ ਵਿਰੁੱਧ ਖਾੜਕੂ ਵਿਚਾਰਧਾਰਾ ਪੈਦਾ ਕਰਨ ਤੇ ਬੀਰ-ਰਸੀ ਸਾਹਿੱਤ ਲਿਖਣ ਲਿਖਵਾਉਣ ਤੇ ਬੀਰ-ਰਸੀ ਸਾਹਿੱਤ ਲਿਖਣ ਲਿਖਵਾਉਣ ਤੇ ਖ਼ਰਚ ਕੀਤਾ। ਇਸ ਤਰ੍ਹਾਂ ਨਾਲ ਅਸੀਂ ਵੇਖਦੇ ਹਾਂ ਕਿ ਉਹਨਾਂ ਨੇ ਭਾਰਤ-ਵਾਸੀਆਂ ਦੇ ਮਨਾਂ ਵਿਚ ਪਰਿਵਰਤਣ ਲਿਆਉਣ ਲਈ ਬੜੇ ਯੋਜਨਾ-ਬੱਧ ਢੰਗ ਨਾਲ ਉਸਾਰੂ ਕਾਰਜ ਕੀਤਾ। ਉਹਨਾਂ ਦਾ ਇਕੋ ਇਕ ਮਨੋਰਥ ਮਨੁੱਖਤਾ ਨੂੰ ਮਨੁੱਖਤਾ ਦੇ ਨਾਤੇ ਉਸ ਦਾ ਅਸਲੀ ਸਥਾਨ ਦਿਵਾਉਣਾ ਸੀ। ਉਹ ਨਹੀਂ ਸਨ ਚਾਹੁੰਦੇ ਕਿ ਖ਼ਾਹ-ਮਖ਼ਾਹ ਲੜਾਈ ਝਗੜੇ ਕਰ ਕੇ ਅਨੇਕਾਂ ਜਾਨਾਂ ਦਾ ਨੁਕਸਾਨ ਕਰਨ ਕਰਾਉਣ। ਉਨ੍ਹਾਂ ਤੋਂ ਪਹਿਲਾਂ ਉਨ੍ਹਾਂ ਦੇ ਦਾਦਾ ਸ੍ਰੀ ਹਰਿਗੋਬਿੰਦ ਸਾਹਿਬ ਜੀ ਨੇ ਵੀ ਮੁਗਲ ਬਾਦਸ਼ਾਹ ਨਾਲ ਲੜਾਈਆਂ ਲੜੀਆਂ, ਪਰ ਉਹ ਵੀ ਉਦੋਂ ਜਦ ਉਨ੍ਹਾਂ ਨੂੰ ਲੜਨ 'ਤੇ ਮਜਬੂਰ ਹੋਣਾ ਪਿਆ। ਉਨ੍ਹਾਂ ਤੋਂ ਪਿਛੋਂ ਤਿੰਨ ਗੁਰੂ ਸਾਹਿਬਾਨ ਨੇ ਤਲਵਾਰ ਦੀ ਵਰਤੋਂ ਬਿਲਕੁਲ ਨਹੀਂ ਕੀਤੀ। ਇਹ ਇਸ ਗੱਲ ਦਾ ਪਰਤੱਖ ਪ੍ਰਮਾਣ ਹੈ ਕਿ ਸਿੱਖ ਗੁਰੂ ਸਾਹਿਬਾਨ ਦਾ ਮਨੋਰਥ ਜਾਣ ਬੁਝ ਕੇ ਮਨੁੱਖੀ ਲਹੂ ਨਾਲ ਹੋਲੀ ਖੇਡਣ ਦਾ ਨਹੀਂ ਸੀ।

ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਇਹ ਮਹਿਸੂਸ ਕੀਤਾ ਗਿਆ ਕਿ ਸਾਡੀ ਅਹਿੰਸਾ-ਵਾਦੀ ਰੁਚੀ ਨੂੰ ਜ਼ਾਲਮ ਸਾਡੀ ਕਮਜ਼ੋਰੀ ਸਮਝ ਰਿਹਾ ਹੈ ਤੇ ਉਹ ਅਮਨ ਚੈਨ ਨਾਲ ਆਪਣੀ ਮਨ-ਮਰਜ਼ੀ ਦਾ ਜੀਵਨ ਵੀ ਨਹੀਂ ਬਤੀਤ ਕਰਨ ਦੇਣਾ ਚਾਹੁੰਦਾ, ਤਾਂ ਗੁਰੂ ਸਾਹਿਬ ਦੇ ਸਵੈਮਾਣ ਨੂੰ ਧੱਕਾ ਲਗਾ। ਉਨ੍ਹਾਂ ਨੇ ਹਰ ਪ੍ਰਕਾਰ ਦੇ ਯਤਨ ਕੀਤੇ ਕਿ ਖ਼ਾਹ ਮਖ਼ਾਹ ਲੜਾਈ ਸਾਡੇ ਗੱਲ ਨਾ ਪਵੇ, ਪਰ ਜਦੋਂ ਇਹ ਢੰਗ-ਤਰੀਕਾ ਵੀ ਸਫਲ ਨਾ ਹੋਇਆ ਤਾਂ ਗੀਦੀਆਂ ਵਾਂਗ ਬੇਸ਼ਰਮੀ ਦੀ ਮੌਤ ਮਰਨ ਨਾਲੋਂ ਚੜ੍ਹਦੀ ਕਲਾ ਵਿਚ ਰਹਿ ਕੇ ਸਵੈਮਾਣ ਭਰੇ ਢੰਗ ਨਾਲ ਜੂਝਣ ਨੂੰ ਬਿਹਤਰ ਸਮਝਿਆ ਗਿਆ। ਗੁਰੂ ਸਾਹਿਬ ਨੇ ਹਰ ਪੱਖੋਂ ਸ਼ਕਤੀਸ਼ਾਲੀ ਹੋਣ ਦੇ ਯਤਨ ਕੀਤੇ, ਪਰ ਉਨ੍ਹਾਂ ਦੀ ਚੜ੍ਹਦੀ ਕਲਾ ਵਾਲੀ ਫ਼ਿਲਾਸਫ਼ੀ ਜਰਮਨ ਫ਼ਿਲਾਸਫ਼ਰ ਨਿਟਸੇ ਦੀ ਫ਼ਿਲਾਸਫ਼ੀ ਨਾਲੋਂ ਬਿਲਕੁਲ ਵੱਖਰੇ ਢੰਗ ਦੀ ਸੀ। ਉਨ੍ਹਾਂ ਨੇ ਮੁਸ਼ਕਲ ਤੇ ਕਠਿਨ ਸਮੇਂ ਵਿਚ ਵੀ ਉਦੋਂ ਤੱਕ ਖੜਗ ਦੀ ਵਰਤੋਂ ਨਾ ਕੀਤੀ ਜਦ ਤਕ ਕਿ ਆਪਣੀ ਜ਼ਾਤੀ ਹਿਫ਼ਾਜ਼ਤ ਲਈ ਇਸ ਦੀ ਵਰਤੋਂ ਕਰਨ ਨੂੰ ਬਿਲਕੁਲ ਹੀ ਜ਼ਰੂਰੀ ਨਾ ਸਮਝਿਆ ਗਿਆ ਅਤੇ ਇਹ ਮਹਿਸੂਸ ਨਾ ਕਰ ਲਿਆ ਗਿਆ ਕਿ ਹੁਣ ਹੋਰ ਸਾਰੇ ਯਤਨ ਅਸਫਲ ਹੋ ਚੁਕੇ ਹਨ ਤੇ ਕੇਵਲ ਤਲਵਾਰ ਦੀ ਵਰਤੋਂ ਹੀ ਇਸ ਸਥਿਤੀ ਵਿਚੋਂ ਨਿਕਲਣ ਲਈ ਬਾਕੀ ਰਹਿ ਗਈ ਹੈ।

ਗੁਰੂ ਸਾਹਿਬ ਦੀ 'ਸ੍ਰੀ ਸਾਹਿਬ' ਭਗਤੀ ਤੇ ਸ਼ਕਤੀ, ਮੀਰੀ ਤੇ ਪੀਰੀ, ਸੰਤ ਤੇ ਸਿਪਾਹੀ ਦੀ ਪ੍ਰਤੀਕ ਸੀ। ਸ਼ਕਤੀ ਦੇ ਨਾਲ ਨਾਲ ਉਹ ਸਵੈਮਾਣ, ਆਨ ਸ਼ਾਨ ਤੇ ਜ਼ਾਤੀ ਹਿਫ਼ਾਜ਼ਤ ਅਤੇ ਗਊ ਗਰੀਬ ਦੀ ਰਾਖੀ ਦਾ ਚਿੰਨ੍ਹ ਵੀ ਸੀ। ਨੇਕ ਕੰਮਾਂ ਦੀ ਪੂਰਤੀ ਲਈ ਤਲਵਾਰ ਦੀ ਵਰਤੋਂ ਕਰਨੀ ਹਿੰਸਾ ਨਹੀਂ, ਸਗੋਂ ਅਹਿੰਸਾ ਦੇ ਬਚਾਅ ਅਤੇ ਅਮਨ-ਸ਼ਾਂਤੀ ਤੇ ਮਨੁੱਖੀ ਹੱਕਾਂ ਦੀ ਰਾਖੀ ਲਈ ਹੁੰਦੀ ਹੈ। ਇਸੇ ਲਈ ਸਿੱਖ ਦੀ ਕ੍ਰਿਪਾਨ ਮਾਰੂ ਹਥਿਆਰ ਨਹੀਂ। ਇਹ ਤਾਂ ਉਹ ਭਗਉਤੀ ਹੈ ਜੋ ਕਮਜ਼ੋਰਾਂ, ਲਤਾੜਿਆਂ ਹੋਇਆਂ, ਦੁਰਕਾਰਿਆਂ ਹੋਇਆਂ ਨੂੰ ਆਪਣਾ ਅਸਲੀ ਸਥਾਨ ਦੁਆਉਂਦੀ ਹੈ ਤੇ ਉਨ੍ਹਾਂ ਨੂੰ ਸਵੈਮਾਣ ਨਾਲ ਜੀਊਣ ਦਾ ਢੰਗ ਸਿਖਾਉਂਦੀ ਹੈ। ਜਿਹੜੀ ਤਲਵਾਰ ਕਿਸੇ ਅਣਤੋਲ, ਨਿਹੱਥੇ ਕਮਜ਼ੋਰ ਤੇ ਨਿਤਾਣੇ ਉਤੇ ਉਠਦੀ ਹੈ ਉਹ ਨਿਸਚੇ ਹੀ ਗੁਰੂ ਗੋਬਿੰਦ ਸਿੰਘ ਦੀ ਕ੍ਰਿਪਾਨ ਨਹੀਂ ਹੋ ਸਕਦੀ। ਹਾਂ, ਜੋ ਕ੍ਰਿਪਾਨ ਦੇਸ਼ ਤੇ ਕੌਮ ਦੇ ਡਿੱਗੇ ਮਾਣ ਨੂੰ ਚੁਕਣ ਲਈ, ਜਾਬਰ ਦੀ ਹੋਸ਼ ਟਿਕਾਣੇ ਲਿਆਉਣ ਲਈ, ਊਚ- ਨੀਚ ਦਾ ਭੇਦ-ਭਾਵ ਮਿਟਾਉਣ ਲਈ, ਵਿਧਵਾਵਾਂ ਦੇ ਸਿਰ ਦਾ ਸਾਇਆ ਬਣਨ ਲਈ ਉਠਦੀ ਹੈ, ਉਹ ਨਿਸਚੇ ਹੀ *


www.AKJ.org

# ਭਲੋ ਭਲੋ ਰੇ ਕੀਰਤਨੀਆ

[ਸ: ਸੁਰਜੀਤ ਸਿੰਘ ਸਾਜਨ, 629-ਈ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ]

ਕਲਜੁਗ ਮਹਿ ਕੀਰਤਨੁ ਪਰਧਾਨਾ ॥ ਗੁਰਮੁਖਿ ਜਪੀਐ ਲਾਇ ਧਿਆਨਾ ॥

ਸ੍ਰੀ ਗੁਰੂ ਗ੍ਰੰਥ ਜੀ ਦਾ ਫ਼ਰਮਾਨ ਹੈ ਕਿ ਕਲੀਕਾਲ ਦੇ ਇਸ ਭਿਆਨਕ ਜੁਗ ਵਿਚ ਜੇ ਕੋਈ ਆਪਣਾ ਉਧਾਰ-ਨਿਸਤਾਰਾ ਚਾਹੁੰਦਾ ਹੈ ਤਾਂ ਗੁਰੂ ਕਾ ਆਗਿਆਕਾਰੀ ਹੋ ਕੇ, ਗੁਰੂ ਦਾ ਹੁਕਮੀ ਬੰਦਾ ਹੋ ਕੇ, ਗੁਰੂ ਦੇ ਉਪਦੇਸ਼ ਦੀ ਕਮਾਈ ਕਰੇ ਅਤੇ ਪੂਰਨ ਚੇਤੰਨ ਹੋ ਕੇ ਨਾਮ-ਸਿਮਰਨ ਵਿਚ ਜੁਟੇ। ਕਲਜੁਗ ਵਿਚ ਗੁਰੂ ਕੀ ਬਾਣੀ ਦਾ ਕੀਰਤਨ ਹੀ ਸਰਬ-ਸ੍ਰੇਸ਼ਟ ਹੈ। ਕੀਰਤਨ ਰੂਪੀ ਸਿਫਤ-ਸਲਾਹ ਨਾਲ ਇਕ-ਸੁਰ ਹੋਣਾ ਹੀ ਮੁਖ ਕਰਮ ਹੈ।

ਗੁਰਬਾਣੀ ਨਾਲ ਇਕ-ਸੁਰ ਹੋ ਕੇ ਜੋ ਗੁਰਬਾਣੀ ਦਾ ਕੀਰਤਨ ਕਰਦੇ ਹਨ, ਓਹੋ ਸਤਿਗੁਰੂ ਦੇ ਸੱਚੇ ਸੁੱਚੇ ਢਾਡੀ ਹਨ। ਉਹ ਕੀਰਤਨੀਏ ਭਲੇ ਹਨ, ਧੰਨਤਾ ਯੋਗ ਹਨ, ਜੋ ਆਪ ਕੀਰਤਨ ਨਾਲ ਜੁੜਦੇ ਹਨ ਅਤੇ ਸਿੱਖ ਸੰਗਤਾਂ ਨੂੰ ਕੀਰਤਨ ਦੁਆਰਾ ਗੁਰੂ-ਚਰਨਾਂ ਨਾਲ ਜੋੜਦੇ ਹਨ।

ਗੁਰੂ ਨਾਨਕ ਪਾਤਸ਼ਾਹ ਸੜਦੀ ਬਲਦੀ ਲੁਕਾਈ ਨੂੰ ਠਾਰਨ ਲਈ ਨੌਂ ਖੰਡ ਪ੍ਰਿਥਵੀ ਦੇ ਬਿਖੜੇ ਪੈਂਡੇ ਝਾਗ ਕੇ, ਸਭਨਾਂ ਦੁਖੀਆਂ ਦੀ ਸਾਰ ਲਈ ਅਤੇ ਰੱਬੀ ਬਾਣੀ ਦੇ ਕੀਰਤਨ-ਬਾਣਾਂ ਦੁਆਰਾ ਤਪੇ ਹਿਰਦਿਆਂ ਨੂੰ ਵਿੰਨ੍ਹਦੇ ਰਹੇ। ਭਾਈ ਗੁਰਦਾਸ ਜੀ ਲਿਖਦੇ ਹਨ—

ਘਰ ਘਰ ਅੰਦਰਿ ਧਰਮਸਾਲ ਹੋਵੈ ਕੀਰਤਨੁ ਸਦਾ ਵਿਸੋਆ ॥
ਬਾਬੇ ਤਾਰੇ ਚਾਰਿ ਚਕ ਨਉਖੰਡ ਪ੍ਰਿਥਵੀ ਸਚਾ ਢੋਆ ॥
ਗੁਰਮੁਖਿ ਕਲਿ ਵਿਚਿ ਪਰਗਟੁ ਹੋਆ ॥ (ਵਾਰ ੧, ਪਉੜੀ ੨੭)

ਕੀਰਤਨ ਨਿਸ਼ਕਾਮ, ਨਿਰਬਾਣ ਤੇ ਨਿਰ-ਇੱਛਤ ਭਾਵਨਾ ਅਧੀਨ ਕੀਤਾ ਹੀ ਪ੍ਰਭੂ-ਚਰਨਾਂ ਵਿਚ ਜੋੜਨ ਲਈ ਸਹਾਈ ਹੁੰਦਾ ਹੈ। ਭਾਈ ਮਨਸ਼ਾ ਸਿੰਘ ਰਾਗੀ ਸ੍ਰੀ ਹਰਿਮੰਦਰ ਸਾਹਿਬ, ਸਤਿਗੁਰੂ ਦੀ ਹਜ਼ੂਰੀ ਵਿਚ ਨਿਰਬਾਣ ਕੀਰਤਨ ਚਲੂਲੇ ਰੰਗਾਂ ਵਿਚ ਕਰ ਰਹੇ ਸਨ ਤਾਂ ਦਰਬਾਰ ਵਿਚ ਹਾਜ਼ਰ ਹੋਇਆ ਮਹਾਰਾਜਾ ਰਣਜੀਤ ਸਿੰਘ ਕੀਰਤਨ ਦੀ ਸ੍ਰੂਤ ਨਾਲ ਮੁਗਧ ਤੇ ਰਸ-ਲੀਣਾ ਹੋ ਗਿਆ। ਮਹਾਰਾਜਾ ਪ੍ਰਸੰਨ ਹੋ ਕੇ ਕੁਝ ਮਾਲੀ ਸਹਾਇਤਾ ਦੇਣ ਲਈ ਰਾਗੀ ਸਿੰਘ ਦੇ ਘਰ ਗਿਆ, ਪਰ ਰਾਗੀ ਸਿੰਘ ਨੇ ਮਾਇਆ ਲੈਣੋਂ ਇਨਕਾਰ ਕਰਦਿਆਂ ਆਖਿਆ, 'ਜਿਸ ਦਰ ਦਾ ਤੂੰ ਮੰਗਤਾ ਹੈਂ, ਮੇਰੀ ਲੋੜ ਵੀ ਉਥੋਂ ਪੂਰੀ ਹੁੰਦੀ ਹੈ।' ਇਸੇ ਤਰ੍ਹਾਂ ਭਾਈ ਹੀਰਾ ਸਿੰਘ ਜੀ ਦੀ ਰਸਨਾ ਤੋਂ ਜਦ ਬਾਣੀ ਗਾਵੀਂ ਜਾਂਦੀ ਅਤੇ ਉਹ ਮਿੱਠੇ ਮਿੱਠੇ ਬਚਨ ਕਰਦੇ ਤਾਂ ਸ੍ਰੋਤੇ ਬੇਰਸ ਹੋ ਕੇ ਝੂਮ ਉਠਦੇ। ਬੇਅੰਤ ਮਾਇਆ ਦੇ ਢੇਰ ਸਾਹਮਣੇ ਲਗ ਜਾਂਦੇ, ਪਰ ਉਹ ਉਪਜੀਵਕਾ-ਮਾਤਰ ਆਪ ਰਖਦੇ ਅਤੇ ਬਾਕੀ ਮਾਇਆ ਗੁਰੂ-ਲੋਕੇ ਪੰਥਕ ਆਸ਼ਰਮਾਂ ਨੂੰ ਭੇਟ ਕਰ ਦੇਂਦੇ। ਉਨ੍ਹਾਂ ਬਾਰੇ ਦਸਦੇ ਹਨ ਕਿ ਕੀਰਤਨ ਵਿਚ ਅੰਮ੍ਰਿਤ ਵੇਲੇ ਹਾਜ਼ਰੀ ਭਰਨ ਤੋਂ ਪਹਿਲਾਂ, ਆਪਣੇ ਨਿਤ ਦਾ ਗੁਰਮਤਿ ਕਰਮ ਕਰਨਾ ਅਤੇ ਕਈ ਵਾਰ ਇਸ ਸ਼ਬਦ ਨਾਲ ਪਹਿਲਾਂ ਆਪ ਜੁੜਨਾ ਤੇ ਫਿਰ ਬਾਅਦ ਵਿਚ ਸੰਗਤਾਂ ਵਿਚ ਹਾਜ਼ਰੀ ਭਰਨੀ—

ਤੁਮ ਚੰਦਨ ਹਮ ਇਰੰਡ ਬਾਪੁਰੇ ਸੰਗਿ ਤੁਮਾਰੇ ਬਾਸਾ ॥
ਨੀਚ ਰੂਖ ਤੇ ਊਚ ਭਏ ਹੈ ਗੰਧ ਸੁਗੰਧ ਨਿਵਾਸਾ ॥੧॥
ਮਾਧਉ ਸਤਸੰਗਤਿ ਸਰਨਿ ਤੁਮਾਰੀ ॥ ਹਮ ਅਉਗਨ ਤੁਮ੍ ਉਪਕਾਰੀ ॥੧॥ਰਹਾਉ॥

---

● ਗੁਰੂ ਕਲੀਧਰ ਪਾਤਸ਼ਾਹ ਦੀ ਬਖ਼ਸ਼ੀ ਹੋਈ ਕ੍ਰਿਪਾਨ ਹੋ ਸਕਦੀ ਹੈ।

ਉਪਰ ਦਿਤੇ ਵਿਚਾਰਾਂ ਨੂੰ ਜੇ ਗਹੁ ਨਾਲ ਪੜ੍ਹਿਆ ਜਾਏ, ਧੀਰਜ ਨਾਲ ਵਿਚਾਰਿਆ ਜਾਏ ਤੇ ਸੰਤੁਲਿਤ ਸੋਚਣੀ ਨਾਲ ਸੋਚਿਆ ਜਾਏ ਤਾਂ ਨਿਸ਼ਚੇ ਹੀ ਇਸ ਪ੍ਰਸ਼ਨ ਦਾ ਉਤਰ ਮਿਲ ਜਾਵੇਗਾ ਕਿ ਗੁਰੂ ਗੋਬਿੰਦ ਸਿੰਘ ਜੀ ਨੂੰ ਤਲਵਾਰ ਕਿਉਂ ਚੁਕਣੀ ਪਈ?


www.AKJ.org

ਤੁਮ ਮਖਤੂਲ ਸਪੇਦ ਸਪੀਅਲ ਹਮ ਬਪੁਰੇ ਜਸ ਕੀਰਾ ॥
ਸਤਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ ॥੨॥
ਜਾਤੀ ਹੋਛਾ ਪਾਤੀ ਓਛਾ, ਓਛਾ ਜਨਮੁ ਹਮਾਰਾ ॥
ਰਾਜਾ ਰਾਮ ਕੀ ਸੇਵ ਨ ਕੀਨੀ ਕਹਿ ਰਵਿਦਾਸ ਚਮਾਰਾ ॥੩॥੩॥ (ਪੰਨਾ ੪੮੬)

ਇਉਂ ਨਿਰਮਾਣਤਾ ਵਿਚ ਆਪਣੇ ਆਪ ਨੂੰ 'ਗਰੀਬੀ ਗਦਾ ਹਮਾਰੀ' ਦਾ ਸ਼ਸਤਰ ਪਹਿਰ ਕੇ ਸੰਗਤਾਂ ਦੀ ਚਰਨ-ਧੂੜ ਬਣ ਕੇ ਕੀਰਤਨ-ਰਸ ਵਿਚ ਲੀਨ ਹੋ ਜਾਂਦੇ ਅਤੇ ਅੰਮ੍ਰਿਤ-ਬਾਣੀ ਦੇ ਅਨੰਦ ਮਾਣਦੇ।

ਬੀਤੇ ਸਮੇਂ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਵੀ ਕੀਰਤਨ ਦੇ ਜੋ ਰਸ ਭੁੰਚਦੇ ਭੁੰਚਾਉਂਦੇ ਰਹੇ, ਉਹ ਜਾਂ ਆਪ ਜਾਣਦੇ ਸਨ ਜਾਂ ਦੀਵਾਨ ਵਿਚ ਹਾਜ਼ਰ ਸ੍ਰੋਤੇ ਅਨੁਭਵ ਕਰਦੇ ਸਨ। ਉਨ੍ਹਾਂ ਦੀ ਅਤੁੱਟ ਨਾਮ ਅਭਿਆਸ ਕਮਾਈ ਦਾ ਸਦਕਾ ਗੁਰਬਾਣੀ ਦੇ ਉਹ ਚਲੂਲੇ ਰੰਗ ਖਿੜਦੇ ਸਨ ਜਿਸ ਨਾਲ ਇਹ ਦੁਨੀਆ ਭੁੱਲ ਜਾਂਦੀ ਸੀ ਅਤੇ ਉਸ ਇਲਾਹੀ ਕੀਰਤਨ ਦਾ ਅਨੰਦ ਕਈ ਕਈ ਦਿਨਾਂ ਤਕ ਸ੍ਰੋਤਿਆਂ ਨੂੰ ਮੁਗਧ ਕਰੀ ਰਖਦਾ ਸੀ। ਕੀਰਤਨ ਦੀਆਂ ਧੁਨੀਆਂ ਹਿਰਦਿਆਂ ਨੂੰ ਵਿੰਨ੍ਹ ਕੇ ਅੰਦਰ ਧਸਦੀਆਂ ਜਾਂਦੀਆਂ ਅਤੇ ਹਾਲੋਂ ਬੇਹਾਲ ਕਰ ਜਾਂਦੀਆਂ।

ਅਜ ਵੀ ਕਿਤੇ ਕਿਤੇ ਨਿਰਬਾਣ ਤੇ ਨਿਸ਼ਕਾਮ ਕੀਰਤਨੀਏ ਵਿਚਰਦੇ ਹਨ, ਜੋ ਬਿਨਾਂ ਕਿਸੇ ਲਾਲਚ ਲੋਭ ਦੇ ਗੁਰੂ-ਚਰਨਾਂ ਵਿਚ ਸੰਗਤਾਂ ਨਾਲ ਮਿਲ ਕੇ ਜੁੜਦੇ ਹਨ। ਪਰ ਅਜਿਹੇ ਕੀਰਤਨੀਏ ਹੁਣ ਕਿਤੇ ਟਾਵੇਂ ਹੀ ਹੋਣਗੇ।

ਮਾਇਆ ਦੇ ਲਾਲਚ ਨੂੰ ਤਿਆਗ ਕੇ ਕੀਰਤਨ ਕਰਨ ਵਾਲਿਆਂ ਵਿਚ ਵੀ ਅੱਜ ਉਹ ਭਾਵਨਾ ਦੇਖੀ ਨਹੀਂ ਜਾਂਦੀ। ਉਥੇ ਵੀ ਹਉਮੈ ਅਧੀਨ ਸ਼ੁਹਰਤ ਦੀ ਭਾਵਨਾ ਪ੍ਰਬਲ ਹੋ ਰਹੀ ਹੈ। ਇਹ ਭਾਵਨਾ ਵੀ ਬੜੀ ਮਾਰੂ ਹੈ ਅਤੇ ਪ੍ਰਮਾਰਥ ਦੇ ਪਾਂਧੀ ਨੂੰ ਔਝੜੇ ਪਾਉਣ ਵਾਲੀ ਹੈ।

ਦੂਜੇ ਪਾਸੇ ਅੱਜ ਕੀਰਤਨ ਮਾਇਆ ਦਾ ਵਪਾਰ ਬਣਦਾ ਜਾ ਰਿਹਾ ਹੈ। ਉਪਜੀਵਕਾ ਅਤੇ ਪਰਵਾਰਕ ਲੋੜਾਂ ਲਈ ਮਾਇਆ ਜ਼ਰੂਰੀ ਹੈ, ਇਸ ਤੋਂ ਬਿਨਾਂ ਝਟ ਟਪ ਨਹੀਂ ਸਕਦਾ। ਪਰ ਮਾਇਆ ਹੀ ਮੁਖ ਨਿਸ਼ਾਨਾ ਬਣਾ ਲੈਣਾ ਕੀਰਤਨ-ਰੰਗ ਵਿਚ ਭੰਗ ਪਾਉਣ ਵਾਲੀ ਗੱਲ ਹੈ। ਜਿਹੜਾ ਹਿਰਦਾ ਗੁਰੂ-ਚਰਨਾਂ ਨਾਲ ਜੁੜਨ ਦੀ ਥਾਂ ਮਾਇਆ ਨਾਲ ਜੁੜਿਆ ਹੋਵੇ, ਉਹ ਹਿਰਦਾ ਮਾਇਆ-ਗ੍ਰਸੇ ਜੀਵਾਂ ਨੂੰ ਗੁਰੂ ਚਰਨਾਂ ਨਾਲ ਕਿਵੇਂ ਜੋੜ ਸਕਦਾ ਹੈ? ਗੁਰੂ ਨਾਨਕ ਪਾਤਸ਼ਾਹ ਦੇ ਹਿਰਦੇ ਵਿਚੋਂ ਨਿਕਲਿਆ ਬਾਣੀ ਦਾ ਇਕ ਬਾਣ ਜਗਿਆਸੂਆਂ ਦੇ ਜੀਵਨ ਪਲਟ ਜਾਂਦਾ ਸੀ, ਪਰੰਤੂ ਅੱਜ ਬੜੀਆਂ ਤਾਨਾਂ ਤੇ ਸ਼ਾਨਾਂ ਨਾਲ ਗਾਏ ਕੀਰਤਨ, ਬਾਣੀ ਦੀ ਪਾਰਸ-ਕਲਾ ਕਰਕੇ ਵਕਤੀ ਤੌਰ ਤੇ ਪ੍ਰਭਾਵਤ ਕਰਦੇ ਹਨ, ਪਰ ਬਾਅਦ ਵਿਚ ਹਿਰਦੇ ਉਸੇ ਤਰ੍ਹਾਂ ਸੁੱਕੇ ਸੜੇ ਤੇ ਮਾਇਕ ਤੰਦਣ-ਤਾਣਿਆਂ ਵਿਚ ਗਲਤਾਨ ਹੁੰਦੇ ਹਨ।

ਅੱਜ ਕੀਰਤਨ-ਦਰਬਾਰਾਂ ਦਾ ਵੀ ਕੋਈ ਹਿਸਾਬ ਕਿਤਾਬ ਨਹੀਂ। ਰਾਗੀਆਂ ਦੀ ਮੰਗ ਵੀ ਵੱਧ ਤੋਂ ਵੱਧ ਮਾਇਆ ਦੀ ਹੁੰਦੀ ਹੈ ਅਤੇ ਪ੍ਰਬੰਧਕ ਵੀ ਮਾਇਆ ਦੇਣ ਵਲੋਂ ਸੰਕੋਚ ਨਹੀਂ ਕਰਦੇ, ਖੁਲ੍ਹੇ ਗਫੇ ਵੰਡੇ ਜਾਂਦੇ ਹਨ। ਇਹ ਕੀਰਤਨ-ਦਰਬਾਰ ਗੁਰੂ-ਚਰਨਾਂ ਨਾਲ ਜੁੜਨ ਦਾ ਵਸੀਲਾ ਨਹੀਂ, ਸਗੋਂ ਹਉਮੈ ਦਾ ਪਸਾਰ ਅਤੇ ਮਾਇਆ ਦਾ ਖਿਲਾਰ ਬਣਦੇ ਜਾ ਰਹੇ ਹਨ। ਪ੍ਰਬੰਧਕਾਂ ਦਾ ਵੀ ਅਤੇ ਕੀਰਤਨੀਆਂ ਦਾ ਵੀ ਫੋਕੀ ਸ਼ੁਹਰਤ ਹਾਸਲ ਕਰਨਾ ਹੀ ਮੁਖ ਨਿਸ਼ਾਨਾ ਹੁੰਦਾ ਹੈ।

ਫਿਰ ਇਕ ਪਾਸੇ ਕਈ ਕੀਰਤਨੀਏ ਸੁੰਦਰ ਪਹਿਰਾਵੇ ਪਹਿਰ ਕੇ ਗੁਰੂ-ਦਰਬਾਰ ਵਿਚ ਕੀਰਤਨ ਦੀਆਂ ਹਾਜ਼ਰੀਆਂ ਭਰਦੇ ਵੇਖੀਦੇ ਹਨ ਤਾਂ ਦੂਜੇ ਪਾਸੇ ਭੜਕਾਊ ਲਿਬਾਸਾਂ ਵਿਚ ਸਿਨੇਮਾ-ਘਰਾਂ ਵਿਚ ਜਾਂਦੇ ਵੇਖੀਦੇ ਹਨ, ਜਿਥੇ ਆ ਕੇ ਸਾਡੇ ਸਿਰ ਸ਼ਰਮ ਨਾਲ ਝੁਕ ਜਾਂਦੇ ਹਨ। ਅਜ ਦੇ ਕੀਰਤਨੀਏ ਵੀਰਾਂ ਦੀ ਭੁਖ ਇਤਨੀ ਵਧ ਗਈ ਹੈ ਕਿ ਕਿਤੇ ਸ਼ਾਂਤੀ ਹੈ ਹੀ ਨਹੀਂ। ਚੰਗੇ ਚੰਗੇ ਬੰਗਲੇ, ਜਾਇਦਾਦਾਂ ਅਤੇ ਕਾਰਾਂ ਹੋਣ ਦੇ ਬਾਵਜੂਦ ਹੋਰ ਹੋਰ *

www.AKJ.Org

# ਭਾਰਤ ਦੀ ਅਜ਼ਾਦੀ ਵਿਚ ਸਿੱਖਾਂ ਦਾ ਹਿੱਸਾ

[ਪ੍ਰਿੰਸੀਪਲ ਸਤਿਬੀਰ ਸਿੰਘ ਜੀ]

ਪਾਕਿਸਤਾਨ ਬਨਾਉਣ ਬਾਰੇ ਕਿਹਾ ਜਾਂਦਾ ਹੈ, ਕਿ ਇਸ ਦੀ ਜ਼ਮੀਨ ਸਰ ਸਯਦ ਅਹਿਮਦ ਖਾਨ ਨੇ ਬਣਾਈ, ਨਕਸ਼ਾ ਸਰ ਮੁਹੰਮਦ ਇਕਬਾਲ ਨੇ, ਨੀਂਹਾਂ ਮੌਲਾਨਾ ਮੁਹੰਮਦ ਅਲੀ ਜੌਹਰ ਨੇ ਅਤੇ ਦੀਵਾਰਾਂ ਤੇ ਛੱਤਾਂ ਮੁਹੰਮਦ ਅਲੀ ਜਿਨਾਹ ਨੇ ਪਾਈਆਂ। ਬਾਕੀ ਲਿਆਕਤ ਅਲੀ ਤੇ ਦੂਜੇ ਤਾਂ ਰੰਗ-ਰੋਗਨ ਹੀ ਕਰਦੇ ਰਹੇ। ਇਸ ਤਰ੍ਹਾਂ 'ਅਜ਼ਾਦੀ' ਬਾਰੇ ਆਖਿਆ ਜਾ ਸਕਦਾ ਹੈ, ਕਿ 'ਜ਼ਮੀਨ' ਬਾਬਿਆਂ (੧੯੦੭ ਤੋਂ ੧੯੧੯) ਨੇ ਤਿਆਰ ਕੀਤੀ, ਨਕਸ਼ਾ ਜਲ੍ਹਿਆਂ ਵਾਲੇ ਬਾਗ ਤਿਆਰ ਹੋਇਆ, 'ਨੀਂਹ' ਗੁਰੂ ਕੇ ਬਾਗ ਠੀਕ ੧੫ ਅਗਸਤ ੧੯੪੭ ਤੋਂ ਪੰਜੀਹ ਵਰ੍ਹੇ ਪਹਿਲਾਂ ੨੧ ਅਗਸਤ ੧੯੨੨ ਨੂੰ ਰੱਖੀ ਗਈ, ਦੀਵਾਰਾਂ ਰਾਵੀ ਦੇ ਕਿਨਾਰੇ ੧੯੩੦ ਨੂੰ, ਤੇ ਛੱਤ ਆਜ਼ਾਦ ਹਿੰਦ ਫੌਜ ਨੇ ਪਾਈ। ਬਾਕੀ ਸਭ ਤਾਂ ਕੂਚੀਆਂ ਫੜ ਰੰਗ-ਰੋਗਨ ਹੀ ਕਰਦੇ ਰਹੇ।

ਪੁਰਾਣੇ ਖ਼ੁਫ਼ੀਆ ਰੀਕਾਰਡ ਗਵਾਹ ਹਨ ਕਿ ਜਦ ਕੋਈ 'ਅਜ਼ਾਦੀ' ਦਾ ਨਾਂ ਵੀ ਨਹੀਂ ਸੀ ਲੈਂਦਾ, ਉਸ ਵੇਲੇ ਬਾਬਿਆਂ ਨੇ 'ਗਦਰ ਦੀ ਗੂੰਜ' ਪਾਈ, ਮਿੱਠੀਆਂ ਲੋਰੀਆਂ ਦੇ ਦੇ ਸਵਾਏ 'ਹਿੰਦੁਸਤਾਨ' ਨੂੰ ਘੜਿਆਲ ਦੀ ਆਵਾਜ਼ ਨਾਲ ਜਗਾਇਆ। ਕਦੇ 'ਪਗੜੀ' ਸੰਭਾਲ ਕਹਿਆ ਤੇ ਕਦੇ 'ਹੋਸ਼' ਸੰਭਾਲ ਲਿਖ ਕੇ ਝੰਜੋੜਿਆ। ਬਜਬਜ ਘਾਟ ਤੇ ਵਰ੍ਹਦੀਆਂ ਗੋਲੀਆਂ ਦਾ ਸਾਹਮਣਾ ਖਿੜੇ ਮਥੇ ਹੀ ਨਹੀਂ, ਸਗੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਵਿਚ ਕੀਤਾ। ਪੰਜਾਬ ਵਿਚ ਹਲਚਲ ਮੱਚ ਗਈ। ਗਦਾਰ ਲੋਪ ਹੋ ਗਏ। ਅੰਗਰੇਜ਼ਾਂ ਵਲੋਂ ਸਖ਼ਤੀਆਂ ਦਾ ਭਾਵੇਂ ਦੌਰ ਚਲਾਇਆ ਗਿਆ, ਪਰ ਲਹਿਰ ਵਧਦੀ ਹੀ ਗਈ। ਦੇਖਣ ਨੂੰ ਜ਼ਰੂਰ ਆਗੂ ਪਕੜੇ ਗਏ ਅਤੇ ੧੯੧੫ ਨੂੰ ਫਾਂਸੀ ਦੇ ਰਸਿਆਂ ਤੇ ਵੀ ਚੜ੍ਹਾਏ ਗਏ, ਪਰ 'ਅਜ਼ਾਦੀ' ਲਈ ਜ਼ਮੀਨ ਤਿਆਰ ਹੋ ਗਈ ਸੀ ਤੇ ਤਿਆਰ ਕਰਨ ਵਾਲੇ ਕਲਗੀਧਰ ਦੇ ਸਿੰਘ ਸਨ। ਜਿਨ੍ਹਾਂ ਸੱਤਾਂ ਨੇ ਸਭ ਤੋਂ ਪਹਿਲਾਂ ਫਾਂਸੀ ਦੇ ਰਸਿਆਂ ਨੂੰ ਚੁੰਮਿਆਂ, ਉਨ੍ਹਾਂ ਵਿਚੋਂ ਛੇ ਸਿੰਘ ਸਨ ਤੇ ਉਨ੍ਹਾਂ ਦੇ ਨਾਮ ਸਰਦਾਰ ਕਰਤਾਰ ਸਿੰਘ ਸਰਾਭਾ, ਭਾਈ ਬਖ਼ਸ਼ੀਸ਼ ਸਿੰਘ ਗਿਲਵਾਲੀ (ਅੰਮ੍ਰਿਤਸਰ), ਸਰਦਾਰ ਜਗਤ ਸਿੰਘ, ਭਾਈ ਬਿਧੀ ਚੰਦ ਜੀ ਦੇ ਪਿੰਡ ਦੇ ਸਰਦਾਰ ਸੁਰ ਸਿੰਘ ਤੇ ਸੁਰੈਣ ਸਿੰਘ ਨਾਂ ਦੇ ਦੋ ਸਜਣ ਜੋ ਗਿਲਵਾਲੀ (ਅੰਮ੍ਰਿਤਸਰ) ਦੇ ਸਨ, ਭਾਈ ਹਰਨਾਮ ਸਿੰਘ ਭੱਟੀ, ਗੁਰਾਯਾ (ਗੁਰਦਾਸਪੁਰ) ਸਨ।

ਇੰਦਰਾ ਗਾਂਧੀ ਨੇ ਕਹਿਆ, ਕਿ 'ਅਜ਼ਾਦੀ' ਦੀ ਜੰਗ ਵਿਚ ਸਭ ਤੋਂ ਵੱਧ ਹਿੱਸਾ ਉਸ ਦੇ ਪਰਾਂਤ ਯੂ. ਪੀ. ਨੇ ਪਾਇਆ, ਪਰ ਅੰਕੜੇ ਕੁਝ ਹੋਰ ਬੋਲ ਰਹੇ ਹਨ। ਪੁਰਾਤਨ ਖ਼ੁਫ਼ੀਆ ਰੀਕਾਰਡ ਦੇ ਹਵਾਲੇ ਨਾਲ ਹੁਣ ਸਪੱਸ਼ਟ

---

* ਮਾਇਆ ਇਕੱਠੀ ਕਰਨ ਲਈ ਨਸੇ ਭਜੇ ਫਿਰਦੇ ਹਨ। ਹੁਣ ਕਈ ਰਾਗੀ ਬਹੁਤੀ ਮਾਇਆ ਖ਼ਾਤਰ ਯੂ. ਕੇ. ਅਮਰੀਕਾ ਆਦਿ ਕਈ ਮੁਲਕਾਂ ਵਲ ਦੌੜੇ ਜਾਂਦੇ ਹਨ।

ਅਜਿਹੇ ਮਾਹੌਲ ਵਿਚ ਅਤੇ ਅਜਿਹੀ ਰੁਚੀ ਵਿਚ ਗੁਰਸਿੱਖੀ ਦਾ ਪਰਸਾਰ ਕਿਵੇਂ ਹੋ ਸਕਦਾ ਹੈ ? ਗੁਰਸਿੱਖੀ ਦੇ ਪਰਸਾਰ ਲਈ ਸਭ ਤੋਂ ਵਧ ਜ਼ਰੂਰੀ ਹੈ ਕਿ ਆਪਣੇ ਜੀਵਨ ਅਮਲੀ ਹੋਣ, ਦਿਖਾਵੇ ਦੇ ਨਾ ਹੋਣ। "ਧਰਮ ਦੀ ਕਿਰਤ ਕਰਨਾ, ਵੰਡ ਛਕਣਾ ਤੇ ਨਾਮ ਜਪਣਾ" ਸਾਡਾ ਮੁਖ ਨਿਸ਼ਾਨਾ ਹੋਵੇ। ਸਾਡੇ ਰਾਗੀ ਵੀਰ ਵੀ ਕੀਰਤਨ ਨੂੰ ਮਾਇਆ ਇਕੱਠੀ ਕਰਨ ਦਾ ਮੁਖ ਵਸੀਲਾ ਨਾ ਸਮਝਣ, ਸਗੋਂ ਉਪਜੀਵਕਾ ਖ਼ਾਤਰ, ਪਰਵਾਰਕ ਲੋੜਾਂ ਪੂਰੀਆਂ ਕਰਨ ਲਈ ਆਪ ਵਰਤਣ ਤੇ ਬਾਕੀ ਗੁਰੂ-ਲੇਖੇ ਵੰਡ ਕੇ ਨਾਮ-ਸਿਮਰਨ ਦੀ ਕਮਾਈ ਕਰਨ। ਇਉਂ ਉਹ ਆਪਣਾ ਅੱਗਾ ਵੀ ਸੁਆਰਨਗੇ ਅਤੇ ਸੰਗਤਾਂ ਦਾ ਅੱਗਾ ਵੀ ਸੁਆਰਨ ਵਿਚ ਸਹਾਈ ਹੋਣਗੇ।

ਗੁਰੂ ਕੇ ਕੀਰਤਨੀਏ ਸਾਡੇ ਲਈ ਸਤਿਕਾਰ ਜੋਗ ਹਨ। ਉਪਰ ਜੋ ਕੁਝ ਲਿਖਿਆ ਗਿਆ ਹੈ, ਉਹ ਕਿਸੇ ਵੈਰ-ਭਾਵ ਜਾਂ ਨਿੰਦਣ ਦੇ ਅਧੀਨ ਨਹੀਂ, ਸਗੋਂ ਸਵੈ-ਪੜਚੋਲ ਅਤੇ ਖ਼ਾਲਸਾ ਪੰਥ ਦੀ ਚੜ੍ਹਦੀ ਕਲਾ ਦੀ ਭਾਵਨਾ ਨੂੰ ਮੁਖ ਰਖ ਕੇ ਹੀ ਆਪਣੇ ਮਨ ਦੇ ਵਿਚਾਰ ਰਖ ਦਿਤੇ ਹਨ। ਵਾਧ ਘਾਟ ਲਈ ਬਖ਼ਸ਼ ਲੈਣਾ ਜੀ।


www.AKJ.Org

ਤੌਰ ਤੇ ਕਹਿਆ ਜਾ ਸਕਦਾ ਹੈ ਕਿ 'ਜਸ ਵੇਲੇ ਇੰਦਟਾ ਦੇ ਪ੍ਰਾਂਤ ਵਾਲੇ 'ਅਜ਼ਾਦੀ' ਲਈ ਪਾਸਾ ਵੀ ਨਹੀਂ ਸੀ ਮਾਜ ਰਹੇ, ਉਸ ਵੇਲੇ 'ਸਿੱਖ' ਤੇ 'ਪੰਜਾਬ' ਅੰਗਰੇਜ਼ਾਂ ਦੇ ਪਾਸੇ ਭੰਨ ਰਹੇ ਸਨ, ਫਾਂਸੀ ਦੇ ਰੱਸੇ ਚੁੰਮ ਰਹੇ ਸਨ, ਕਾਲੇ ਪਾਣੀ ਦੀਆਂ ਸਜ਼ਾਵਾਂ ਭੁਗਤ ਰਹੇ ਸਨ। ਖ਼ੁਫ਼ੀਆ ਰੀਪੋਰਟ ਮੁਤਾਬਕ ਕੁਲ ਹਿੰਦੁਸਤਾਨ ਵਿਚ ਫਾਂਸੀ ਤੇ ਚਾੜ੍ਹੇ ਗਏ ਸਨ ੪੭ ਆਦਮੀ। ਉਨ੍ਹਾਂ ਵਿਚੋਂ ੩੪ ਸਿੱਖ ਸਨ। ਸਿਰਫ਼ ਉਮਰ ਕੇਦ ੩੦ ਨੂੰ ਹੋਈ ਤੇ ੨੭ ਸਿੱਖ ਸਨ। ਕਾਲੇ ਪਾਣੀ ਕੁਲ ੨੯ ਸੂਰਮਿਆਂ ਨੂੰ ਭੇਜਿਆ ਗਿਆ, ਉਨ੍ਹਾਂ ਵਿਚੋਂ ੨੬ ਸਿੱਖ ਸਨ। ਸਖ਼ਤ ਸਜ਼ਾਵਾਂ ਕੁਲ ੪੭ ਨੂੰ ਹੋਈਆਂ ਤੇ ਉਨ੍ਹਾਂ ਵਿਚੋਂ ਵੀ ੩੮ ਸਿੱਖ ਸਨ। ਇਹ ਸਿਰਫ਼ ੧੯੦੭ ਤੋਂ ੧੯੧੭ ਤਕ ਦਾ ਵੇਰਵਾ ਹੈ। ਸੰਸਾਰ ਦੇ ਪਹਿਲੇ ਯੁੱਧ ਦੇ ਅਰੰਭ ਹੋਣ ਨਾਲ ਸਾਰੇ ਆਗੂ ਗਾਂਧੀ ਜੀ ਸਮੇਤ ਅੰਗਰੇਜ਼ਾਂ ਦੀ ਮਦਦ ਤੇ ਲਗੇ ਰਹੇ ਅਤੇ ਫਿਰ ਜਲ੍ਹਿਆਂਵਾਲਾ ਬਾਗ ਦਾ ਸਾਕਾ ਹੋਇਆ। ਕੁਲ ਸ਼ਹੀਦ ੧੦੩੪ ਹੋਏ, ਪਰ ਸਿੱਖਾਂ ਦੀ ਗਿਣਤੀ ੫੭੯ ਸੀ। ਇਹ ਕਦੇ ਨਹੀਂ ਭੁਲਣਾ ਚਾਹੀਦਾ, ਕਿ 'ਸਿੱਖ' ਸਾਰੇ ਹਿੰਦੁਸਤਾਨ ਦੀ ਗਿਣਤੀ ਦਾ ਕੇਵਲ ਇਕ ਫ਼ੀ ਸਦੀ ਹਨ ਤੇ 'ਅਜ਼ਾਦੀ' ਦੀ ਜੰਗ ਵਿਚ ਹਿਸਾ ੭੩ ਫੀ ਸਦੀ ਜਾ ਪੈਂਦਾ ਹੈ। ਸਾਨੂੰ ਲੇਖੇ ਤਾਂ ਨਹੀਂ ਆਉਂਦੇ ਤੇ ਨਾ ਹੀ ਕਰਨਾ ਚਾਹੁੰਦੇ ਹਾਂ, ਪਰ ਜਦ ਕੋਈ ਲੇਖਿਆਂ ਦੀ ਹੀ ਗੱਲ ਕਰੇ, ਤਾਂ ਉਸ ਨੂੰ ਘਟ ਤੋਂ ਘੱਟ ਖ਼ਾਤਾ ਤਾਂ ਠੀਕ ਦੇਖਣਾ ਚਾਹੀਦਾ ਹੈ।

੧੯੨੧ ਦੀ ੨੦ ਫ਼ਰਵਰੀ ਨੂੰ ਨਨਕਾਣਾ ਸਾਹਿਬ ਦਾ ਸਾਕਾ ਹੋ ਗਿਆ। ਸਮੁੱਚਾ ਸਿਖ ਜਗਤ ਹੀ ਅਜ਼ਾਦੀ ਲਈ ਉਠ ਬੈਠਾ, ਸ਼ਹੀਦਾਂ ਨੇ ਅਜ਼ਾਦੀ ਲੈਣ ਦਾ ਰਾਹ ਦਰਸਾ ਦਿੱਤਾ। ਗਾਂਧੀ ਜੀ ਜਦ ਆਪ ਤਿੰਨ ਮਾਰਚ ੧੯੨੧ ਨੂੰ ਸਾਕੇ ਵਾਲੀ ਥਾਂ ਨਨਕਾਣਾ ਸਾਹਿਬ ਪੁਜੇ, ਤਾਂ ਉਨ੍ਹਾਂ ਕਹਿਆ, ਕਿ ਜਥੇ ਵਾਲਿਆਂ ਕਮਾਲ ਕਰ ਦਿਤੀ ਹੈ। ਉਨ੍ਹਾਂ ਕੋਲ ਹਥਿਆਰ ਸਨ, ਪਰ ਜਿਹਾ ਕਿ ਉਹ ਪ੍ਰਣ ਕਰ ਚੁੱਕੇ ਸਨ, ਉਨ੍ਹਾਂ ਹਥਿਆਰਾਂ ਉਤੇ ਹੱਥ ਨਾ ਰਖਿਆ। ਸਭ ਭੁੰਨੇ ਗਏ, ਪਰ ਮਜਾਲ ਕੀ, ਕਿਸੇ ਹਥ ਚੁਕਿਆ ਹੋਵੇ। ਅਕਾਲੀਆਂ ਨੇ ਆਪਣੇ ਜ਼ਿੰਮੇ ਸੁਧਾਰ ਦਾ ਕੰਮ ਲਿਆ ਹੋਇਆ ਹੈ, ਇਸ ਲਈ ਉਨ੍ਹਾਂ ਦੀ ਕੁਰਬਾਨੀ ਬਹੁਤ ਮਹਾਨ ਹੈ।

(The task of Akali is to reform work. That is why their sacrifice is very great)

ਫਿਰ ਇਕ ਵਾਰੀ ਸਾਰਾ 'ਪੰਜਾਬ' ਹੀ ਜਾਗ ਪਿਆ। ਪੰਡਤ ਮਦਨਮੋਹਨ ਮਾਲਵੀਆ ਨੇ ਇਕ ਵਾਰੀ ਗੱਲਬਾਤ ਦੇ ਦੌਰਾਨ ਕਹਿਆ ਸੀ, ਕਿ ਸਿੱਖ ਇਤਿਹਾਸ ਵਾਲੇ ਸ਼ਹੀਦ ਸਿੱਖਾਂ ਦੇ ਨਮੂਨੇ ਕਿਥੇ ਚਲੇ ਗਏ? ਬੰਦ ਬੰਦ ਕਟਵਾਉਣ ਤੇ ਖੋਪਰੀਆਂ ਉਤਰਾਉਣ ਵਾਲੇ ਸਿੱਖ ਕੀ ਮੁੱਕ ਗਏ ਹਨ? ਕੌਮ ਨੇ ਸਾਰਾ ਇਤਿਹਾਸ ਫਿਰ ਦੁਹਰਾ ਦਿੱਤਾ। ਜੰਡ ਨਾਲ ਬੰਨ੍ਹ ਸ਼ਹੀਦ ਹੋਏ, ਤੇਲ ਪਾ ਕੇ ਸਾੜੇ ਗਏ, ਗੋਲੀਆਂ ਨਾਲ ਭੁੰਨੇ ਗਏ, ਪਰ ਸੀ ਕਿਸੇ ਨਾ ਕੀਤੀ। ਗੁਰੂ ਕੇ ਬਾਗ ਨੇ ਤਾਂ ਸਮੁੱਚੇ ਹਿੰਦੁਸਤਾਨ ਵਿਚ ਕੁਰਬਾਨੀਆਂ ਦਾ ਚਾਅ ਭਰ ਦਿੱਤਾ। ੨੧ ਅਗਸਤ ੧੯੨੨ ਨੂੰ ਸਿੰਘਾਂ ਉਤੇ ਅਤਿਆਚਾਰ ਸ਼ੁਰੂ ਹੋਏ ਅਤੇ ੧੩ ਦਸੰਬਰ ਤੱਕ ਹੁੰਦੇ ਰਹੇ। ਬੀਟੀ ਦੀਆਂ ਡਾਂਗਾਂ ਵਰ੍ਹਦੀਆਂ, ਸਿੱਖ ਹੱਸ ਹੱਸ ਝਲਦੇ। ਕਈ ਪ੍ਰਿਥੀਪਾਲ ਸਿੰਘ ਵਰਗਿਆਂ ਨੇ ਡਾਂਗਾਂ ਦੇ ੯੮-੯੮ ਵਾਰ ਝੱਲੇ। ਸਰਦਾਰ ਪ੍ਰਿਥੀਪਾਲ ਸਿੰਘ ਸ਼ਹੀਦ ਤਾਂ ਹੋ ਗਏ ਪਰ ਅਜ਼ਾਦੀ ਦੇ ਮਹੱਲ ਦੀ ਨੀਂਹ ਬਹੁਤ ਡੂੰਘੀ ਭਰ ਗਏ। ਜਦ ਜਥਾ ਸ੍ਰੀ ਅਕਾਲ ਤਖ਼ਤ ਤੋਂ ਪ੍ਰਣ ਕਰ ਕੇ, ਕਿ ਸ਼ਾਂਤਮਈ ਰਹਿਣਾ ਹੈ, 'ਗੁਰੂ ਕੇ ਬਾਗ' ਵਲ ਸ਼ਬਦ ਪੜ੍ਹਦੇ ਜਾਂਦਾ ਸੀ, ਤਾਂ ਪੁੱਲੀ ਤੇ ਉਸ ਨੂੰ ਰੋਕ ਲਿਆ ਜਾਂਦਾ। ਪੈਰਾਂ ਤੇ ਗੋਡਿਆਂ ਉਪਰ ਡਾਂਗਾਂ ਮਾਰ ਕੇ ਉਨ੍ਹਾਂ ਨੂੰ ਗਿਰਾ ਲਿਆ ਜਾਂਦਾ ਸੀ। ਸਿੰਘ ਢੱਠੇ ਹੋਏ ਵੀ 'ਸਤਿਨਾਮ-ਵਾਹਿਗੁਰੂ' ਉਚਾਰਨ ਕਰੀ ਜਾਂਦੇ ਸਨ। ਡਿਗਿਆਂ ਹੋਇਆਂ ਤੇ ਵੀ ਡਾਂਗਾਂ ਦੀ ਬਾਰਸ਼ ਕਰ ਦਿਤੀ ਜਾਂਦੀ ਸੀ, ਜਿਵੇਂ ਮੁੰਜ ਕੁਟੀਂਦੀ ਹੈ। ਉਤਨੀ ਦੇਰ ਤੱਕ ਡਾਂਗਾਂ ਵਰ੍ਹਦੀਆਂ ਰਹਿੰਦੀਆਂ ਸਨ, ਜਦ ਤੱਕ ਜਥੇ ਦੇ ਸਿੰਘ ਬੇਹੋਸ਼ ਨਹੀਂ ਸਨ ਹੋ ਜਾਂਦੇ। ਜ਼ਰਾ ਕੁ ਹੋਸ਼ ਆਉਣ ਤੇ ਜਥਾ ਅੱਗੇ ਵੱਧਣ ਦਾ ਜਤਨ ਕਰਦਾ ਸੀ ਤਾਂ ਫਿਰ ਨਵੇਂ ਸਿਰਿਓਂ ਪੁਲਸ ਹੱਲਾ ਬੋਲ ਕੇ ਟੁਟ ਪੈਂਦੀ ਸੀ। ਜਦ 'ਅਕਾਲੀ' ਬਿਲਕੁਲ ਨਿਢਾਲ ਹੋ ਜਾਂਦੇ ਸਨ, ਤਾਂ ਉਨ੍ਹਾਂ ਨੂੰ ਐਂਬੂਲੈਂਸ ਕਾਰਾਂ ਵਿਚ ਲਦ ਕੇ ਲਾਂਭੇ ਜਾਂ ਹਸਪਤਾਲ ਲੈ ਜਾਇਆ ਜਾਂਦਾ ਸੀ। ਹਿੰਦੁਸਤਾਨ ਦੇ ਆਗੂਆਂ ਨੇ ਜਦ ਇਹ ਅੱਖੀਂ ਡਿੱਠਾ ਤਾਂ ਉਹ ਤ੍ਰਾਹ ਤ੍ਰਾਹ ਕਰ ਉਠ



www.AKJ.Org

ਸਨ। ਪਰ 'ਸਿੰਘ' ਹੁਕਮ ਦੇ ਬੱਧੇ ਸ਼ਾਂਤ-ਚਿਤ ਤੇ ਸ਼ਾਂਤਮਈ ਸਨ। ਇਕ ਵਾਰੀ ਇਕ ਬਲੋਚ ਸਿਪਾਹੀ ਨੇ ਡਾਂਗਾਂ ਮਾਰਦੇ ਇਕ 'ਸਿੰਘ' ਨੂੰ, ਨਾਲੇ ਹੀ ਗਾਲ੍ਹੀ ਗਲੋਚ ਕਰਦੇ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਾਰੇ ਕੁਬੋਲ ਬੋਲ ਕੇ ਕਹਿਆ, "ਬੁਲਾ ਆਪਣੇ ਗੋਬਿੰਦੇ ਨੂੰ". ਤਾਂ ਥੱਲੋਂ ਉੱਚੀ ਅਵਾਜ਼ ਨਾਲ 'ਸਿੰਘ' ਨੇ ਕਿਹਾ ਕਿ ਦਸ ਤਾਂ ਦਿਆਂ ਮੇਰਾ ਗੁਰੂ ਗੋਬਿੰਦ ਸਿੰਘ ਕਿਥੇ ਹੈ, ਪਰ ਜਥੇਦਾਰ ਦਾ ਹੁਕਮ ਹੈ, ਹੱਥ ਨਹੀਂ ਉਠਾਉਣਾ।

ਸੀ. ਐਫ. ਐਂਡਰੀਊਜ਼ ਨੇ ਜਦ ਖਿੜੇ ਮੱਥੇ ਸਿੰਘਾਂ ਨੂੰ ਡਾਂਗਾਂ ਖਾਂਦੇ ਦੇਖਿਆ, ਤਾਂ ਉਸ ਨੇ ਸਿੰਘਾਂ ਨੂੰ ਸ਼ਰਧਾਂਜਲੀ ਦੇਂਦੇ ਹੋਏ ਕਿਹਾ, ਕਿ ਇਕ ਨਹੀਂ, ਉਹ ਆਪਣੇ ਸਾਹਮਣੇ ਅਨੇਕ ਹੀ 'ਈਸਾ' ਸੂਲੀ ਤੇ ਚੜ੍ਹੇ ਦੇਖ ਰਿਹਾ ਸੀ। ਸ੍ਰੀ ਐਂਡਰੀਊਜ਼ ਨੇ ਆਪਣੇ ਲਿਖਤੀ ਬਿਆਨ ਵਿਚ ਕਹਿਆ :—

"ਇਸ ਬਿਆਨ ਰਾਹੀਂ ਮੈਂ ਸਿਰਫ਼ ਇਹ ਹੀ ਦੱਸਣ ਦੀ ਕੋਸ਼ਿਸ਼ ਕਰਾਂਗਾ, ਜੋ ਮੈਂ ਅੰਮ੍ਰਿਤਸਰ ਪੁਜ ਕੇ ੧੨ ਸਤੰਬਰ ੧੯੨੨ ਨੂੰ ਆਪਣੀ ਅੱਖੀਂ ਵੇਖਿਆ।"

ਇਕ ਵਜੇ ਦੁਪਹਿਰ ਮੈਂ ਗੁਰੂ ਕੇ ਬਾਗ ਚਲ ਪਿਆ, ਰਾਹ ਵਿਚ ਥਾਂ ਥਾਂ ਪਿੰਡਾਂ ਦੇ ਮਰਦ ਤੇ ਔਰਤਾਂ ਖੜੀਆਂ ਸਨ, ਜਿਨ੍ਹਾਂ ਛਬੀਲ ਲਾਈ ਹੋਈ ਸੀ। ਤਾਂ ਕਿ ਆਉਂਦੇ ਜਥੇ ਦੀ ਰਤਾ ਕੁ ਸੇਵਾ ਕਰ ਸੱਕਣ। ਸਭ ਤੋਂ ਵੱਧ ਮੈਂ ਔਰਤਾਂ ਦੀ ਭਰਪੂਰ ਸ਼ਰਧਾ ਦੇਖੀ। ਉਨ੍ਹਾਂ ਦੇ ਮੁਖੜਿਆਂ ਤੋਂ ਅੱਗੇ ਵੱਧਦੇ ਜਥੇ ਲਈ ਜੋ ਧਰਮ-ਹੇਤ ਬਦਲੇ ਦੀ ਭਾਵਨ-ਰਹਿਤ ਕੁਰਬਾਨ ਹੋਣ ਜਾ ਰਹੇ ਸਨ, ਮਮਤਾ ਟੱਪਕਦੀ ਸੀ।

ਕਈ ਔਖ ਝੱਲ ਕੇ ਤੇ ਬੜੀ ਮੁਸ਼ਕਲ ਨਾਲ ਆਖ਼ਰ ਅਸੀਂ 'ਗੁਰੂ ਕੈ ਬਾਗ' ਪੁੱਜੇ। ਪੁੱਜਦੇ ਸਾਰ ਜਿਸ ਤੇ ਸਾਡੀ ਸਭ ਤੋਂ ਪਹਿਲੀ ਨਜ਼ਰ ਪਈ, ਉਹ ਅੱਠ ਮੋਟਰ-ਲਾਰੀਆਂ ਸਨ, ਜੋ ਆਮ ਤੌਰ ਤੇ ਸਵਾਰੀਆਂ ਢੋਣ ਲਈ ਵਰਤੀਆਂ ਜਾਂਦੀਆਂ ਸਨ। ਹੁਣ ਉਨ੍ਹਾਂ ਨੂੰ ਐਂਬੂਲੈਂਸ ਵੈਗਨਾਂ ਦੇ ਤੌਰ ਤੇ ਵਰਤਿਆ ਜਾ ਰਹਿਆ ਸੀ।

ਜਿਸ ਵੇਲੇ ਮੈਂ ਗੁਰੂ ਕੇ ਬਾਗ ਦੇ ਗੁਰਦਵਾਰੇ ਪੁੱਜਾ, ਤਾਂ ਸਭ ਤੋਂ ਹੈਰਾਨੀ ਮੈਨੂੰ ਸੰਗਤਾਂ ਵਿਚ ਸ਼ਾਂਤੀ ਦੇਖ ਕੇ ਹੋਈ। ਇਤਨੇ ਭਾਰੀ ਇਕੱਠ ਵਿਚ 'ਘਬਰਾਹਟ' ਨਾਂ ਵਾਲੀ ਕੋਈ ਚੀਜ਼ ਨਹੀਂ ਸੀ। ਦਰਸ਼ਨੀ ਡਿਉੜੀ ਦੇ ਨਾਲ ਹੀ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਹੋ ਰਿਹਾ ਸੀ ਤੇ ਬਹੁਤ ਸਾਰੀ ਸੰਗਤ ਧਿਆਨ ਨਾਲ ਸੁਣ ਰਹੀ ਸੀ। ਲਾਗੇ ਹੀ ਕੁਝ ਸੇਵਾਦਾਰ ਆਏ ਹੋਏ ਯਾਤਰੂਆਂ ਲਈ ਚੱਕੀ ਵਿਚ ਆਟਾ ਪੀਹ ਕੇ, ਰਾਤ ਦੇ ਲੰਗਰ ਦੀਆਂ ਤਿਆਰੀਆਂ ਕਰ ਰਹੇ ਸਨ। ਉਥੇ ਇਸ ਗੱਲ ਦਾ ਰਤਾ ਭਰ ਵੀ ਚਿੰਨ੍ਹ ਨਹੀਂ ਸੀ ਕਿ ਹੁਣ ਡਾਂਗਾਂ ਪੈ ਕੇ ਹਟੀਆਂ ਹਨ ਜਾਂ ਪੈ ਰਹੀਆਂ ਹਨ ਜਾਂ ਡਾਂਗਾਂ ਝੱਲ ਕੇ ਸਿੰਘ ਆਏ ਹਨ। ਜਦ ਮੈਂ ਇਕ ਕੋਲੋਂ ਪੁਛਿਆ, ਤਾਂ ਉਸ ਦਸਿਆ ਕਿ ਡਾਂਗਾਂ ਵਰ੍ਹ ਰਹੀਆਂ ਹਨ।

ਇਹ ਸੁਣਦੇ ਸਾਰ ਮੈਂ ਅਗੇ ਵਧਿਆ, ਉਥੇ ਕਈ ਸੈਂਕੜੇ ਸਿੱਖ ਖ਼ਾਲੀ ਥਾਂ ਜ਼ਮੀਨ ਤੇ ਬੈਠੇ ਸਨ ਤੇ ਭਰੀਆਂ ਅੱਖਾਂ ਨਾਲ ਦੇਖ ਰਹੇ ਸਨ ਕਿ ਉਨ੍ਹਾਂ ਸਾਹਮਣੇ ਕੀ ਹੋ ਰਹਿਆ ਹੈ। ਉਨ੍ਹਾਂ ਦੇ ਚਿਹਰਿਆਂ ਵਲ ਮੈਂ ਗਹੁ ਨਾਲ ਦੇਖ ਕੇ, ਇਕ ਮਕਾਨ ਦੀ ਨੁਕਰ ਵਿਚ, ਉਸ ਥਾਂ ਤੇ ਹੋ ਗਿਆ, ਜਿਥੋਂ ਸਾਰੀ ਮਾਰ-ਕੁਟਾਈ ਦੇਖੀ ਜਾ ਸਕਦੀ ਸੀ। ਦੇਖਣ ਵਾਲੀਆਂ ਸੰਗਤਾਂ ਵਿਚੋਂ ਕੋਈ ਵੀ ਚੀਕ-ਚਿਹਾੜਾ ਨਹੀਂ ਸੀ ਪਾ ਰਹਿਆ। ਸਿਰਫ਼ ਉਨ੍ਹਾਂ ਦੇ ਬੁਲ੍ਹ ਫ਼ਰਕ ਫ਼ਰਕ ਕੇ 'ਜਾਪ' ਤੇ 'ਅਰਦਾਸ' ਕਰ ਰਹੇ ਸਨ।

ਇਹ ਸਾਫ਼ ਦਿਸਦਾ ਸੀ ਕਿ ਉਨ੍ਹਾਂ ਨੂੰ ਹਦਾਇਤ ਦਿਤੀ ਗਈ ਹੈ ਕਿ 'ਵਾਹਿਗੁਰੂ' 'ਵਾਹਿਗੁਰੂ ਹੀ ਕਰਨ ਤੇ ਵਾਹਿਗੁਰੂ ਅੱਗੇ ਅਰਦਾਸ ਕਰਨ, ਕਿ ਉਹ ਫ਼ਤਿਹ ਬਖਸ਼ੇ। ਮੈਂ ਸਿਰਫ਼ ਇਤਨਾ ਹੀ ਕਹਿ ਸਕਦਾ ਹਾਂ ਕਿ ਉਨ੍ਹਾਂ ਦਾ ਸ਼ਾਂਤ-ਚਿਤ ਰਹਿਣਾ, ਅਰਦਾਸ ਕਰਨਾ ਅਤੇ ਮੁਖੋਂ ਸੀ ਨਾ ਉਚਾਰਨਾ, ਮੈਨੂੰ 'ਈਸਾ' ਦੀ ਸੂਲੀ ਯਾਦ ਕਰਾ ਰਿਹਾ ਸੀ। ਜੋ ਉਨ੍ਹਾਂ ਤੇ ਬੀਤ ਰਹੀ ਸੀ, ਸੱਚਮੁੱਚ, ਲੱਗ ਪੱਗ ਹਜ਼ਰਤ ਈਸਾ ਦੀ ਸੂਲੀ ਤੇ ਚੜ੍ਹਾਈ ਵਾਂਗ ਸੀ।
(What was happening to them, wat truly in some din was, a crucificatien)

ਹੁਣ ਤਕ ਮੈਂ ਜੱਫਰ ਜਾਲਦੇ ਸਿੰਘਾਂ ਨੂੰ ਅੱਖੀਂ ਨਹੀਂ ਸੀ ਦੇਖਿਆ, ਸਿਰਫ਼ ਦਰਸ਼ਕਾਂ ਦੇ ਚਿਹਰਿਆਂ ਤੋਂ ਅਨੁਮਾਨ ਲਗਾਇਆ ਸੀ। ਜਦ ਮੈਂ ਵਧਦੀ ਦੀਵਾਰ ਟੱਪ ਕੇ ਅੱਗੇ ਵਧਿਆ ਤੇ 'ਆਖ਼ਰ, 'ਭਲਾਈ ਬੁਰਾਈ


www.AKJ.org

ਦੀ ਟੱਕਰ' ਨੂੰ ਸਾਹਮਣੇ ਹੋ ਦੇਖਿਆ ਤਾਂ ਮੈਨੂੰ ਦਰਸ਼ਕਾਂ ਦੀਆਂ ਅਰਦਾਸਾਂ ਤੇ ਮੁਖਾਂ ਤੋਂ ਤਨਾਓ ਦੀ ਸਮਝ ਆਈ। ਇਹ ਐਸਾ ਦ੍ਰਿਸ਼ ਸੀ, ਜਿਸ਼ ਨੂੰ ਕਦੇ ਕੋਈ ਅੰਗਰੇਜ਼ ਹੋਣਾ ਮੰਨ ਹੀ ਨਹੀਂ ਸਕਦਾ ਤੇ ਪਰਮਾਤਮਾ ਫਿਰ ਮੈਨੂੰ ਕਦੇ ਨਾ ਦਿਖਾਵੇ। ਉਥੇ ਚਾਰ ਕਾਲੀ ਪਗੜੀ ਬੰਨ੍ਹੇ ਹੋਏ 'ਅਕਾਲੀ' ਸਿੱਖ, ਦਰਜਨ ਕੁ ਸਿਪਾਹੀਆਂ, ਜਿਨ੍ਹਾਂ ਵਿਚ ਦੋ ਅੰਗਰੇਜ਼ ਅਫਸਰ ਵੀ ਸਨ; ਸਾਹਮਣੇ ਖਲੋਤੇ ਸਨ। ਉਹ ਸ਼ਬਦ ਹੀ ਪੜ੍ਹਦੇ ਪੋਲੀਸ ਦੀ ਕਤਾਰ ਤਕ ਪੁਜੇ ਅਤੇ ਇਕ ਗਜ਼ ਦੇ ਫ਼ਾਸਲੇ ਤੇ ਆ ਕੇ ਖੜੇ ਹੋ ਗਏ। ਉਨ੍ਹਾਂ ਦੇ ਦੋਵੇਂ ਹੱਥ ਜੁੜੇ ਹੋਏ ਸਨ ਤੇ ਇਹ ਪਰਗਟ ਸੀ ਕਿ ਉਹ 'ਅਰਦਾਸ' ਕਰ ਰਹੇ ਸਨ। ਫਿਰ ਬਗੈਰ ਕੋਈ ਜਥੇ ਵਲੋਂ ਭੜਕਾਹਟ ਦੇ ਸ਼ਬਦ ਦੇ, ਇਕ ਅੰਗਰੇਜ਼ ਅਫ਼ਸਰ ਨੇ ਹੱਥ ਵਿਚ ਫੜੇ ਡੰਡੇ ਨੂੰ ਅਰਦਾਸ ਕਰਦੇ ਇਕ ਸਿੰਘ ਦੀ ਹੰਸਲੀ (ਕਾਲਰ-ਬੋਨ) ਤੇ ਜ਼ੋਰ ਨਾਲ ਮਾਰਿਆ। ਇਹ ਸਭ ਤੋਂ ਕੁਹਜਾ ਤੇ ਬੁਜ਼ਦਿਲਾਨਾ ਵਾਰ ਸੀ, ਜੋ ਮੈਂ ਹੁੰਦੇ ਦੇਖਿਆ। ਮੈਂ ਬੜੀ ਮੁਸ਼ਕਲ ਨਾਲ ਆਪਣੇ ਆਪ ਨੂੰ ਕਾਬੂ ਰਖ ਸਕਿਆ। ਆਉਣ ਤੋਂ ਪਹਿਲਾਂ ਹੀ ਮੈਂ ਇਹ ਪੱਕਾ ਮਨ ਬਣਾ ਲਿਆ ਸੀ, ਕਿ ਕੁਝ ਵੀ ਹੋਵੇ, ਮੈਂ ਬਚਨ ਤੇ ਕਰਮ (ਵੇਰਡ ਤੇ ਭੀੜ) ਨਾਲ ਦਖਲ ਨਹੀਂ ਦਿਆਂਗਾ ਤੇ ਸ਼ਾਂਤ ਰਵ੍ਹਾਂਗਾ ਤੇ ਉਸੇ ਪ੍ਰਣ ਤੇ ਮੈਂ ਵੀ ਕਾਇਮ ਰਵ੍ਹਾਂਗਾ ਜੋ ਜਥੇ ਦੇ ਬਾਕੀ ਮੈਂਬਰ ਕਰ ਕੇ ਆਉਂਦੇ ਹਨ। ਸੋ ਮੇਰੀ ਮੂਕ ਸ਼ਾਂਤੀ ਅਵੱਸ਼ ਸੀ, ਪਰ ਜਿਨ੍ਹਾਂ ਇਹ ਸਾਕਾ ਨਹੀਂ ਦੇਖਿਆ, ਉਨ੍ਹਾਂ ਲਈ ਸਮਝਣਾ ਕਠਨ ਹੈ, ਕਿ ਸ਼ਾਂਤ-ਚੁਪ ਰਹਿਣਾ ਕਿਤਨਾ ਕਠਨ ਸੀ।

ਜਿਹੜੀ ਹੁੱਝ ਪੈਂਦੀ ਮੈਂ ਡਿਠੀ ਸੀ, ਉਹ ਅਕਾਲੀ ਸਿੱਖ ਨੂੰ ਭੁੰਜੇ ਸੁੱਟਣ ਲਈ ਕਾਫ਼ੀ ਸੀ। ਉਹ ਥੱਲੇ ਡਿਗ ਪਿਆ ਤੇ ਹੌਲੇ ਹੌਲੇ ਫਿਰ ਉਠਿਆ ਤੇ ਉਸੇ ਤਰ੍ਹਾਂ ਦੀ ਫਿਰ ਜ਼ਰਬ ਸਿੰਘ ਤੇ ਕੀਤੀ ਗਈ। ਚਾਰਾਂ ਵਿਚੋਂ, ਜਿਹੜਾ ਇਕ ਵਧਿਆ ਹੋਇਆ ਸੀ, ਉਸ ਨੂੰ ਹੇਠਾਂ ਲਿਟਾ ਕੇ ਉਸ ਤੇ ਬਾਰ ਬਾਰ ਕਦੇ ਅੰਗਰੇਜ਼ ਵਲੋਂ ਤੇ ਉਸ ਦੀ ਕਮਾਨ ਹੇਠ ਸਿਪਾਹੀ ਵਲੋਂ ਤਾਬੜਤੋੜ ਵਾਰ ਕੀਤੇ ਗਏ। ਦੂਜੇ ਤਿੰਨਾਂ ਨੂੰ ਭਰਪੂਰ ਵਾਰ ਕਰ ਕੇ ਛੇਤੀ ਹੀ ਡੇਗ ਲਿਆ ਗਿਆ। ਇਸ ਹੋਰਨਾਂ ਮੌਕਿਆਂ ਤੇ ਪੁਲੀਸ ਦਾ ਅਤਿਆਚਾਰ ਵਹਿਸ਼ੀਆਂ ਤੋਂ ਵੱਧ ਸੀ। ਮੈਂ ਆਪੂੰ ਅੱਖੀਂ ਡਿੱਠਾ ਕਿ ਅੱਗੇ ਖਲੋਤੇ ਸਿੱਖ ਦੇ ਪੇਟ ਤੇ ਕੱਸ ਕੇ ਪੁਲੀਸ ਨੇ ਲੱਤ ਮਾਰੀ। ਇਹ ਇਤਨੀ ਘਿਰਣਾਜਨਕ ਨੀਚ ਜ਼ਰਬ ਸੀ ਕਿ ਮੈਂ ਵੀ ਚੀਖਣ ਬਗ਼ੈਰ ਰਹਿ ਨ ਸਕਿਆ ਅਤੇ ਅਗੇ ਦੌੜ ਪਿਆ, ਪਰ ਪਿਛੋਂ ਇਸ ਤੋਂ ਵੀ ਕੁਹਜੀ ਜ਼ਰਬ ਮੈਂ ਉਸ ਵੇਲੇ ਦੇਖੀ, ਜਦ ਜ਼ਮੀਨ ਤੇ ਢੱਠੇ, ਨਿਸਲ ਪਏ ਅਕਾਲੀ ਸਿੱਖ ਉਤੇ ਇਕ ਸਿਪਾਹੀ ਨੇ ਆਪਣੇ ਬੂਟਾਂ ਸਮੇਤ, ਭਾਰੀ ਪੈਰਾਂ ਨਾਲ, ਮੋਢੇ ਤੇ ਗਲੇ ਵਿਚਕਾਰ ਆਪਣਾ ਪੂਰਾ ਵਜ਼ਨ ਪਾ ਕੇ ਸਟ ਮਾਰੀ, ਤੀਜੀ ਪਹਿਲੀਆਂ ਵਰਗੀਆਂ ਹੀ ਨੀਚ ਤੇ ਕੁਹਜੀ ਜ਼ਰਬ ਉਸ ਅਕਾਲੀ ਸਿੱਖ ਨੂੰ ਮਾਰੀ, ਜਦ ਉਹ ਡਿਗੇ ਸਿੰਘ ਨੂੰ ਢਾਰਸ ਦੇਣ ਲਈ ਰੁਕਿਆ ਸੀ। ਇਸ ਜ਼ਰਬ ਨਾਲ ਉਹ ਸਿੰਘ ਉਸ ਨਿਢਾਲ ਤੇ ਬੇਹੋਸ਼ ਪਏ ਸਿੰਘ ਤੇ ਡਿਗ ਪਿਆ, ਜਿਸ ਨੂੰ ਉਠਾਉਣ ਲਈ ਵੈਗਨਾਂ ਤੋਂ ਦੋ ਵਰਕਰ ਵੀ ਆ ਚੁਕੇ ਸਨ। ਇਸ ਨੀਚ ਕਰਮ ਨੂੰ ਰੋਕਣ ਲਈ ਮੈਂ ਅੰਗਰੇਜ਼ ਅਫਸਰ ਨੂੰ ਕਹਿਆ, ਪਰ ਇਕ ਨਾ ਸੁਣੀ ਗਈ।

'ਇਹ ਵਹਿਸ਼ੀਪੁਣਾ ਤੇ ਗ਼ੈਰ-ਇਨਸਾਨੀ ਕਰਤੂਤ ਦਾ ਬਿਆਨ ਕਰਨਾ ਹੋਰ ਵੀ ਮੁਸ਼ਕਲ ਹੋ ਜਾਂਦਾ ਹੈ, ਜਦ ਇਸ ਗੱਲ ਦਾ ਹਰ ਇਕ ਨੂੰ ਗਿਆਨ ਹੈ ਕਿ ਜਿਨ੍ਹਾਂ ਨੂੰ ਕੁਟਿਆ ਜਾ ਰਹਿਆ ਹੈ, ਉਹ ਵਾਹਿਗੁਰੂ ਦਾ ਜਾਪ ਕਰਦੇ ਆ ਰਹੇ ਸਨ ਤੇ ਉਹਨਾਂ ਪ੍ਰਣ ਕੀਤਾ ਹੋਇਆ ਸੀ ਕਿ ਬਚਨ ਤੇ ਕਰਮ ਨਾਲ ਸ਼ਾਂਤ ਰਹਿਣਗੇ ਤੇ ਹੱਥ ਨਹੀਂ ਉਠਾਉਣਗੇ। ਜਿਨ੍ਹਾਂ ਅਕਾਲੀ ਸਿੱਖਾਂ ਨੇ ਪਹਿਲਾਂ ਹਰਿਮੰਦਰ ਸਾਹਿਬ ਤੇ ਫਿਰ ਗੁਰੂ ਕੇ ਬਾਗ ਵਿਚ ਸ਼ਾਂਤ ਰਹਿਣ ਦਾ ਪ੍ਰਣ ਕੀਤਾ, ਉਹ ਬਹੁਤ ਕਰ ਕੇ ਫ਼ੌਜੀ ਸਨ। ਉਹ ਫਲੇਡਰਜ਼, ਫ਼ਰਾਂਸ ਤੇ ਮੈਸੋਪੋਟਾਮੀਆ ਤੇ ਈਸਟ ਅਫ਼ਰੀਕਾ ਦੇ ਮੁਹਾਜ਼ਾਂ ਤੇ ਜੂਝ ਚੁਕੇ ਸਨ। ਉਹ ਹੁਣ ਉਨ੍ਹਾਂ ਅੰਗਰੇਜ਼ਾਂ ਹੱਥੋਂ ਹੀ ਮਾਰੇ ਜਾ ਰਹੇ ਸਨ, ਜਿਨ੍ਹਾਂ ਨਾਲ ਰਲ ਕੇ ਉਹ ਕਦੇ ਲੜੇ ਸਨ। ਉਹ ਦੁਖੜੇ ਝੱਲ ਕੇ ਪ੍ਰਣ ਨਿਭਾ ਰਹੇ ਸਨ, ਭਾਵੇਂ ਹਰ ਸੱਟ ਹੱਤਕ ਭਰੀ ਤੇ ਨਿਰਾਦਰੀ ਵਾਲੀ ਸੀ, ਪਰ ਜਿਵੇਂ ਉਹ ਖਿੜੇ ਮੱਥੇ ਭਾਣਾ ਮੰਨ ਰਹੇ ਸਨ, ਹਰ ਚੋਟ ਫਤਹ ਹੋ ਨਿਬੜ ਰਹੀ ਸੀ।

੧੩ ਸਤੰਬਰ ੧੯੨੨ ਨੂੰ ਸਬਰ ਨੇ ਜਬਰ ਤੇ ਜਿਤ ਪਾ ਲਈ। ਜਬਰ ਹਾਰ ਗਿਆ ਅਤੇ ਡਾਂਗਾਂ ਦੀ ਮਾਰ-ਕੁਟਾਈ ਬੰਦ ਹੋ ਗਈ। ਇਕ ਵਾਰੀ ਸਭ ਤੇ ਪ੍ਰਗਟ ਹੋ ਗਿਆ, ਕਿ ਸਿੱਖ ਉਹ ਹੀ ਹਨ। ਗਾਂਧੀ ਜੀ ਨੇ


www.AKJ.Org

ਤਾਰ ਵੀ ਦਿਤੀ ਕਿ ਜੰਗ ਆਜ਼ਾਦੀ ਦੀ ਪਹਿਲੀ ਸ਼ਾਂਤਮਈ ਲੜਾਈ ਜਿੱਤੀ ਗਈ, ਵਧਾਈਆਂ।

ਡਾਂਗਾਂ ਬਾਅਦ ਗੋਲੀਆਂ ਦੀ ਵਾਰੀ ਆਈ। ਸਿੰਘਾਂ 'ਜੈਤੋ' ਵਿਚ ਹਿਕ ਡਾਹ ਦਿਤੀ। ਗੋਲੀ ਚਲਦੀ ਰਹੀ, ਪਰ ਸਿੰਘ ਅਗੇ ਵਧੀ ਗਏ। ਪੰਦਰਾਂ ਮਿੰਟਾਂ ਵਿਚ ੯੭ ਸਿੰਘ ਸ਼ਹੀਦ ਹੋ ਗਏ। ਜੇ ਗੁਰੂ ਕੇ ਬਾਗ ਸੀ. ਐਫ. ਐਂਡਰੀਊਜ਼ ਕੰਬ ਉਠੇ ਸਨ ਤਾਂ ਜੈਤੋ ਦੇ ਸਾਕੇ ਸੁਣ ਕੇ 'ਨਹਿਰੂ' ਜੀ ਭੜਕ ਪਏ। ਆ ਕੇ ਗ੍ਰਿਫਤਾਰੀ ਦਿਤੀ।

ਫਿਰ ੧੯੪੭ ਵਿਚ ਵੀ ਇਹ ਸਿੰਘ ਹੀ ਸਨ, ਜਿਨ੍ਹਾਂ ਸਦਕਾ ਅੱਧਾ ਪੰਜਾਬ ਤੇ ਅੱਧਾ ਬੰਗਾਲ ਬਚਿਆ। ਮੌਲਾਨਾ ਆਜ਼ਾਦ ਨੇ ਆਪਣੀ ਪੁਸਤਕ 'ਇੰਡੀਆ ਵਿਨਜ਼ ਫਰੀਡਮ' ਵਿਚ ਸਪੱਸ਼ਟ ਕਰ ਦਿੱਤਾ ਹੈ ਕਿ ਕਾਂਗਰਸ ਤਾਂ ਜ਼ੋਨਾਂ ਬਨਾਉਣੀਆਂ ਮੰਨ ਕੇ ਸਾਰਾ ਪੰਜਾਬ ਤੇ ਸਾਰਾ ਬੰਗਾਲ ਆਸਾਮ ਸਮੇਤ ਮੁਸਲਮ ਲੀਗ ਨੂੰ ਹਵਾਲੇ ਕਰਨ ਲਈ ਤਿਆਰ ਹੋ ਗਈ ਸੀ। ੨ ਮਾਰਚ ੧੯੪੭ ਨੂੰ ਮਾ: ਤਾਰਾ ਸਿੰਘ ਨੇ ਨਾਹਰਾ ਲਗਾ ਕੇ ਅੱਧਾ ਪੰਜਾਬ ਤੇ ਸਾਰਾ ਕਸ਼ਮੀਰ ਬਚਾ ਲਿਆ। ਬਹੁਤ ਘਟ ਲੋਕਾਂ ਨੂੰ ਪਤਾ ਹੈ ਕਿ ਸਰਦਾਰ ਬਲਦੇਵ ਸਿੰਘ ਨੇ ਅਕਾਲ ਚਲਾਣੇ ਤੋਂ ਕੁਝ ਚਿਰ ਪਹਿਲਾਂ ਸ਼ਿਮਲਾ ਕਲੱਬ ਵਿਚ ਲੈਕਚਰ ਕਰਦੇ ਦਸਿਆ ਸੀ ਕਿ ਅੰਗਰੇਜ਼ ਤੇ ਮੁਹੰਮਦ ਅਲੀ ਜਿਨਾਹ, ਸਿੱਖਾਂ ਨੂੰ ਪੂਰਨ ਇਖ਼ਤਿਆਰਾਂ ਵਾਲੀ ਸਟੇਟ ਦੇਣ ਲਈ ਤਿਆਰ ਸਨ। ਉਹ ਹੀ ਸਿੱਖ ਸਨ, ਜਿਨ੍ਹਾਂ ਸਾਫ਼ ਇਨਕਾਰ ਕਰ ਦਿੱਤਾ। ਫਿਰ ਇਕ ਘਟਨਾ ਵੀ ਸੁਣਾਈ, ਕਿ ਜਦ ਲੰਡਨ ਦੀ ਵਾਰਤਾ ੧੯੪੭ ਅਪ੍ਰੈਲ ਦੀ ਨਾਕਾਮਯਾਬ ਹੋ ਗਈ ਤੇ ਨਹਿਰੂ ਜੀ ਉਠ ਕੇ ਚਲੇ ਗਏ, ਤਾਂ ਕਮਰੇ ਵਿਚ ਜਿਨਾਹ ਸਾਹਿਬ ਤੇ ਮੈਂ ਰਹਿ ਗਏ। ਮੈਂ ਮੁਹੰਮਦ ਅਲੀ ਜਿਨਾਹ ਕੋਲੋਂ ਪੁਛਿਆ ਕਿ ਆਪ ਜੀ ਨੂੰ ਕਿਤਨਾ ਵੱਡਾ ਪਾਕਿਸਤਾਨ ਚਾਹੀਦਾ ਹੈ, ਤਾਂ ਉਸ ਵੇਲੇ, ਮੇਜ਼ ਤੇ ਜੋ ਪੇਪਰ ਵੇਟ ਪਿਆ ਹੋਇਆ ਸੀ, ਚੁਕ ਕੇ ਜਿਨਾਹ ਨੇ ਕਹਿਆ, 'ਬਲਦੇਵ ਸਿੰਘ' ਭਾਵੇਂ ਇਤਨਾ ਹੀ ਹੋਵੇ, ਪਰ ਲੈਣਾ ਪਾਕਿਸਤਾਨ ਹੈ। ਮਾਊਂਟ ਬੈਟਨ ਨੂੰ ਵੀ ਇਹ ਪਤਾ ਲਗ ਗਿਆ ਸੀ, ਕਿ ਪਾਕਿਸਤਾਨ ਦਿਤੇ ਬਗੈਰ ਗੱਲ ਸਿਰੇ ਨਹੀਂ ਚੜ੍ਹਨੀ, ਕੈਂਬਲ ਜਾਨਸਨ ਨੇ ਜਦ ਮੀਟਿੰਗ ਦੀ ਸਮਾਪਤੀ ਉਪਰੰਤ ਡੂਡਲਜ਼ (ਚੀਰ ਘਚੋਲੀਆਂ, ਜੋ ਮਨੁਖ ਵਿਹਲੇ ਕਾਗਜ਼ ਤੇ ਖਿਚਦਾ ਰਹਿੰਦਾ ਹੈ) ਇਕੱਠੇ ਕੀਤੇ ਸਨ, ਤਾਂ ਮੁਹੰਮਦ ਅਲੀ ਜਿਨਾਹ ਨੇ ਇਕ ਮਾਹੌਲ ਬਣਾ ਕੇ, ਉਤੇ ਹਲਾਲੀ ਝੰਡਾ ਲਹਿਰਾਇਆ ਹੋਇਆ ਸੀ, 'ਪਾਕਿਸਤਾਨ' ਜ਼ਿੰਦਾਬਾਦ। ਅੱਜ ਭਾਵੇਂ ਕੋਈ ਮਰਜ਼ੀ ਪਿਆ ਆਖੇ, ਪਰ ਇਹ ਸਚਾਈ ਹੈ ਕਿ ਸਿੱਖ ਆਗੂ ਜੇ ਸਿਆਣਪ ਨਾਲ ਮੋਹਰੇ ਖੇਡਦੇ, ਤਾਂ ਕੌਮ ਲਈ ਇੱਜ਼ਤ ਵਾਲੀ ਥਾਂ ਪ੍ਰਾਪਤ ਕਰਵਾ ਸਕਦੇ ਸਨ। ਉਨ੍ਹਾਂ ਜੇ ਹਿੰਦੁਸਤਾਨ ਨਾਲ ਆਪਣੀ ਕਿਸਮਤ ਜੋੜੀ ਤਾਂ ਇੱਜ਼ਤ ਲਈ।

## ਮਨ ਖੁਟਹਰ

[ਅਜੀਤ ਸਿੰਘ ਜੀਤ, ਬਰੇਲਵੀ]

ਸਾਰਾ ਜੀਵਨ ਦਹਦਿਸ ਧਾਇਆ, ਸੀਤਲ ਮਨ ਨ ਹੋਇਆ।
ਨਿਸ ਦਿਨ ਹਰਕਾਇਆ ਮਨ-ਕੂਕਰ, ਲੋਭੀ ਮਨ ਨ ਮੋਇਆ।
ਨਾਮ-ਨਿਧਾਨ ਲਦਿਆ ਖੁਟਹਰ ਤੇ, ਜਲ-ਧਾਰਾ ਬਣ ਵਗਿਆ;
ਕੀਤੇ ਕਰਮਾਂ ਤੇ ਪਛਤਾ ਕੇ, 'ਜੀਤ' ਛਮ ਛਮ ਰੋਇਆ।

ਹਉਮੈ ਭੀਤ ਕਰਾਰੀ ਪਈ ਜਦ, ਤੁਸੀਂ ਹੋਏ ਪਰਦੇਸੀ।
ਆਂਗਣ ਦਿਲ ਦਾ ਸਖਣਾ ਹੋਇਆ, ਕੌਣ ਸਾਰ ਅਸਾਡੀ ਲੈਸੀ?
ਕੂੰਜ ਵਾਂਗ ਕੁਰਲਾ ਕੇ ਰੋਈ, ਪਛਤਾਵਾ ਵੀ ਆਇਆ,
ਬਖ਼ਸ਼ ਲੈ ਬਖ਼ਸ਼ਣਹਾਰ ਸੁਆਮੀ, ਆ ਵਸ ਆਪਣੇ ਦੇਸੀ।


www.AKJ.Org

# ਕਬਿਤ ਸਵੱਯੇ ਭਾਈ ਗੁਰਦਾਸ ਜੀ (੧੯)

ਨਹੀਂ ਦਦਸਾਰ ਪਿਤਾ ਪਿਤਾਮਾ ਪਰ-ਪਿਤਾਮਾ,
ਸਜਨ ਕੁਟੰਬ ਸੁਤ ਬਾਂਧਵ ਨ ਭ੍ਰਾਤਾ ਹੈ॥
ਨਹੀ ਨਨਸਾਰ ਮਾਤਾ ਪਰ-ਮਾਤਾ ਬ੍ਰਿਧ-ਪਰਮਾਤਾ,
ਮਾਮੂ ਮਾਮੀ ਮਾਸ਼ੀ ਔ ਮੌਸਾ ਬਿਬਿਧ ਬਿਖਯਾਤਾ ਹੈ॥
ਨਹੀ ਸਸੁਰਾਰ ਸਾਸੁ ਸਸੁਰਾ ਸਾਰੋ ਅਉ ਸਾਰੀ,
ਨਹੀ ਬਿਰਤੀਸੁਰ ਮੈ ਜਾਚਕ ਨ ਦਾਤਾ ਹੈ॥
ਅਸਨ ਬਸਨ ਧਨ ਧਾਮ ਕਾਹੂ ਮੈ ਨ ਦੇਖਿਓ,
ਜੈਸੋ ਗੁਰਸਿਖ ਸਾਧਸੰਗਤਿ ਕੋ ਨਾਤਾ ਹੈ॥੧੦੦॥

**ਪਦ ਅਰਥ** : ਦਦਸਾਰ–ਦਾਦਕਾ ਪਰਵਾਰ। ਪਿਤਾਮਾ–ਬਾਬਾ, ਦਾਦਾ। ਪਰ-ਪਿਤਾਮਾ–ਪੜਦਾਦਾ। ਕੁਟੰਬ–ਪਰਵਾਰ। ਸੁਤ–ਪੁਤਰ। ਬਾਂਧਵ–ਸਨਬੰਧੀ। ਨਨਸਾਰ–ਨਾਨਕਾ ਪਰਵਾਰ। ਪਰ-ਮਾਤਾ–ਨਾਨੀ। ਬ੍ਰਿਧ ਪਰ ਮਾਤਾ–ਪੜਨਾਨੀ। ਮਾਮੂ–ਮਾਮਾ। ਮੌਸਾ–ਮਾਸੜ। ਬਿਬਿਧ–ਕਈ ਤਰ੍ਹਾਂ। ਬਿਖਯਾਤਾ–ਪ੍ਰਸਿਧ, ਮੰਨੇ ਪ੍ਰਮੰਨੇ। ਸਸੁਰਾਰ–ਸਹੁਰਾ ਪਰਵਾਰ। ਸਸੁਰਾ–ਸਹੁਰਾ। ਸਾਰੋ–ਸਾਲਾ। ਅਉ–ਅਤੇ। ਸਾਰੀ–ਸਾਲੀ। ਬਿਰਤੀਸੁਰ–ਪ੍ਰੋਹਤ; ਕੁਲ-ਗੁਰੂ। ਜਾਚਕ–ਮੰਗਤਾ। ਅਸਨ–ਖਾਣ। ਬਸਨ–ਪਹਿਰਣ। ਧਨ–ਧਨ ਪਦਾਰਥ। ਧਾਮ–ਮਹਿਲ ਮਾੜੀਆਂ। ਸਾਧ ਸੰਗਤ–ਉਤਮ ਪੁਰਖਾਂ ਦੀ ਸੰਗਤ।

**ਅਰਥ** : ਦਾਦਕੇ ਪਰਵਾਰ ਵਿਚ (ਕੋਈ ਅਜਿਹਾ ਨਾਤਾ) ਨਹੀਂ ਹੈ, ਭਾਵੇਂ ਉਹ ਪਿਤਾ ਹੋਵੇ, ਭਾਵੇਂ ਬਾਬਾ ਦਾਦਾ ਜਾਂ ਪੜਦਾਦਾ ਹੋਵੇ ਅਤੇ ਨਾ ਹੀ ਪਰਵਾਰ ਦਾ ਕੋਈ ਸਜਨ ਪੁੱਤਰ, ਸਾਕ-ਸਰਬੰਧੀ ਜਾਂ ਭਰਾ ਹੋਵੇ (ਅਜਿਹਾ ਸਾਕ ਹੈ)।

(ਇਵੇਂ ਹੀ) ਨਾਨਕੇ ਪਰਵਾਰ ਵਿਚ (ਕੋਈ ਅਜਿਹਾ ਨਾਤਾ) ਨਹੀਂ ਹੈ, ਭਾਵੇਂ ਉਹ ਮਾਤਾ ਹੋਵੇ, ਨਾਨੀ ਹੋਵੇ ਜਾਂ ਪੜਨਾਨੀ ਹੋਵੇ, ਜਾਂ ਮਾਮਾ, ਮਾਮੀ, ਮਾਸੀ, ਮਾਸੜ ਹੋਵੇ; ਆਦਿ ਜੋ ਕਈ ਤਰ੍ਹਾਂ ਨਾਲ ਮੰਨੇ-ਪ੍ਰਮੰਨੇ ਸਾਕ ਹਨ।

(ਇਸੇ ਤਰ੍ਹਾਂ ਹੀ) ਸਹੁਰੇ ਪਰਵਾਰ ਵਿਚ (ਕੋਈ ਐਸਾ ਨਾਤਾ) ਨਹੀਂ ਹੈ, ਭਾਵੇਂ ਉਹ ਸੱਸ ਹੋਵੇ ਜਾਂ ਸਹੁਰਾ ਅਤੇ ਸਾਲਾ ਹੋਵੇ ਜਾਂ ਸਾਲੀ। (ਅਤੇ ਇਸੇ ਤਰ੍ਹਾਂ) ਕੁਲ-ਪ੍ਰੋਹਤ ਵਿਚੋਂ ਅਤੇ ਮੰਗਤੇ ਜਾਂ ਦਾਤੇ ਦਾ (ਕੋਈ ਸਾਕ) ਨਹੀਂ ਹੈ।

ਖਾਣ, ਪਹਿਰਣ, ਧਨ ਪਦਾਰਥ ਤੇ ਮਹਿਲ ਮਾੜੀਆਂ ਵਿਚ (ਕੋਈ ਅਜਿਹਾ ਸਨਬੰਧ) ਨਹੀਂ ਦੇਖਿਆ ਜਿਹੋ ਜਿਹਾ ਗੁਰਸਿੱਖਾਂ ਤੇ ਸਾਧ ਸੰਗਤ ਦਾ ਨਾਤਾ ਹੈ।੧੦੦।

ਜੈਸੇ ਮਾਤ ਪਿਤਾ ਪ੍ਰਤਿਪਾਲਤ ਅਨੇਕ ਸੁਤ,
ਅਨਿਕ ਸੁਤਨ ਪੈ ਨ ਤੈਸੇ ਹੁਇ ਆਵਈ॥
ਜੈਸੇ ਮਾਤਾ ਪਿਤਾ ਚਿਤ ਚਾਹਤ ਹੈ ਸੁਤਨ ਕਉ,
ਤੈਸੇ ਨ ਸੁਤਨ ਚਿਤ ਚਾਹ ਉਪਜਾਵਈ॥
ਜੈਸੇ ਮਾਤ ਪਿਤਾ ਸੁਤ ਸੁਖ ਦੁਖ ਸੋਗਾਨੰਦ,
ਸੁਖ ਦੁਖ ਮੈ ਨ ਤੈਸੇ ਸੁਤ ਠਹਿਰਾਵਈ॥
ਜੈਸੇ ਮਨ ਬਚ ਕ੍ਰਮ ਸਿਖਨ ਲਡਾਵੈ ਗੁਰੁ,
ਤੈਸੇ ਗੁਰ ਸੇਵਾ ਗੁਰਸਿਖ ਨ ਹਿਤਾਵਈ॥੧੦੧॥


www.AKJ.Org

**ਪਦ ਅਰਥ** : ਪ੍ਰਤਿਪਾਲਤ—ਪਾਲਦੇ ਪੋਖਦੇ ਹਨ। ਅਨੇਕ ਸੁਤ—ਕਈ ਪੁਤਰ। ਸੁਤਨ ਪੈ—ਪੁਤਰਾਂ ਪਾਸੋਂ। ਚਾਹਤ ਹੈ—ਪਿਆਰ ਕਰਦੇ ਹਨ। ਉਪਜਾਵਈ—ਪੈਦਾ ਹੁੰਦੀ। ਸੋਗਾਨੰਦ—ਸੋਗ+ਆਨੰਦ, ਦੁਖੀ ਸੁਖੀ। ਬਚਨ—ਬਚਨਾਂ ਦੁਆਰਾ। ਕ੍ਰਮ—ਕਰਮਾਂ ਰਾਹੀਂ। ਨ ਹਿਤਾਵਈ—ਨਹੀਂ ਪਿਆਰ ਕਰਦਾ।

**ਅਰਥ** : ਜਿਵੇਂ ਮਾਤਾ ਪਿਤਾ ਕਈ ਪੁਤਰਾਂ ਦੀ ਪਾਲਣਾ ਪੋਖਣਾ ਕਰਦੇ ਹਨ, ਤਿਵੇਂ ਉਨ੍ਹਾਂ ਪੁਤਰਾਂ ਪਾਸੋਂ ਨਹੀਂ ਹੋ ਆਉਂਦਾ।

ਜਿਵੇਂ ਮਾਤਾ ਪਿਤਾ ਹਿਰਦਿਓਂ ਪੁੱਤਰਾਂ ਨੂੰ ਪਿਆਰਦੇ ਹਨ, ਤਿਵੇਂ ਪੁੱਤਰਾਂ ਦੇ ਹਿਰਦੇ ਵਿਚ ਪਿਆਰ ਨਹੀਂ ਉਤਪੰਨ ਹੁੰਦਾ।

ਜਿਵੇਂ ਮਾਤਾ ਪਿਤਾ ਪੁਤਰਾਂ ਦੇ ਦੁਖਾਂ ਸੁਖਾਂ ਵਿਚ ਦੁਖੀ ਸੁਖੀ ਹੁੰਦੇ ਹਨ ਤਿਵੇਂ ਮਾਪਿਆਂ ਦੇ ਦੁਖਾਂ ਸੁਖਾਂ ਵਿਚ ਪੁਤਰਾਂ ਦੇ ਹਿਰਦੇ ਵਿਚ ਦੁਖ-ਸੁਖ ਨਹੀਂ ਪੋਂਹਦਾ।

ਜਿਵੇਂ ਮਨ ਬਾਣੀ ਕਰਮਾਂ ਕਰਕੇ ਸਤਿਗੁਰੂ ਸਿੱਖਾਂ ਨੂੰ ਲਾਡ ਕਰਦਾ ਹੈ ਤਿਵੇਂ ਗੁਰਸਿਖ-ਗੁਰੂ ਦੀ ਸੇਵਾ ਵਿਚ ਪਿਆਰ ਨਹੀਂ ਕਰਦਾ।੧੦੧।

ਜੈਸੇ ਕਛਪ ਧਰਿ ਧਿਆਨ ਸਾਵਧਾਨ ਕਰੈ,
ਤੈਸੇ ਮਾਤ ਪਿਤਾ ਪ੍ਰੀਤਿ ਸੁਤ ਨ ਲਗਾਵਈ॥
ਜੈਸੇ ਸਿਮਰਨ ਕਰਿ ਕੂੰਜ ਪਰਪਕ ਕਰੈ,
ਤੈਸੇ ਸਿਮਰਨ ਸੁਤ ਪੈ ਨ ਬਨਿ ਆਵਈ॥
ਜੈਸੇ ਗਊ ਬਛਰਾ ਕਉ ਦੁਗਧ ਪੀਆਇ ਪੋਖੈ,
ਤੈਸੇ ਬਛਰਾ ਨ ਗਊ ਪ੍ਰੀਤਿ ਹਿਤ ਲਾਵਈ॥
ਜੈਸੇ ਗਿਆਨ ਧਿਆਨ ਸਿਮਰਨ ਗੁਰੂ ਸਿਖ ਪ੍ਰਤਿ,
ਤੈਸੇ ਕੈਸੇ ਸਿਖ ਗੁਰ ਸੇਵਾ ਠਹਿਰਾਵਈ॥੧੦੨॥

**ਪਦ ਅਰਥ** : ਕਛਪ—ਕੱਛੂ ਕੁੰਮੀ। ਸਾਵਧਾਨ—ਸੁਚੇਤ, ਸਿਆਣਾ। ਸੁਤ—ਪੁਤਰ। ਸਿਮਰਨ ਕਰਿ—ਯਾਦ ਕਰ ਕੇ। ਪਰਪੱਕ—(ਉਡਣ ਦੇ) ਸਮਰੱਥ। ਦੁਗਧ—ਦੁੱਧ। ਪੋਖੈ—ਪਾਲਦੀ ਪੋਸਦੀ। ਹਿਤ—ਪਿਆਰ।

**ਅਰਥ** : ਜਿਵੇਂ ਕੱਛੂ ਕੁੰਮੀ (ਬੱਚੇ ਨੂੰ ਬ੍ਰੇਤੇ ਵਿਚ ਜੰਮ ਕੇ) ਧਿਆਨ ਨਾਲ ਹੀ ਸਿਆਣਾ ਕਰਦੀ ਹੈ, ਓਹੋ ਜਿਹੇ ਧਿਆਨ ਵਾਲੀ ਪ੍ਰੀਤੀ ਬੱਚਾ ਮਾਪਿਆਂ ਲਈ ਨਹੀਂ ਕਰਦਾ।

ਜਿਵੇਂ ਕੂੰਜ (ਸੈਂਕੜੇ ਕੋਹਾਂ ਤੇ ਉਡਾਰੀ ਲਾਂਦਿਆਂ) (ਬੱਚੇ ਨੂੰ) ਯਾਦ ਕਰ ਕਰ (ਉਡਣ ਲਈ) ਪਰਪੱਕ ਕਰਦੀ ਹੈ, ਤਿਹੋ ਜਿਹੀ ਯਾਦ ਬੱਚੇ ਕੋਲੋਂ (ਮਾਪਿਆਂ ਲਈ) ਨਹੀਂ ਹੋ ਸਕਦੀ।

ਜਿਵੇਂ ਗਊ ਵੱਛੇ ਨੂੰ (ਮੋਹ-ਹਿਤ ਨਾਲ) ਦੁੱਧ ਪਿਆ ਕੇ ਪਾਲਦੀ ਪੋਸਦੀ ਹੈ, ਤਿਵੇਂ ਵੱਛਾ ਗਊ ਨਾਲ ਪ੍ਰੀਤੀ ਉਸ ਮੋਹ-ਹਿੱਤ ਨਾਲ ਨਹੀਂ ਕਰ ਸਕਦਾ।

ਜਿਵੇਂ ਸਤਿਗੁਰੂ ਸਿਖ ਨੂੰ ਗੁਰ-ਗਿਆਨ, ਗੁਰ-ਧਿਆਨ ਅਤੇ ਨਾਮ-ਸਿਮਰਨ ਬਖਸ਼ ਕੇ ਪ੍ਰੀਤ ਕਰਦਾ ਹੈ, ਤਿਵੇਂ ਸਿਖ ਗੁਰੂ ਦੀ ਸੇਵਾ ਵਿਚ ਕਿਵੇਂ ਨਿਭ ਸਕਦਾ ਹੈ ?੧੦੨।

ਜੈਸੇ ਮਾਤ ਪਿਤਾ ਕੇਰੀ ਸੇਵਾ ਸਰਵਨ ਕੀਨੀ,
ਸਿਖ ਬਿਰਲੋ ਈ ਗੁਰ ਸੇਵਾ ਠਹਿਰਾਵਈ॥
ਜੈਸੇ ਲਛਮਨ ਰਘੁਪਤਿ ਭਾਇ ਭਗਤਿ ਮੈ,
ਕੋਟਿ ਮਧੇ ਕਾਹੂ ਗੁਰ ਭਾਈ ਬਨਿ ਆਵਈ॥
ਜੈਸੇ ਜਲ ਬਰਨ ਬਰਨ ਸਰਬੰਗ ਰੰਗ,
ਬਿਰਲੋ ਬਿਬੇਕੀ ਸਾਧ ਸੰਗਤਿ ਸਮਾਵਈ॥


www.AKJ.Org

ਗੁਰੁ ਸਿਖ ਸੰਧਿ ਮਿਲੇ ਬੀਸ ਇਕ ਈਸ ਈਸ,
ਪੂਰਨ ਕ੍ਰਿਪਾ ਕੈ ਕਾਹੂ ਅਲਖ ਲਖਾਵਈ ॥੧੦੩॥

**ਪਦ ਅਰਥ :** ਕੇਰੀ—ਦੀ। ਠਹਿਰਾਵਈ—ਟਿਕ ਸਕਦਾ ਹੈ। ਰਘੁਪਤਿ—ਸ੍ਰੀ ਰਾਮ ਚੰਦਰ। ਭਾਇ ਭਗਤਿ ਮੈ—ਪ੍ਰੇਮਾ ਭਗਤੀ ਨਾਲ। ਕੋਟਿ ਮਧੇ—ਕਰੋੜਾਂ ਵਿਚੋਂ। ਬਰਨ—ਰੰਗ। ਸਰਬੰਗ—ਸਾਰੇ ਅੰਗਾਂ ਕਰਕੇ, ਸਮੂਲਚਾ ਹੀ। ਬਿਬੇਕੀ—ਵਿਚਾਰਵਾਨ, ਨਾਮ-ਅਭਿਆਸੀ। ਸੰਧਿ—ਸੰਧੀ, ਮੇਲ। ਬੀਸ—ਵੀਹ ਵਿਸਵੇ, ਨਿਸਚੇ ਹੀ। ਈਸ—ਈਸ਼ਵਰ, ਪ੍ਰਭੂ। ਕਾਹੂ—ਕਿਸੇ ਵਿਰਲੇ। ਅਲਖ—ਸਮਝ ਤੋਂ ਪਰੇ ਵਾਹਿਗੁਰੂ।

**ਅਰਥ :** ਜਿਵੇਂ (ਅੰਨ੍ਹੇ) ਮਾਪਿਆਂ ਦੀ ਸੇਵਾ ਸਰਵਣ-ਪੁੱਤਰ ਨੇ ਕੀਤੀ, ਕੋਈ ਵਿਰਲਾ ਹੀ ਸਿਖ ਗੁਰੂ ਦੀ ਸੇਵਾ ਵਿਚ (ਇਸ ਤਰ੍ਹਾਂ) ਟਿਕ ਸਕਦਾ ਹੈ।

ਜਿਵੇਂ ਲਛਮਣ ਨੇ ਆਪਣੇ ਭਾਈ ਸ੍ਰੀ ਰਾਮ ਚੰਦਰ ਜੀ ਦੀ ਸੇਵਾ ਪ੍ਰੇਮਾ ਭਗਤੀ ਨਾਲ ਕੀਤੀ, ਕਰੋੜਾਂ ਵਿਚੋਂ ਕੋਈ ਵਿਰਲਾ ਸਿਖ ਹੀ (ਇਹੋ ਜਿਹਾ) ਹੋ ਸਕਦਾ ਹੈ।

ਜਿਵੇਂ ਪਾਣੀ ਕਿਸੇ ਵੀ ਰੰਗ ਨਾਲ ਮਿਲ ਕੇ ਸਮੂਲਚਾ ਹੀ ਉਸੇ ਰੰਗ ਦਾ ਹੋ ਜਾਂਦਾ ਹੈ, ਇਉਂ ਕੋਈ ਵਿਰਲਾ ਵਿਚਾਰਵਾਨ ਨਾਮ-ਅਭਿਆਸੀ ਗੁਰਸਿਖ ਸਾਧ ਸੰਗਤ ਵਿਚ ਜੁੜਦਾ ਹੈ।

ਗੁਰੂ ਅਤੇ ਸਿਖ ਦੇ ਮਿਲਾਪ ਹੋਇਆਂ, ਨਿਸਚੇ ਜਾਣੋ ਕਿ ਸਿਖ ਇਕ ਵਾਹਿਗੁਰੂ ਨਾਲ ਮਿਲ ਕੇ ਵਾਹਿਗੁਰੂ ਰੂਪ ਹੋ ਜਾਂਦਾ ਹੈ। (ਸਤਿਗੁਰੂ) ਐਸੇ ਵਿਰਲੇ ਗੁਰਸਿਖ ਨੂੰ ਪੂਰਨ ਕਿਰਪਾ ਕਰ ਕੇ ਅਲੱਖ ਵਾਹਿਗੁਰੂ ਦੀ ਸੋਝੀ ਕਰਾ ਦਿੰਦਾ ਹੈ।੧੦੩।

ਲੋਚਨ ਧਿਆਨ ਸਮ ਲੋਸਟ ਕਨਿਕ ਤਾ ਕੈ,
ਸ੍ਰਵਨ ਉਸਤਤਿ ਨਿੰਦਾ ਸਮਸਰਿ ਜਾਨੀਐ ॥
ਨਾਸਕਾ ਸੁਗੰਧ ਬਿਰਗੰਧ ਸਮ ਤੁਲਿ ਤਾ ਕੈ,
ਰਿਦੈ ਮਿਤ੍ਰ ਸਤ੍ਰ ਸਮਸਰਿ ਉਨਮਾਨੀਐ ॥
ਰਸਨ ਸੁਆਦ ਬਿਖੁ ਅੰਮ੍ਰਿਤੁ ਸਮਾਨ ਤਾ ਕੈ,
ਕਰ ਸਪਰਸ ਜਲ ਅਗਨਿ ਸਮਾਨੀਐ ॥
ਦੁਖ ਸੁਖ ਸਮਸਰਿ, ਬਿਆਪੇ ਨ ਹਰਖ ਸੋਗ,
ਜੀਵਨ ਮੁਕਤਿ ਗਤਿ ਸਤਿਗੁਰ ਗਿਆਨੀਐ ॥੧੦੪॥

**ਪਦ ਅਰਥ :** ਲੋਚਨ—ਨੇਤਰ। ਸਮ—ਬਰਾਬਰ। ਲੋਸਟ—ਮਿੱਟੀ ਦਾ ਢੇਲਾ। ਕਨਿਕ—ਸੋਨਾ। ਤਾ ਕੈ—ਉਸ ਲਈ। ਸ੍ਰਵਨ—ਕੰਨ। ਸਮਸਰਿ—ਇਕੋ ਜਿਹੇ। ਨਾਸਕਾ—ਨਾਸਾਂ, ਨੱਕ। ਬਿਰਗੰਧ—ਦੁਰਗੰਧੀ। ਸਮ ਤੁਲਿ—ਇਕ ਬਰਾਬਰ। ਸਤ੍ਰ—ਦੁਸ਼ਮਣ, ਵੈਰੀ। ਉਨਮਾਨੀਐ—ਵੀਚਾਰਦਾ, ਜਾਣਦਾ। ਰਸਨ—ਜੀਭ। ਬਿਖੁ—ਜ਼ਹਿਰ। ਕਰ—ਹੱਥ। ਸਪਰਸ—ਛੁਹ। ਅਗਨਿ—ਅਗਨੀ। ਸਮਾਨੀਐ—ਇਕ ਸਮਾਨ। ਬਿਆਪੇ—ਵਿਆਪਦਾ, ਪੋਂਹਦਾ। ਹਰਖ—ਖੁਸ਼ੀ। ਸੋਗ—ਗ਼ਮੀ। ਗਤਿ—ਗਤੀ, ਦਸ਼ਾ। ਗਿਆਨੀਐ—ਗਿਆਨ ਦੁਆਰਾ।

**ਅਰਥ :** ਤਿਸ (ਗੁਰੂ ਕੇ ਅਨਿੰਨ ਸਿਖ ਸੇਵਕ) ਦੇ ਨੇਤਰਾਂ ਲਈ ਮਿੱਟੀ ਦਾ ਢੇਲਾ ਤੇ ਸੋਨਾ ਇਕ ਬਰਾਬਰ ਹੈ ਅਤੇ ਉਸ ਦੇ ਕੰਨ ਉਸਤਤੀ ਤੇ ਨਿੰਦਾ ਨੂੰ ਇਕ-ਬਰਾਬਰ ਸਮਝਦੇ ਹਨ।

ਉਸ (ਗੁਰਸਿਖ) ਦੀਆਂ ਨਾਸਾਂ ਲਈ ਸੁਗੰਧੀ ਤੇ ਦੁਰਗੰਧੀ ਇਕੋ ਜਿਹੀ ਹੈ, ਅਤੇ ਉਹ ਆਪਣੇ ਹਿਰਦੇ ਵਿਚ ਦੁਸ਼ਮਣ ਤੇ ਦੋਸਤ ਨੂੰ ਇਕੋ ਜਿਹਾ ਜਾਣਦਾ ਹੈ।

ਉਸ ਦੀ ਜੀਭ ਲਈ ਜ਼ਹਿਰ ਤੇ ਅੰਮ੍ਰਿਤ (ਭੋਜਨ) ਦਾ ਸੁਆਦ ਇਕ ਬਰਾਬਰ ਹੈ ਅਤੇ ਉਸ ਦੇ ਹੱਥਾਂ ਨੂੰ ਪਾਣੀ ਤੇ ਅਗਨੀ ਦੀ ਸਪਰਸ਼ ਇਕੋ ਜਿਹੀ ਲਗਦੀ ਹੈ।

(ਉਸ ਲਈ) ਦੁਖ ਸੁਖ ਇਕੋ ਜਿਹੇ ਹਨ ਅਤੇ ਉਸ ਨੂੰ (ਦੁਖਾਂ ਸੁਖਾਂ ਵਿਚ) ਖੁਸ਼ੀ ਜਾਂ ਗ਼ਮੀ ਪੋਂਹਦੀ ਨਹੀਂ।

ਸਤਿਗੁਰੂ ਦੇ ਬਖ਼ਸ਼ੇ ਗਿਆਨ (ਨਾਮ-ਸਿਮਰਨ) ਸਦਕਾ ਅਜਿਹੇ ਗਿਆਨੀ ਪੁਰਖ ਦੀ ਦਸ਼ਾ ਜੀਵਨ-ਮੁਕਤ ਵਾਲੀ ਹੋ ਜਾਂਦੀ ਹੈ ।੧੦੪।

ਚਰਨ ਸਰਨਿ ਗਹੇ ਨਿਜ ਘਰ ਮੈ ਨਿਵਾਸ,
ਆਸਾ ਮਨਸਾ ਥਕਿਤ, ਅਨਤ ਨ ਧਾਵਈ ॥
ਦਰਸਨ ਮਾਤ੍ਰ ਆਨ ਧਿਆਨ ਸੈ ਰਹਤ ਹੋਇ,
ਸਿਮਰਨ ਆਨ ਸਿਮਰਨ ਬਿਸਰਾਵਈ ॥
ਸਬਦ ਸੁਰਤਿ ਮੋਨ ਬ੍ਰਤ ਕਉ ਪ੍ਰਾਪਤਿ ਹੋਇ,
ਪ੍ਰੇਮ ਰਸ ਅਕਥ ਕਥਾ ਨ ਕਹਿ ਆਵਈ ॥
ਕਿੰਚਤ ਕਟਾਛ ਕ੍ਰਿਪਾ ਪਰਮ ਨਿਧਾਨ ਦਾਨ,
ਪਰਮਦਭੁਤ ਗਤਿ ਅਤਿ ਬਿਸਮਾਵਈ ॥੧੦੫॥

**ਪਦ ਅਰਥ :** ਗਹੇ—ਪਕੜਿਆਂ, ਲਿਆਂ । ਨਿਜ ਘਰ—ਆਤਮ ਅਵਸਥਾ । ਥਕਿਤ—ਥਕ ਜਾਂਦੀਆਂ ਹਨ, ਮੁਕ ਜਾਂਦੀਆਂ ਹਨ । ਅਨਤ—ਹੋਰ ਪਾਸੇ । ਨ ਧਾਵਈ—ਨਹੀਂ ਦੌੜਦਾ । ਆਨ—ਹੋਰ । ਸੈ—ਤੋਂ । ਮੋਨ ਬ੍ਰਤ—ਚੁਪ ਅਵਸਥਾ । ਕਿੰਚਤ—ਰਤਾ ਜਿੰਨੀ । ਕਟਾਛ ਕ੍ਰਿਪਾ—ਮਿਹਰ ਦੀ ਨਜ਼ਰ । ਪਰਮ ਨਿਧਾਨ—(ਨਾਮ ਦਾ) ਅਮੋਲਕ ਖ਼ਜ਼ਾਨਾ । ਦਾਨ—ਬਖ਼ਸ਼ਸ਼ । ਪਰਮਦਭੁਤ—ਪਰਮ ਅਦਭੁਤ । ਗਤਿ—ਦਸ਼ਾ । ਅਤਿ ਬਿਸਮਾਵਈ—ਬਹੁਤ ਹੀ ਹੈਰਾਨ ਕਰਨ ਵਾਲੀ ।

**ਅਰਥ** : (ਸਤਿਗੁਰੂ ਦੇ) ਚਰਨਾਂ ਦੀ ਓਟ ਲਿਆਂ (ਗੁਰੂ ਕੇ ਅਨਿੰਨ ਸਿਖ ਦਾ) ਆਤਮ-ਅਵਸਥਾ ਵਿਚ ਵਾਸਾ ਹੋ ਜਾਂਦਾ ਹੈ, ਉਸ ਦੀਆਂ ਆਸਾ ਮਨਸਾ ਰਹਿ ਜਾਂਦੀਆਂ ਹਨ, ਫਿਰ ਉਹ ਹੋਰ ਕਿਸੇ ਪਾਸੇ ਨਹੀਂ ਭਟਕਦਾ ।

(ਸਤਿਗੁਰੂ ਦੇ) ਦਰਸ਼ਨ ਮਾਤ੍ਰ ਨਾਲ (ਗੁਰਸਿਖ) ਹੋਰ (ਦਰਸ਼ਨਾਂ ਦੇ) ਧਿਆਨ ਤੋਂ ਰਹਿਤ ਹੋ ਜਾਂਦਾ ਹੈ ਅਤੇ (ਸਤਿਗੁਰੂ ਦਾ ਬਖ਼ਸ਼ਿਆ) ਨਾਮ-ਸਿਮਰਨ ਹੋਰ ਸਭ ਤਰ੍ਹਾਂ ਦੇ ਸਿਮਰਨ ਭੁਲਾ ਦਿੰਦਾ ਹੈ ।

ਸ਼ਬਦ ਵਿਚ ਸੁਰਤਿ ਦੇ ਜੁੜਨ ਨਾਲ (ਗੁਰਮੁਖ ਜਨ) ਚੁਪ-ਅਵਸਥਾ ਨੂੰ ਪਾ ਲੈਂਦਾ ਹੈ, ਭਾਵ, ਉਹ ਵਾਧੂ ਬਕਬਾਦ ਵਲੋਂ ਹਟ ਜਾਂਦਾ ਹੈ । (ਉਸ ਦੇ) ਪ੍ਰਭੂ-ਪ੍ਰੇਮ ਵਿਚ ਨਾਮ-ਰਸ ਦੀ ਦਸ਼ਾ ਦਾ ਬਿਆਨ ਨਹੀਂ ਹੋ ਸਕਦਾ, ਉਹ ਦਸੀ ਹੀ ਨਹੀਂ ਜਾ ਸਕਦੀ ।

(ਸਤਿਗੁਰੂ ਦੀ) ਰਤਾ ਜਿੰਨੀ ਮਿਹਰ ਭਰੀ ਤਕਣੀ ਨਾਲ (ਨਾਮ ਦੇ) ਅਮੋਲਕ ਖ਼ਜ਼ਾਨੇ ਦੀ (ਤਿਸ ਗੁਰਸਿਖ ਨੂੰ) ਬਖ਼ਸ਼ਸ਼ ਹੋ ਜਾਂਦੀ ਹੈ । ਉਸ ਦੀ ਇਹ ਅਵਸਥਾ ਬਹੁਤ ਹੀ ਅਸਚਰਜ ਹੁੰਦੀ ਹੈ ਅਤੇ ਉਹ (ਵੇਖਣ ਵਾਲੇ ਲਈ) ਬਹੁਤ ਹੀ ਹੈਰਾਨ ਕਰ ਦੇਣ ਵਾਲੀ ਹੈ ।੧੦੫।


## ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ ਤੇ ਟਰੈਕਟ

| | | | |
|---|---|---|---|
| ਗੁਰਮਤਿ ਬਿਬੇਕ | ੨੦-੦੦ | ਗੁਰਮਤਿ ਸੱਚ ਨਿਰਣੈ | ੧੫-੦੦ |
| ਜੇਲ੍ਹ ਚਿੱਠੀਆਂ ੩੫-੦੦ ਰੰਗਲੇ ਸੱਜਣ | ੨੦-੦੦ | ਸਚਖੰਡ ਦਰਸ਼ਨ | ੭-੫੦ |
| ਗੁਰਮਤਿ ਗੌਰਵਤਾ | ੩੨-੦੦ | ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ-ਪ੍ਰਸਤੀ ਹੈ? | ੭-੫੦ |
| ਅਨਹਦ ਸ਼ਬਦ ਦਸਮ ਦੁਆਰ | ੧੫-੦੦ | ਜੋਤਿ ਵਿਗਾਸ (ਮਹਾਂ ਕਾਵਿ) | ੧੭-੫੦ |
| ਝਟਕਾ ਮਾਸ ਪ੍ਰਥਾਇ ਗੁਰਮਤਿ ਨਿਰਣੈ | ੧੨-੦੦ | ਆਸਤਕ ਤੇ ਨਾਸਤਕ | ੦-੭੫ |
| ਅੰਮ੍ਰਿਤ ਕੀ ਹੈ | ੩-੦੦ | ਨਾਮ ਸੰਬੰਧੀ ਵਿਚਾਰ | ੧-੭੫ |
| ਗੁਰਮਤਿ ਰਮਜ਼ਾਂ | ੨-੫੦ | ਬਾਬਾ ਵੈਦ ਰੋਗੀਆਂ ਦਾ | ੧-੦੦ |
| ਹਉਮੈ ਨਾਵੈ ਨਾਲਿ ਵਿਰੋਧੁ ਹੈ | ੧-੦੦ | ਸਿੱਖੀ ਸਿਦਕ ਤੇ ਧਰਮ ਰਖਿਆ | ੧-੦੦ |
| ਪਰਤੱਖ ਦਰਸ਼ਨ ੧-੦੦ ਵਾਹਿਗੁਰੂ ਸਿਮਰਨ | ੦-੭੫ | ਤਿਮਰ ਅਗਿਆਨ ਤੋਂ ਉਜਿਆਰਾ | ੧-੦੦ |


www.AKJ.Org

# ਹਲੇਮੀ ਰਾਜ

[ਸ; ਜਗਤਾਰ ਸਿੰਘ ਬਲਬੇੜਾ ਐਮ. ਏ.,
ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ]

ਇਹ ਹਕੀਕਤ ਹੈ ਕਿ ਮਨੁੱਖ ਦੇ ਵਿਅਕਤੀਗਤ ਵਿਕਾਸ ਲਈ ਧਾਰਮਿਕ ਸਾਧਨਾ ਵਿਸ਼ੇਸ਼ ਹਿੱਸਾ ਪਾਉਂਦੀ ਹੈ ਤੇ ਸਮਾਜਕ ਵਿਕਾਸ ਲਈ ਰਾਜ ਦੀ ਸ਼ਕਤੀ ਵਧੇਰੇ ਕੰਮ ਆਉਂਦੀ ਹੈ। ਇਨ੍ਹਾਂ ਦੋਹਾਂ ਨੂੰ ਸਿੱਖ ਪਰੰਪਰਾ ਵਿਚ 'ਮੀਰੀ ਪੀਰੀ' ਦਾ ਨਾਂ ਦਿੱਤਾ ਗਿਆ ਹੈ ਤੇ ਜੀਵਨ ਲਈ ਦੋਹਾਂ ਦੀ ਆਵੱਸ਼ਕਤਾ ਜ਼ਰੂਰੀ ਕਰਾਰ ਦਿਤੀ ਗਈ ਹੈ। ਕਾਰਨ ਇਹ ਕਿ ਭਾਰਤੀ ਇਤਿਹਾਸ ਵਿਚ ਸ਼ਕਤੀਹੀਣ ਧਰਮ ਦੀ ਜੋ ਦੁਰਗਤਿ ਹੋਈ, ਧਰਮ ਤੋਂ ਬਿਨਾਂ ਰਾਜ ਵਲੋਂ ਜੋ ਜ਼ੁਲਮੀ ਝੱਖੜ ਚਲ ਰਹੇ ਸਨ, ਉਹ ਗੁਰੂ ਸਾਹਿਬਾਨ ਦੇ ਸਾਹਮਣੇ ਸੀ, ਇਸ ਕਰਕੇ ਉਨ੍ਹਾਂ ਉਚੇਚੇ ਕਰਕੇ ਸਮਾਜਕ ਕਰਮਯੋਗ ਨੂੰ ਧਰਮ ਦਾ ਅੰਗ ਬਣਾਇਆ ਤੇ ਇਹੋ ਕਰਮਸ਼ੀਲਤਾ ਰਾਜਨੀਤਿਕ ਸ਼ਕਤੀ ਦੀ ਅਧਿਕਾਰੀ ਬਣੀ, ਜਿਸ ਨੇ ਆਪਣੇ ਉਚੇ ਸੁੱਚੇ ਮਿਸ਼ਨ ਦੀ ਪੂਰਤੀ ਲਈ ਸਮੇਂ-ਸਮੇਂ ਯੋਗ ਉਪਰਾਲੇ ਕੀਤੇ। ਮੀਰੀ ਪੀਰੀ ਦੇ ਸੰਗਮ ਦਾ ਭਾਵ ਇਹੋ ਸੀ ਕਿ ਧਰਮ ਤੇ ਰਾਜਨੀਤੀ ਚੜ੍ਹਦੀ ਕਲਾ ਤੇ ਸਰਬੱਤ ਦੇ ਭਲੇ ਲਈ ਮਿਲ ਕੇ ਚਲਣ। 'ਧਰਮ' ਮਨ ਨੂੰ ਜਿੱਤਣ ਦਾ ਹੁਨਰ ਹੈ, 'ਰਾਜ' ਦੁਨੀਆ ਨੂੰ ਜਿੱਤਣ ਦਾ। ਰਾਜ ਦਾ ਅਰਥ ਹਕੂਮਤ ਕਰਨ ਦੀ ਹਵਸ ਨਹੀਂ, ਸਗੋਂ ਰਾਜ ਦਾ ਭਾਵ ਹੈ ਸਮਾਜ ਦੀਆਂ ਪਦਾਰਥਕ ਸ਼ਕਤੀਆਂ ਨੂੰ ਕਾਬੂ ਕਰ ਕੇ ਉਨ੍ਹਾਂ ਨੂੰ ਵਿਸ਼ਵ-ਕਲਿਆਣ ਲਈ ਵਰਤਣ ਹਿਤ ਵਿਉਂਤਬਧ ਉਪਾਉ ਕਰਨਾ।

ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਸਚਾਈ ਦੀ ਪੱਕੀ ਨੀਂਹ ਉਤੇ ਇਕ ਤਰ੍ਹਾਂ ਅਜਿਹੇ ਰਾਜ ਦੀ ਬੁਨਿਆਦ ਰੱਖ ਦਿਤੀ ਸੀ, ਜਿਵੇਂ ਕਿ ਭਾਈ ਸਤੇ ਨੇ ਕਿਹਾ ਹੈ:–

ਨਾਨਕਿ ਰਾਜੁ ਚਲਾਇਆ, ਸਚੁ ਕੋਟੁ ਸਤਾਣੀ ਨੀਵ ਦੈ ॥੧॥ (ਵਾਰ ਰਾਮਕਲੀ, ਪੰਨਾ ੯੬੬)

ਇਸ ਦੇ ਨਾਲ ਹੀ ਗੁਰਬਾਣੀ ਵਿਚ 'ਹਲੇਮੀ ਰਾਜ' ਦੀ ਵਕਾਲਤ ਕੀਤੀ ਗਈ ਹੈ, ਉਹ ਰਾਜ ਜੋ ਸਖ਼ਤੀ ਜਾਂ ਜਬਰ ਦੀ ਥਾਂ ਹਰ ਇਕ ਪ੍ਰਾਣੀ ਨਾਲ ਸੁਹਿਰਦਤਾ ਦਾ ਵਰਤਾਰਾ ਕਰ ਕੇ ਸਭਿਆਚਾਰਕ ਵਿਕਾਸ ਦਾ ਸਾਧਨ ਬਣੇ।

'ਹਲੇਮੀ ਰਾਜ' ਵਿਚ ਊਚ-ਨੀਚ, ਜਾਤ-ਪਾਤ, ਰੂਪ-ਰੰਗ ਅਤੇ ਰੇਖ-ਭੇਖ ਦਾ ਭਿੰਨ-ਭੇਤ ਨਹੀਂ ਹੋਵੇਗਾ। ਇਸ ਰਾਜ ਵਿਚ ਕੌਮ, ਦੇਸ਼ ਅਤੇ ਧਰਮ ਦੀ ਭਿੰਨਤਾ ਕਰਕੇ ਮਨੁੱਖ, ਮਨੁੱਖ ਦਾ ਵੈਰੀ ਨਹੀਂ ਹੋਵੇਗਾ। ਇਹ ਰਾਜ ਮਨੁੱਖਤਾ ਵਿਚ ਪਈਆਂ ਕੁਲ ਗ਼ੈਰ-ਕੁਦਰਤੀ ਵੰਡੀਆਂ ਮਿਟਾ ਕੇ ਸੱਚ ਦਾ ਬੋਲ-ਬਾਲਾ ਕਰੇਗਾ। ਸਮੁਚੀ ਮਨੁੱਖਤਾ ਦੇ ਜੀਵਨ ਵਿਚ ਗ਼ੈਰਤ, ਸਵੈਮਾਣ ਦਾ ਜਜ਼ਬਾ ਠਾਠਾਂ ਮਾਰੇਗਾ। ਕੋਈ ਕਿਸੇ ਨੂੰ ਭੈ ਨਹੀਂ ਦੇ ਸਕੇਗਾ। ਭੈ-ਭਰੇ, ਦਹਿਸ਼ਤ ਭਰੇ, ਦੂਸ਼ਤ, ਦਿਲ ਦੁਖਾਊ ਵਾਤਾਵਰਣ ਦੀ ਹੋਂਦ ਹੀ ਨਹੀਂ ਹੋਵੇਗੀ।

ਹੁਣਿ ਹੁਕਮੁ ਹੋਆ ਮਿਹਰਵਾਣ ਦਾ ॥ ਪੈ ਕੋਇ ਨ ਕਿਸੈ ਰਞਾਣਦਾ ॥
ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ ॥੧੩॥ (ਪੰਨਾ ੭੪)

ਇਜਾਰੇਦਾਰ ਤੇ ਸਰਮਾਏਦਾਰ ਜ਼ਾਲਮਾਂ ਦੇ, ਮਜ਼ਲੂਮਾਂ ਦੇ ਦੁੱਧ-ਪੁੱਤ ਗ਼ੈਰਤ ਦੀ ਬਲੀ ਲੈ ਲੈ ਕੇ ਐਸ਼ ਦੀ ਜ਼ਿੰਦਗੀ ਬਿਤਾਉਣ ਲਈ ਉਸਾਰੇ ਬਹਿਸ਼ਤ ਨਹੀਂ ਰਹਿਣਗੇ। ਕਾਮੇ, ਮਜ਼ਦੂਰ ਸਾਰਾ ਸਾਰਾ ਦਿਨ ਅਮੀਰਾਂ ਸਰਮਾਏਦਾਰਾਂ ਦੇ ਦਰਾਂ 'ਤੇ ਹੱਡ ਹੰਢਾ, ਤੁੜਾ ਕੇ ਵੀ ਦੁੱਖ, ਭੁੱਖ ਵਾਲੀ ਦੋਜ਼ਖ ਦੀ ਅੱਗ ਵਿਚ ਨਹੀਂ ਸੜਨਗੇ। ਸਾਰੇ ਕਿਰਤੀ ਪ੍ਰਾਣੀ ਧਰਤੀ ਦੇ ਬਖ਼ਸ਼ੇ ਭੰਡਾਰਿਆਂ ਨੂੰ ਮਾਣਨ ਦੇ ਹੱਕਦਾਰ ਹੋਣਗੇ।

ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥੩॥੫॥ (ਪੰਨਾ ੯੭)

ਆਪਣੇ ਸਾਰੇ ਬੱਚਿਆਂ ਦੀ ਸੰਭਾਲ ਹੁੰਦੀ ਵੇਖ ਕੇ ਧਰਤੀ ਨਿਹਾਲ ਪਈ ਹੋਵੇਗੀ ਅਤੇ ਉਸ ਦਾ ਸੀਨਾ ਤਪਤ-ਹੀਨਾ ਹੋ ਕੇ ਠੰਡਾ-ਠਾਰ ਹੋ ਰਹੇਗਾ।

www.AKJ.Org

ਸਭੇ ਜੀਅ ਸਮਾਲਿ ਅਪਣੀ ਮਿਹਰ ਕਰੁ ॥
ਅੰਨੁ ਪਾਣੀ ਮੁਚੁ ਉਪਾਇ ਦੁਖ ਦਾਲਦੁ ਭੰਨਿ ਤਰੁ ॥
ਅਰਦਾਸਿ ਸੁਣੀ ਦਾਤਾਰਿ ਹੋਈ ਸਿਸਟਿ ਠਰੁ ॥
ਲੇਵਹੁ ਕੰਠਿ ਲਗਾਇ ਅਪਦਾ ਸਭ ਹਰੁ ॥
ਨਾਨਕ ਨਾਮੁ ਧਿਆਇ ਪ੍ਰਭ ਕਾ ਸਫਲੁ ਘਰੁ ॥੧॥੩੬॥ (ਪੰਨਾ ੧੨੫੧)

ਹਲੇਮੀ ਰਾਜ ਵਿਚ ਹਰ ਜਾਅ ਮਾਤਰ ਪ੍ਰਾਣੀ ਨੂੰ ਮਿਠਾਸ, ਪ੍ਰੇਮ, ਪਵਿੱਤਰਤਾ, ਨਿਸ਼ਕਪਟਤਾ, ਸਮਦ੍ਰਿਸ਼ਟਤਾ, ਕੋਮਲਤਾ, ਨਿਰਵਿਕਾਰਤਾ, ਨਿਆਂ ਅਤੇ ਇਨਸਾਫ ਮਿਲੇਗਾ। ਚਾਰੇ ਪਾਸੇ ਚਾਨਣ ਹੀ ਚਾਨਣ, ਹਰੀਆਵਲ ਅਤੇ ਖੇੜਾ ਹੀ ਖੇੜਾ ਨਜ਼ਰ ਆਵੇਗਾ। ਹਲੇਮੀ ਰਾਜ ਸੁੰਦਰਤਾ ਦਾ ਸੋਮਾ, ਦਇਆ ਦਾ ਸਮੁੰਦਰ, ਰਿਜ਼ਕ ਦਾ ਭੰਡਾਰ, ਦਰਿਦ੍ਰਤਾ ਅਤੇ ਕੰਗਾਲਤਾ ਨੂੰ ਮਿਟਾਉਣਹਾਰ, ਔਰੰਗਜ਼ੇਬ, ਅਬਦਾਲੀ, ਮੀਰ ਮੰਨੂੰ ਦੁਸ਼ਟਾਂ ਅਨਿਆਈਆਂ, ਜਰਵਾਣਿਆਂ ਦੇ ਸਿਰ ਫੇਹਣ ਵਾਲਾ, ਸ਼ਰਨ ਦੇਣ ਵਾਲਾ, ਸਰਬੱਤ ਦਾ ਭਲਾ ਕਰਨ ਵਾਲਾ, ਸਰਬ ਸਾਧਾਰਨ ਨੂੰ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਾਵਨ ਮੰਡਲ ਦੀ ਜੀਅ-ਹੁਲਸਾਊ ਸੋਆਂ ਸੁਣਾਉਣ ਹਾਰਾ—

ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥੨॥੮੪॥ (ਸੂਹੀ ਮ: ੫, ਪੰਨਾ ੭੪੮)

ਦੀ ਖਿੱਚ ਪਾਉਣਹਾਰਾ ਸਮੁੱਚੀ ਮਨੁੱਖਤਾ ਦਾ ਪਿਆਰਾ ਰਾਜ ਹੋਵੇਗਾ।

ਸੱਚੇ ਧਰਮ ਤੇ ਸੱਚੀ ਰਾਜਨੀਤੀ ਦਾ ਸੁਨਹਿਰੀ ਅਸੂਲ ਇਹੋ ਹੈ ਕਿ ਨਾ ਕਿਸੇ ਨੂੰ ਭੈਭੀਤ ਕੀਤਾ ਜਾਵੇ ਤੇ ਨਾ ਕਿਸੇ ਤੋਂ ਭੈਭੀਤ ਹੋਇਆ ਜਾਵੇ। ਸਭ ਦਾ ਸਨਮਾਨ ਤੇ ਸਭ ਦਾ ਕਲਿਆਣ ਹੀ ਸੱਚਾ ਈਮਾਨ ਹੈ। ਗੁਰੂ ਤੇਗ ਬਹਾਦਰ ਸਾਹਿਬ ਫੁਰਮਾਉਂਦੇ ਹਨ—

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥੧੬॥ (ਪੰਨਾ ੧੪੨੭)

ਜ਼ਿੰਦਗੀ ਦੇ ਵਿਕਾਸ ਲਈ ਨਾ ਤਾਂ ਰਾਜ ਹੀ ਸਭ ਕੁਝ ਸੀ ਤੇ ਨਾ ਹੀ ਸਭ ਕੁਝ ਤਿਆਗ ਕੇ ਮੁਕਤੀ ਦਾ ਮੁਸ਼ਤਾਕ ਹੋਣਾ ਸੀ। ਇਸ ਲਈ ਸਤਿਗੁਰਾਂ ਇਹ ਰਾਜ ਤੇ ਮੁਕਤਿ ਦੇ ਮਸਲੇ ਇਕ ਪਾਸੇ ਧਰ ਕੇ ਪ੍ਰਭੂ-ਪ੍ਰੀਤਿ ਨੂੰ ਜੀਵਨ ਦਾ ਆਦਰਸ਼ ਬਣਾਇਆ। ਉਹ ਪ੍ਰਭੂ-ਪ੍ਰੀਤਿ, ਜੋ ਸਾਰੇ ਸੰਸਾਰ ਨਾਲ ਮਨੁੱਖ ਨੂੰ ਜੋੜਦੀ ਤੇ ਸਾਰੀ ਸ੍ਰਿਸ਼ਟੀ ਦੀ ਸੇਵਾ ਕਰਨ ਦਾ ਸ਼ੌਕ ਪੈਦਾ ਕਰਦੀ ਹੈ। ਇਸ ਲਈ ਸਾਹਿਬਾਂ ਨੇ ਕਿਹਾ—

ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ ॥੧॥੨੯॥ (ਪੰਨਾ ੫੩੪)

ਰਾਜ ਭਾਗ ਨੂੰ ਜੀਵਨ ਦਾ ਸਭੋ ਕੁਝ ਮੰਨ ਲੈਣਾ ਸਿੱਖੀ ਜੀਵਨ ਦਾ ਉਦੇਸ਼ ਨਹੀਂ। ਰਾਜ ਇਕ ਸਾਧਨਾ ਹੈ ਮਨੁੱਖੀ ਸਮਾਜ ਦੇ ਵਿਕਾਸ ਦਾ, ਜੇ ਸਮਾਜ ਦੇ ਵਿਕਾਸ ਨੂੰ ਅੱਖੋਂ ਉਹਲੇ ਕਰ ਕੇ ਕੋਈ ਰਾਜਾ ਜਾਂ ਕੋਈ ਦਲ, ਵਿਅਕਤੀਗਤ ਲਾਭਾਂ ਲਈ ਹੀ ਇਸ ਸਾਰੀ ਸ਼ਕਤੀ ਨੂੰ ਵਰਤੇ ਤਾਂ ਇਹ ਹਾਨੀਕਾਰਕ ਔਗੁਣ ਬਣ ਜਾਂਦਾ ਹੈ। ਇਸੇ ਕਰਕੇ ਧਾਰਮਿਕ ਮੰਡਲ ਵਿਚ ਇਸ ਨੂੰ ਆਦਰਯੋਗ ਥਾਂ ਨਹੀਂ ਦਿੱਤਾ ਗਿਆ। ਬਾਣੀ ਵਿਚ ਬਾਰ-ਬਾਰ ਯਾਦ ਕਰਵਾਇਆ ਗਿਆ ਹੈ:—

(ੳ) ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ ॥
ਏਨੀ ਠਗੀ ਜਗੁ ਠਗਿਆ ਕਿਨੈ ਨ ਰਖੀ ਲਜ ॥੨॥੨੮॥ (ਪੰਨਾ ੧੨੮੮)
(ਅ) ਰਾਜੁ ਮਾਲੁ ਜੋਬਨੁ ਸਭੁ ਛਾਵ ॥ ਰਥਿ ਫਿਰੰਦੈ ਦੀਸਹਿ ਥਾਵ ॥੨॥੮॥ (ਪੰਨਾ ੧੨੫੭)
(ੲ) ਰਾਜ ਕਪਟੰ ਰੂਪ ਕਪਟੰ ਧਨ ਕਪਟੰ ਕੁਲ ਗਰਬਤਹ ॥
ਸੰਚੰਤਿ ਬਿਖਿਆ ਛਲੰ ਛਿਦ੍ਰੰ ਨਾਨਕ ਬਿਨੁ ਹਰਿ ਸੰਗਿ ਨ ਚਾਲਤੇ ॥੧॥੧੦॥ (ਪੰਨਾ ੭੦੮)

ਸੋ ਉਪਰੋਕਤ ਸਭ ਕੁਝ ਤੋਂ ਸਪੱਸ਼ਟ ਹੈ ਕਿ ਧਰਮ ਤੋਂ ਬੇਮੁਖ ਹੋ ਕੇ ਚਲਣ ਵਾਲੀ ਰਾਜ-ਸ਼ਕਤੀ ਨੂੰ ਥਾਂ-ਥਾਂ ਤ੍ਰਿਸਕਾਰਿਆ ਗਿਆ ਤੇ ਉਸ ਦੀ ਨਿਖੇਧੀ ਕੀਤੀ ਗਈ ਹੈ।


www.AKJ.Org

# ਭਾਈ ਹਰਬੰਸ ਸਿੰਘ ਜੀ 'ਮੁਨੀਸ਼ਵਰ'

[ਗੁਰਪੁਰ ਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

ਇਹ ਖ਼ਿਤਾਬ ਇਨ੍ਹਾਂ ਨੂੰ ਜਥੇ ਵਲੋਂ ਹੀ ਮਿਲਿਆ ਸੀ, ਕਿਉਂਕਿ ਇਹ ਬਹੁਤਾ ਹੀ ਥੋੜ੍ਹਾ ਬੋਲਣ ਵਾਲੇ ਸੱਜਣ ਸਨ, ਗੁਪਤ ਸੁਰਤੀਆਂ ਬਿਰਤੀਆਂ ਲਾ ਕੇ ਹੀ ਹਰ ਦਮ ਲਿਵਲੀਨ ਰਹਿੰਦੇ ਸਨ। ਗੁਰਮਤਿ ਅਨੁਸਾਰ ਪੂਰਨ ਮੋਨਧਾਰੀ ਹੋਣ ਕਰਕੇ ਇਹ ਆਮ ਮੁਨੀਆਂ ਨਾਲੋਂ ਪ੍ਰਸਿੱਧ 'ਮੁਨੀਸ਼ੂਰ' (ਮੁਨੀਆਂ ਦੇ ਈਸ਼ਰ) ਸਨ। ਛੋਟੀ ਉਮਰ ਵਿਚ ਹੀ ਜੈਸਾ ਅਜੱਰ ਪਦ ਇਸ ਵੀਰ ਨੇ ਜਰਿਆ ਸੀ, ਕਿਸੇ ਵਿਰਲੇ ਗੁਰਮੁਖ ਜਨ ਨੇ ਹੀ ਜਰਿਆ ਹੈ। ਗੁਰਮਤਿ ਨਾਮ ਦਾ ਸੁਰਤੀ ਦਵਾਰਾ, ਸਵਾਸਾਂ ਦਵਾਰਾ ਹਰ ਦਮ ਖੰਡਾ ਖੜਕਦਾ ਹੀ ਰਹਿੰਦਾ ਸੀ, ਚੇਹਰਾ ਇਨ੍ਹਾਂ ਦਾ ਹਰ ਛਿਨ ਲਾਲ ਗੁਲਾਲਾ ਤੇ ਰਸ ਰਸਾਲਾ ਰਹਿੰਦਾ ਸੀ। ਇਸ ਛੋਟੀ ਉਮਰ ਵਿਚ ਗੁਰਮਤਿ ਦੀ ਜੋ ਲਾਗ ਇਸ ਵੀਰ ਨੂੰ ਲਗੀ ਹੈ, ਉਹ ਅੱਜ ਤਕ ਕਿਸੇ ਨੂੰ ਵੀ ਨਹੀਂ ਲਗੀ। ਨਿਸ਼ਕਾਮ ਸੇਵਾ ਦੇ ਪੁੰਜ ਸਨ ਅਤੇ ਪਰਉਪਕਾਰ ਦੇ ਨਿਰੇ ਪੁਤਲੇ ਸਨ, ਗੁਰਬਾਣੀ ਦੇ ਅਭਿਆਸੀ ਅਤੇ ਅਥੱਕ ਅਖੰਡ ਪਾਠੀ ਸਨ। ਜਿਸ ਕਿਸੇ ਗਰੀਬ ਸਿੰਘ ਦੇ ਘਰ ਕੋਈ ਪਾਠ ਕਰਨ ਵਾਲਾ ਨਾ ਹੋਵੇ, ਉਥੇ ਜਾ ਕੇ ਆਪ ਅਖੰਡ ਪਾਠ ਕਰ ਆਇਆ ਕਰਦੇ ਸਨ। ਪਾਠ-ਭੇਟ ਰੰਚਕ ਮਾਤਰ ਵੀ ਅੰਗੀਕਾਰ ਨਹੀਂ ਕਰਦੇ ਸਨ। ਇਥੋਂ ਤਾਈਂ ਪ੍ਰਸ਼ਾਦਾ ਆਦਿ ਭੀ ਉਥੇ ਨਹੀਂ ਛਕਦੇ ਸਨ, ਚਾਹੇ ਕੋਈ ਕਿਤਨਾ ਜ਼ੋਰ ਲਾਵੇ। ਇਹ ਵੀਰ ਉਤਮ ਬਿਬੇਕੀ ਅਤੇ ਸਰਬਲੋਹੀ ਸਨ, ਆਪਣੇ ਹੱਥੀਂ ਆਪ ਪ੍ਰਸ਼ਾਦਾ ਅਠ-ਪਹਿਰਾ ਤਿਆਰ ਕਰ ਕੇ ਛਕਦੇ ਸਨ। ਅਜਿਹੇ ਅਨੇਕਾਂ ਹੀ ਪਾਠ ਗਰੀਬ ਸਿੰਘਾਂ ਦੇ ਗ੍ਰਹਿ ਇਸ ਵੀਰ ਨੇ ਕੀਤੇ। ਕਿਸੇ ਗਰੀਬ ਘਰਾਣੇ ਵਿਚ ਕਿਸੇ ਨੇ ਅਖੰਡ ਪਾਠ ਕਰਾਵਣਾ ਹੋਵੇ, ਬਸ ਉਥੇ ਅਰਦਾਸ ਸੋਧ ਕੇ ਇਕੱਲੇ ਹੀ ਅਖੰਡ ਪਾਠ ਕਰਨ ਡਟ ਜਾਂਦੇ ਸਨ ਅਤੇ ਸਤ ਸਤ ਘੰਟੇ ਇਕੋ ਝੂਟ ਵਿਚ ਅਖੰਡ ਪਾਠ ਕਰਦੇ ਰਹਿਣਾ, ਪਿਛੋਂ ਮਗਰੋਂ ਹੀ ਅਖੰਡ ਪਾਠੀ ਤਿਆਰ-ਬਰ-ਤਿਆਰ ਆ ਪੁਜਣੇ।

ਨਾਰੰਗਵਾਲ ਦੇ ਪਾਸ ਇਕ ਮੀਲ ਤੇ ਪਿੰਡ ਮਹਿਮਾ ਸਿੰਘ ਵਾਲਾ ਹੈ, ਉਥੋਂ ਦੇ ਇਹ ਵਸਨੀਕ ਸਨ। ਸਾਡੇ ਪਾਸ ਨਾਰੰਗਵਾਲ ਰੋਜ਼ ਹੀ ਉਗਵਣ-ਆਥਣ ਆ ਜਾਇਆ ਕਰਦੇ ਸਨ। ਬਾਹਰ ਸਮਾਗਮਾਂ ਤੇ ਬੜੇ ਚਾਉ ਮਲ੍ਹਾਰਾਂ ਨਾਲ ਸਾਡੇ ਨਾਲ ਹੀ ਸ਼ਾਮਲ ਰਹਿੰਦੇ ਸਨ। ਚਾਹੇ ਉਮਰ ਦੇ ਛੋਟੇ ਹੀ ਸਨ, ਪਰ ਇਨ੍ਹਾਂ ਦੀ ਉਜਲ ਕਰਣੀ ਕਮਾਈ ਦੇ ਕਾਰਨ ਜਥੇ ਦਾ ਵੱਡੀ ਤੋਂ ਵੱਡੀ ਉਮਰ ਵਾਲਾ ਸੱਜਣ ਵੀ ਇਨ੍ਹਾਂ ਦਾ ਹਿਰਦੇ ਤੋਂ ਸਤਿਕਾਰ ਕਰਦਾ ਸੀ। ਬਹੁਤ ਛੋਟੀ ਉਮਰ ਵਿਚ ਹੀ ਇਸ ਵੀਰ ਨੂੰ ਪ੍ਰਮਾਰਥ ਦੀ ਲਿਵ ਲੱਗ ਗਈ ਤੇ ਗੁਰਮਤਿ ਦੇ ਪੂਰਨ ਜਾਣੂ ਹੋ ਕੇ ਅੰਮ੍ਰਿਤਧਾਰੀ ਸਿੰਘ ਸਜ ਗਏ। ਛੋਟੀ ਉਮਰ ਵਿਚ ਹੀ ਇਸ ਵੀਰ ਨੂੰ ਛੱਡ ਕੇ ਇਨ੍ਹਾਂ ਦਾ ਪਿਤਾ ਭਾਈ ਧਰਮ ਸਿੰਘ ਅਮਰੀਕਾ ਚਲਿਆ ਗਿਆ, ਜਿਥੇ ਉਹ ਬੜੇ ਪ੍ਰਸਿਧ ਸੇਵਕ ਰਹੇ ਹਨ ਅਰ ਗੁਜ਼ਾਰਾ ਜ਼ਿਮੀਦਾਰਾ ਤਕੜਾ ਸੀ। ਇਨ੍ਹਾਂ ਦੇ ਵਡੇ ਭਾਈ ਖੇਤੀ ਕਰਦੇ ਸਨ। ਅਜੇ ੧੯ ਸਾਲ ਦੀ ਉਮਰ ਹੀ ਸੀ ਕਿ ਇਹ ਫ਼ੌਜ ਵਿਚ ਭਰਤੀ ਹੋ ਗਏ। ੧੫ ਨੰਬਰ ਸਿਖ ਪਲਟਨ ਦੇ ਗੁਰਮੁਖ ਹੈੱਡ ਗ੍ਰੰਥੀ ਭਾਈ ਕਾਹਨ ਸਿੰਘ ਨਾਲ ਫ਼ੌਜ ਵਿਚ ਸਤਿਸੰਗ-ਭਿੰਨਾ-ਸਹਿਚਾਰ ਹੋ ਗਿਆ। ਛੋਟੀ ਉਮਰ ਵਿਚ ਹੀ ਇਸ ਵੀਰ ਦੀ ਸ਼ਾਦੀ ਹੋ ਗਈ ਸੀ। ਬਿਰਤੀ ਹਰ ਦਮ ਉਪਰਾਮ ਰਹਿਣ ਕਰਕੇ ਇਹ ਵੀਰ ਮੁਨੀਸ਼ੂਰ ਜੀ ਗ੍ਰਹਿਸਤ ਵਿਚ ਫੇਰ ਪ੍ਰਵਿਰਤ ਹੀ ਨਹੀਂ ਹੋਏ। ਜੇ ਇਨ੍ਹਾਂ ਨੂੰ ਬਾਲ-ਜਤੀ ਕਿਹਾ ਜਾਵੇ ਤਾਂ ਕੋਈ ਮੁਬਾਲਗ਼ਾ ਨਹੀਂ ਹੋਵੇਗਾ। ਸੰਸਾਰਕ ਫੁਰਨੇ, ਨਾਮ ਬਾਣੀ ਤੋਂ ਬਿਨਾਂ ਹੋਰ ਫੁਰਦੇ ਹਾ ਨਹੀਂ ਸਨ। ਆਤਮ-ਕਲਾ ਐਸੀ ਅਰੂੜ੍ਹ ਸੀ ਕਿ ਹਰੇਕ ਦੇ ਹਿਰਦੇ ਦੀ ਗੱਲ ਆਪੇਂ ਹੀ ਬੁਝ ਲੈਂਦੇ ਸਨ। ਅਸਾਡੇ ਨਾਲ ਇਨ੍ਹਾਂ ਦਾ ਬੜਾ ਹੀ ਸੰਜੋਗ ਸਾਥ ਰਿਹਾ ਹੈ। ਅਨੇਕਾਂ ਵਾਰ ਅਜ਼ਮਾ ਕੇ ਦੇਖਿਆ ਗਿਆ ਹੈ ਕਿ ਜੋ ਗੱਲ ਅਸਾਡੇ ਹਿਰਦੇ ਵਿਚ ਹੀ ਅਜੇ ਰਹਿੰਦੀ ਸੀ, ਅਤੇ ਮੁਖੋਂ ਨਹੀਂ ਨਿਕਲਦੀ ਸੀ, ਉਸ ਨੂੰ ਤਾਬੜ ਤੋੜ ਹੀ ਤਾੜ ਕੇ ਇਹ ਵੀਰ ਜਨ ਤੁਰਤ ਹੀ ਤਕਮੀਲ ਵਿਚ ਲੈ ਆਂਵਦੇ ਸਨ। ਇਤਨੀ ਆਤਮ-ਕਲਾ ਦੇ ਮਾਲਕ ਹੁੰਦੇ ਹੋਏ ਭੀ ਲਖਾਂਵਦੇ ਕਿਸੇ ਨੂੰ ਨਹੀਂ ਸਨ। ਅੰਦਰ ਹੀ ਅੰਦਰ ਅ-ਜਰ ਨੂੰ ਜਰਿਆ ਹੋਇਆ ਸੀ। ਅਣਥੱਕ ਸੇਵਕ



www.AKJ.Org

ਅਤੇ ਪੂਰਨ ਗੁਰਮਤਿ ਗੁਣਾਂ ਅਨੰਦੀ ਸੱਜਣ ਇਨ੍ਹਾਂ ਜਿਹਾ ਅੱਜ ਤਾਈਂ ਅਸੀਂ ਵਿਰਲਾ ਹੀ ਗੁਰੂ ਘਰ ਵਿਚ ਦੇਖਿਆ ਹੈ।

ਅਸਾਡੀ ਪਹਿਲੀ ਮੁਲਾਕਾਤ ਇਸ ਵੀਰ ਦੇ ਨਾਲ ਉਦੋਂ ਹੋਈ, ਜਦੋਂ ੧੯੧੫ ਵਿਚ ਅਸਾਨੂੰ ਸਾਜ਼ਸ਼ ਕੇਸ ਵਿਚ ਜਕੜ ਕੇ ਜਰਵਾਣੇ 'ਲੋਹਟ ਵੱਦੀ' ਤੋਂ ਲੁਧਿਆਣੇ ਲੈ ਜਾ ਰਹੇ ਸਨ। ਲੋਹਟ ਵੱਦੀ ਥਾਣਾ ਨਾਭੇ ਦੀ ਰਿਆਸਤ ਵਿਚ ਸੀ; ਜੋ ਨਾਰੰਗਵਾਲ ਤੋਂ ਸਤ ਅੱਠ ਕੋਸ ਤੇ ਹੈ। ਸਾਨੂੰ ਕੁਝ ਦਿਨ, ਸ਼ਾਇਦ ਡੇਢ ਮਹੀਨਾ, ਉਥੇ ਹੀ ਨਜ਼ਰਬੰਦ ਰਖਿਆ ਗਿਆ ਸੀ,ਉਥੋਂ ਲੁਧਿਆਣੇ ਚਲਾਨ ਹੋਣ ਦੀ ਜਦ ਖਬਰ ਸਾਨੂੰ ਮਿਲੀ,ਤਾਂ ਅਸੀਂ ਆਪਣੇ ਨਿਕਟੀ ਸਤਸੰਗੀ ਵੀਰ ਸੁਰਜਨ ਸਿੰਘ ਜੀ ਨੂੰ ਗੁਪਤੋ ਗੁਪਤੀ ਪਿੰਡ ਗੁਜਰਵਾਲ ਵਿਖੇ ਪਤਾ ਕਰ ਭੇਜਿਆ, ਕਿ ਸਾਨੂੰ ਫਲਾਣੀ ਰੇਲ ਗੱਡੀ ਵਿਚ ਕਿਲ੍ਹਾ ਰਾਇਪੁਰ ਸਟੇਸ਼ਨ ਤੇ ਆ ਮਿਲਣ। ਅਸੀਂ ਛਪਾਰ (ਅਹਿਮਦਗੜ੍ਹ) ਸਟੇਸ਼ਨ ਤੋਂ ਸਵਾਰ ਹੋ ਕੇ ਲੁਧਿਆਣੇ ਪਹੁੰਚਣਾ ਸੀ। ਸੋ ਇਹ ਸਜਣ ਸਿਰੀ ਵੀਰ ਸੁਰਜਨ ਸਿੰਘ ਜੀ ਅਸਾਨੂੰ ਐਨ ਠੀਕ ਵਕਤ ਪਰ ਕਿਲ੍ਹਾ ਰਾਇਪੁਰ ਸਟੇਸ਼ਨ ਤੇ ਆ ਮਿਲੇ ਅਤੇ ਉਸੇ ਹੀ ਡੱਬੇ ਵਿਚ ਆ ਸਵਾਰ ਹੋਏ, ਜਿਸ ਵਿਚ ਅਸੀਂ ਜਾ ਰਹੇ ਸਾਂ। ਅਸਾਡੇ ਨਾਲ ਇਕ ਪੁਲਸ ਦਾ ਸਾਰਜੈਂਟ ਤੇ ਇਕ ਸਿਪਾਹੀ ਨਿਗਰਾਨੀ ਲਈ ਜਾ ਰਿਹਾ ਸੀ। ਉਹ ਪੁਲਸੀਏ ਸੱਜਣ ਬੜੇ ਹੀ ਸ਼ਰੀਫ ਸਨ। ਉਹਨਾਂ ਨੇ ਕੋਈ ਇਤਰਾਜ਼ ਨਾ ਕੀਤਾ। ਸੋ ਭਾਈ ਸੁਰਜਨ ਸਿੰਘ ਜੀ ਸਾਡੇ ਪਾਸ ਹੀ ਬੈਠ ਗਏ। ਉਸ ਸਮੇਂ ਭਾਈ ਸੁਰਜਨ ਸਿੰਘ ਜੀ ਦੇ ਨਾਲ ਇਕ ਨਵਯੁਵਕ ਸਿੰਘ ਭੁਜੰਗੀ ਭੀ ਨਾਲੇ ਹੀ ਆ ਚੜ੍ਹਿਆ। ਉਸ ਭੁਜੰਗੀ ਦੇ ਚੇਹਰੇ ਤੇ ਚਾਰ ਚੁਫੇਰੇ ਬਹੁਤ ਨਰਮ ਨਰਮ ਦਾੜ੍ਹੀ ਦੀ ਲੂਈ ਫੁੱਟ ਰਹੀ ਸੀ। ਚਿਹਰਾ ਲਾਲ ਲਾਲ, ਜੋਤਿ ਜਮਾਲ ਵਿਚ ਦਗ ਰਿਹਾ ਸੀ। ਇਸ ਵੀਰ ਦੀਆਂ ਅੱਖੀਆਂ ਦਾ ਰੰਗ-ਜਲਾਲ ਝਲਿਆ ਨਾ ਜਾਵੇ। ਬੜੀ ਹੀ ਚੜ੍ਹਦੀ ਕਲਾ ਵਿਚ ਵੀਰ ਦਾ ਅੰਤਰ-ਆਤਮੇ ਸਤਿ ਨਾਮ ਦਾ ਖੰਡਾ ਖੜਕ ਰਿਹਾ ਸੀ। ਵੇਖਣ ਸਾਰ ਹੀ ਮੇਰੀ ਟੱਕ ਇਸ ਵੀਰ ਵਲ ਹੀ ਲਗ ਗਈ, ਅਤੇ ਇਸ ਜੀਵਨ-ਮੁਕਤ ਗੁਰਮੁਖ ਵੀਰ ਦਾ ਮੁਖ ਦੇਖਣ ਸਾਰ ਅੰਮ੍ਰਿਤ ਰਸਾਇਣੀ ਸਵਾਦ ਐਸਾ ਆਵਣ ਲੱਗਾ ਕਿ ਹੋਰ ਗੱਲਾਂ ਸਭ ਵਿਸਰ ਗਈਆਂ, ਜਿਨ੍ਹਾਂ ਦੀ ਖ਼ਾਤਰ ਮੈਂ ਸੁਰਜਨ ਸਿੰਘ ਨੂੰ ਬੁਲਾਇਆ ਸੀ। ਪਹਿਲਾ ਸਵਾਲ ਮੈਂ ਵੀਰ ਸੁਰਜਨ ਸਿੰਘ ਤੇ ਇਹੋ ਹੀ ਕੀਤਾ ਕਿ ਇਹ ਵੀਰ ਬਾਂਕੁਰਾ ਭੁਜੰਗੀ ਕੌਣ ਹੈ ? ਤੇ ਕਿਥੋਂ ਹੈ ? ਇਸ ਵੀਰ ਸੁਰਜਨ ਸਿੰਘ ਜੀ ਨੇ ਪੂਰੀ ਵਾਕਫੀ ਕਰਵਾਈ। ਇਹੋ ਤਾਂ ਹਨ ਵੀਰ ਹਰਬੰਸ ਸਿੰਘ ਜੀ ਮਹਿਮਾ ਸਿੰਘ ਵਾਲੇ, ਜੋ ਹੁਣੇ ਹੀ ਨੌਕਰੀ ਛੱਡ ਕੇ ਅਤੇ ਜਥੇ ਵਿਚ ਸ਼ਾਮਲ ਹੋ ਕੇ ਮਰ-ਮਿਟਣ ਲਈ ਆਏ ਹਨ। ਹਰੇਕ ਦੁੱਖ-ਸੁੱਖ ਵਿਖੇ ਜਥੇ ਦੇ ਨਾਲ ਹੀ ਰਹਿ ਕੇ ਘਾਲ ਘਾਲਣਗੇ। ਅਵਸਰ ਮਿਲੇ ਤਾਂ ਸ਼ਹੀਦੀ ਵੀ ਪਾਣ ਨੂੰ ਤਿਆਰ ਹਨ। ਬਸ, ਇਤਨੀ ਹੀ ਦਰਸ਼ਨ-ਵਾਕੀ ਇਸ ਵੀਰ ਹਰਬੰਸ ਸਿੰਘ ਜੀ ਦੀ ਉਸ ਸਮੇਂ ਅਸਾਡੇ ਨਾਲ ਹੋਈ। ਪਰੰਤੂ ਅਸੀਂ ਵੀਰ ਸੁਰਜਨ ਸਿੰਘ ਰਾਹੀਂ ਬੜੇ ਹੀ ਨਿਮਰੀਭੂਤ ਹੋ ਕੇ, ਜਥੇ ਦੇ ਸਾਰੇ ਸੱਜਣਾਂ ਨੂੰ ਇਹ ਬੇਨਤੀ ਕਰ ਭੇਜੀ ਕਿ ਥਾਉਂ ਥਾਈਂ ਗੁਪਤ ਹੋ ਜਾਣ ਤੇ ਅਸਾਡੇ ਨਾਲ ਨਾ ਆਵਣ। ਸੋ ਇਹ ਬੇਨਤੀ ਪਾਸ ਬੈਠੇ ਭੁਜੰਗੀ ਹਰਬੰਸ ਸਿੰਘ ਨੂੰ ਭੀ ਕਰ ਦਿਤੀ।

ਉਸ ਤੋਂ ਬਾਅਦ ਫਿਰ ਸੋਲ੍ਹਾਂ ਸਾਲ ਪਿਛੋਂ ਹੀ ਇਸ ਭੁਜੰਗੀ ਹਰਬੰਸ ਸਿੰਘ ਜੀ ਦੇ ਦੀਦਾਰ ਹੋਏ, ਜਦੋਂ ਅਸੀਂ ਜੇਲ੍ਹ-ਯਾਤਰਾ ਤੋਂ ਵਾਪਸ ਆਏ, ਉਸ ਵੇਲੇ ਇਹਨਾਂ ਦੇ ਚੇਹਰੇ ਤੇ ਖ਼ਾਸਾ ਦਾੜ੍ਹਾ ਸਜੀਲਾ ਆ ਚੁਕਿਆ ਸੀ। ਫੇਰ ਤਾਂ ਇਹ ਆਪਣੀ ਰਹਿੰਦੀ ਆਯੂ ਤਾਈਂ ਹਰ-ਦਮ ਹੀ ਸਾਡੇ ਅੰਗ-ਸੰਗ ਰਹਿੰਦੇ ਰਹੇ। ਅਖੰਡ ਕੀਰਤਨ ਸਮਾਗਮਾਂ ਵਿਖੇ ਇਸ ਵੀਰ ਦੀ ਅਖੰਡਾਕਾਰ ਆਤਮ-ਬਿਰਤੀ ਹਰ ਦਮ ਗੁਪਤ-ਮੰਡਲ ਵਿਚ ਹੀ ਖੇਡਦੀ ਰਹਿੰਦੀ ਸੀ, ਕੀਰਤਨ ਬੜਾ ਗਜ਼ਬ ਦਾ ਅਤੇ ਚੜ੍ਹਦੀ ਕਲਾ ਦਾ ਕਰਦੇ ਸਨ। ਕੀਰਤਨ ਪਿਛੋਂ ਘੰਟਿਆਂ ਬੱਧੀ ਮੋਨ ਧਾਰੀ ਹੀ ਰਖਦੇ ਸਨ. ਕਿਸੇ ਨਾਲ ਉੱਕੇ ਬੋਲਦੇ ਚਾਲਦੇ ਨਹੀਂ ਸਨ। ਸਾਰੀ ਉਮਰ ਹੀ ਗੁਰਮਤਿ-ਗੁੰਜਾਂ ਵਿਚ ਇਸ ਵੀਰ ਨੇ ਗੁਜ਼ਾਰੀ ਤੇ ਅਪਾਰ ਗੁਰੂ ਰਹਿਮਤ ਵਿਚ ਗੁਜ਼ਾਰੀ। ਜਦੋਂ ਦੇ ਅਸੀਂ ਕੁਮਾਰ ਹੱਟੀ ਪਹਾੜ ਦੀ ਚੋਟੀ ਤੇ ਨਾਮ ਅਭਿਆਸ ਲਈ ਆਵਣ ਲਗੇ ਹਾਂ, ਉਦੋਂ ਤੋਂ ਹੀ ਇਸ ਵੀਰ ਮੁਨੀਸ਼ੁਰ ਨੇ ਸਾਡਾ ਸਾਥ ਪੂਰਨ ਹਮਜੋਲੀ ਹੋ ਕੇ ਨਿਭਾਇਆ। ਸੇਵਾ-ਭਾਵਨਾ ਦੇ ਬੜੇ ਹੀ ਸੰਜੀਦਾ ਰਸਿਕ ਬੈਰਾਗੀ ਸਨ। ਉੱਚੀਆਂ ਉੱਚੀਆਂ ਪਹਾੜੀਆਂ ਦੀਆਂ

www.AKJ.Org

ਚੋਟੀਆਂ ਉਪਰ ਜਾ ਅਸਾਡੇ ਕੋ ਨਾਲ ਨਾਮ-ਅਭਿਆਸ ਵਿਚ ਜੁੜ ਜਾਣਾ ਤੇ ਐਸਾ ਜੁੜਨਾ ਕਿ ਇਨ੍ਹਾਂ ਨੂੰ ਸਰੀਰ ਦੀ ਸੁਧ-ਬੁਧ ਹੀ ਨਾ ਰਹਿਣੀ। ਕੁਮਾਰ ਹੱਟੀ ਪਹਾੜ ਦੇ ਲਾਗੇ ਦਰੇ ਦੇ ਪਾਰ ਇਕ ਸਾਫ਼ ਸੁਥਰਾ ਪੱਥਰ ਹੈ, ਜੋ ਮੁਨੀਸ੍ਵਰ ਦੇ ਪੱਥਰ ਨਾਲ ਪ੍ਰਸਿੱਧ ਹੈ, ਜਿਸ ਦੇ ਉਪਰ ਬੈਠ ਕੇ ਉਹ ਅਕਸਰ ਅਭਿਆਸ ਕਰਿਆ ਕਰਦੇ ਸਨ। ਹਰੇਕ ਸੱਜਣ ਦੇ ਪਿਆਰੇ ਅਤੇ ਜਥੇ ਦੇ ਹਰੇਕ ਭੂਸ਼ਣ ਦੇ ਅੱਖੀਆਂ ਦੇ ਤਾਰੇ ਸਨ। ਸਾਰੀ ਸਾਰੀ ਰਾਤ ਇਕ-ਟੱਕ ਖੜੇ ਹੋ ਕੇ ਨਾਮ ਦਾ ਅਭਿਆਸ ਕਰਨਾ ਤੇ ਆਲਸ ਨਿੰਦਰਾ ਨੂੰ ਨੇੜੇ ਨਾ ਆਵਣ ਦੇਣਾ। ਪਰਮਾਤਮ-ਮਿਲਾਪ ਦੇ ਬੜੇ ਹੀ ਕਾਹਲੇ ਆਸ਼ਕ ਸਨ। ਇਸ ਛੋਟੀ ਜਿਹੀ ਉਮਰ ਵਿਚ ਇਹ ਲਗਨ ਲਗਣੀ ਬੜੇ ਹੀ ਉਜਲ ਨਸੀਬਾਂ ਦਾ ਸਿੱਟਾ ਹੈ। ਇਸ ਵੀਰ ਦੇ ਪਿਛਲੇ ਜਨਮ ਦੀਆਂ ਕਮਾਈਆਂ ਬੜੀਆਂ ਹੀ ਅਥਾਹ ਸਨ। ਸੰਸਾਰਕ ਸੰਸਕਾਰਾਂ ਦੀ ਖਲਜਗਣ ਵਿਚ ਕਦੇ ਵੀ ਖਚਤ ਨਹੀਂ ਹੋਏ ਸਨ, ਵਿਕਾਰ ਇਸ ਵੀਰ ਦੇ ਨੇੜੇ ਨਹੀਂ ਢੁਕੇ ਸਨ। ਬੜੇ ਹੀ ਸਿਧੇ ਸਾਦੇ ਸੂਧੇ ਮਿਜ਼ਾਜ ਦੇ ਰਾਜ ਦੁਲਾਰੇ ਸਨ।

ਇਨ੍ਹਾਂ ਦੇ ਪੁਰਾਤਨ ਮੇਲੀ ਭਾਈ ਕਾਹਨ ਸਿੰਘ ਗੁੰਬੀ ਨੇ ਇਕ ਵਾਰ ਸੁਤੇ ਸੁਭਾਵ ਹੀ ਇੰਨਾ ਕਹਿ ਦਿਤਾ ਕਿ ਆਪ ਦੀ ਅੰਸ ਤੋਂ ਬੰਸ ਪੈਦਾ ਹੋਣੀ ਜ਼ਰੂਰੀ ਹੈ, ਤਾਂ ਤੇ ਆਪ ਜੇ ਸ਼ਾਦੀ ਕਰਵਾ ਲਵੋ, ਕੋਈ ਹਰਜ ਨਹੀਂ। ਭਾਈ ਕਾਹਨ ਸਿੰਘ ਜੀ ਦੇ ਇਸੇ ਕਹਿਣੇ ਅਨੁਸਾਰ ਇਨ੍ਹਾਂ ਦੇ ਅੰਦਰ ਸ਼ਾਦੀ ਕਰਾਣ ਦਾ ਫੁਰਨਾ ਤਾਂ ਫੁਰ ਗਿਆ, ਪਰੰਤੂ ਸੰਪੂਰਨ ਗੁਰਮਤਿ ਅਨੁਸਾਰ ਪੂਰਨ ਗੁਰਮਤਿ ਖ਼ਿਆਲਾਂ ਵਾਲੀ ਗੁਰਮੁਖ ਕੰਨਿਆ ਨਾਲ ਹੀ ਸੰਬੰਧ ਕਰਵਾਣ ਦੇ ਖ਼ਿਆਲ ਵਿਚ ਤਤਪਰ ਰਹੇ। ਅਸਾਡੇ ਪਾਸ ਜਦੋਂ ਵੀ ਆਉਂਦੇ ਸਨ ਤਾਂ ਇਨ੍ਹਾਂ ਦੇ ਇਹ ਖ਼ਿਆਲ ਮੁਲੀਆ-ਮੇਟ ਹੋ ਜਾਂਦੇ ਸਨ ਅਤੇ ਸ਼ਾਦੀ ਕਰਾਉਣ ਦਾ ਕਦੇ ਨਾਉਂ ਤਕ ਨਹੀਂ ਲੈਂਦੇ ਸਨ। ਇਹ ਹਮੇਸ਼ਾ ਏਵੇਂ ਹੀ ਕਹਿੰਦੇ ਰਹਿੰਦੇ ਸਨ ਕਿ ਅਸੀਂ ਤਾਂ ਅਕਾਲ ਪੁਰਖ ਨਾਲ ਹੀ ਲੜ ਜੋੜਿਆ ਹੈ, ਹੋਰਥੇ ਲੜ ਜੋੜਨ ਦੀ ਲੋੜ ਨਹੀਂ। ਓੜਕ ਮਿਟਦਾ ਮਿਟਦਾ ਇਹ ਫੁਰਨਾ ਉੱਕਾ ਹੀ ਮਿਟ ਗਿਆ। ਸ਼ੁਕਰ ਹੈ ਕਿ ਸਭ ਸਫ਼ਾਈ ਹੋ ਗਈ, ਕਿਉਂਕਿ ਅੰਤ ਕਾਲ ਇਨ੍ਹਾਂ ਦਾ ਨੇੜੇ ਹੀ ਆ ਢੁਕਿਆ ਸੀ। ਕਿਸੇ ਨੂੰ ਖ਼ਾਬੋ ਖ਼ਿਆਲ ਹੀ ਨਹੀਂ ਸੀ ਕਿ ਆਪ ਇਤਨੀ ਛੇਤੀ ਹੀ ਚੜ੍ਹਾਈਆਂ ਕਰ ਜਾਣਗੇ। ਚੜ੍ਹਾਈਆਂ ਕਰਨ ਤੋਂ ਪਹਿਲਾਂ ਇਨ੍ਹਾਂ ਦੇ ਸਰੀਰ ਨੂੰ ਕਸ਼ਟ ਖੇਦ ਤਾਂ ਬਹੁਤ ਹੋਏ ਅਤੇ ਹਦ ਦਰਜ਼ੇ ਦੇ ਹੋਏ। ਪਰ ਉਨ੍ਹਾਂ ਕਸ਼ਟਾਂ ਖੇਦਾਂ ਨੂੰ ਬੜੀ ਹੀ ਗੌਰਵਤਾ ਸਹਿਤ ਸਹਾਰਿਆ।

ਅਸਾਨੂੰ ਕਈ ਸੱਜਣਾਂ ਨੇ ਆ ਕੇ ਇਉਂ ਕਿਹਾ:– ਕਿ ਐਸੇ ਵੀਰ ਗੁਰਮੁਖ ਨੂੰ ਅੰਤੀ-ਔਸਰੇ ਕਸ਼ਟ ਕਿਉਂ ਹੋਏ ਹਨ? ਇਨ੍ਹਾਂ ਦੀ ਨਵਿਰਤੀ ਵਾਸਤੇ ਅਰਦਾਸਾ ਹੋਣਾ ਅਤੀ ਜ਼ਰੂਰੀ ਹੈ। ਸਾਡੇ ਸਾਹਮਣੇ ਉਸ ਸਮੇਂ ਭਾਈ ਭਗਤੂ ਜੀ ਗੁਰੂ ਪੰਚਮ ਪਾਤਸ਼ਾਹੀ ਦੇ ਅਨਿੰਨ ਭਗਤ ਦੀ ਨਜ਼ੀਰ ਆ ਖੜਵੇ। ਅਫ਼ਜ਼ਲ ਗੁਰਮਤਿ ਕਰਣੀ ਵਾਲੇ ਭਾਈ ਭਗਤੂ ਜੀ ਨੂੰ ਅੰਤ ਔਸਰ ਬੜਾ ਹੀ ਕਸ਼ਟ ਹੋਇਆ ਸੀ, ਅਤੀਸਾਰ ਵਿਚ (ਮਰੋੜਾਂ ਦੀ ਬੀਮਾਰੀ ਨਾਲ) ਬੜੇ ਹੀ ਮੁਬਤਲਾ ਰਹੇ ਸਨ। ਗੁਰਸਿਖ ਦੇ ਸਮੁਦਾਇਕ ਤੇ ਬਹੁਤ ਸਾਰੇ ਹੋਰ ਦੁਨਿਆਵੀ ਵਡੇਰਿਆਂ ਨੇ ਜਦੋਂ ਆ ਕੇ ਭਾਈ ਭਗਤੂ ਜੀ ਦੇ ਅਗੇ ਇਹ ਸੰਸਾ ਪ੍ਰਗਟ ਕਰਨਾ, ਤਾਂ ਉਨ੍ਹਾਂ (ਭਾਈ ਭਗਤੂ ਜੀ) ਨੇ ਉਤਰ ਦੇਣਾ ਕਿ ਪਿਛਲੇ ਜਨਮ ਦੇ ਸਾਰੇ ਕਸ਼ਟ ਇਥੇ ਹੀ ਨਿਵਾਰ ਜਾਣੇ ਹਨ, ਰਾਈ ਮਾਤਰ ਭੀ ਰਹਿਣ ਨਹੀਂ ਦੇਣੇ। ਜਦੋਂ ਦੂਜਾ ਸਵਾਲ ਉਨ੍ਹਾਂ ਅਗੇ ਇਹ ਕਰਨਾ, ਕਿ ਤੁਸੀਂ ਗੁਰੂ ਦੇ ਇਤਨੇ ਅਨਿੰਨ ਭਗਤ ਹੋ, ਜੇ ਤੁਸੀਂ ਗੁਰੂ ਸਾਹਿਬਾਨ ਅਗੇ ਬੇਨਤੀ ਕਰੋ ਤਾਂ ਕੀ ਇਹ ਕਸ਼ਟ ਨਿਵਾਰੇ ਨਾ ਜਾਣ? ਤਿਸ ਪਰ ਭਾਈ ਸਾਹਿਬ ਭਾਈ ਭਗਤੂ ਜੀ ਨੇ ਇਹ ਉਤਰ ਦੇਣਾ, ਕਿ ਭਲਿਓ ਲੋਕੋ! ਗੁਰੂ ਸਾਹਿਬਾਨ ਪਾਸੋਂ ਇਹ ਅਸਾਂ ਮੰਗ ਮੰਗਣੀ ਹੈ? ਬੜੀ ਕੁਹਜੀ ਮੰਗ ਮੰਗਣੀ ਹੈ। ਸਰੀਰ ਤੇ ਕਸ਼ਟ ਸਹਿਣਾ ਗੁਰਸਿੱਖਾਂ ਦਾ ਅਤਿ ਫ਼ਰਜ਼ ਹੈ। ਇਹਨਾਂ ਕਸ਼ਟਾਂ ਨੂੰ ਗੁਰੂ ਅਗੇ ਜੋਦੜੀਆਂ ਕਰ ਕੇ ਜਤਲਾਉਣਾ ਮਹਾਂ ਕਮਜ਼ੋਰੀ ਹੈ। ਐਨ ਉਸ ਪ੍ਰਕਾਰ ਦੀ ਅੰਤੀ ਔਸਰੀ ਦਸ਼ਾ ਵੀਰ ਭਾਈ ਹਰਬੰਸ ਸਿੰਘ ਮੁਨੀਸ੍ਵਰ ਜੀ ਉਪਰ ਵਾਪਰੀ ਤੇ ਚਲਾਣਾ ਕਰ ਗਏ। ਪਰ ਜੋ ਗੁਰਵਾਕ ਉਨ੍ਹਾਂ ਦੇ ਚਲਾਣੇ ਪ੍ਰਥਾਇ ਆਇਆ ਹੈ, ਉਸ ਗੁਰਵਾਕ ਦੀਆਂ ਇਹ ਤੁਕਾਂ ਵਿਚਾਰ ਕੇ ਪਾਠਕ ਜਨ ਖ਼ੁਦ ਹੀ ਅੰਦਾਜ਼ਾ ਲਾ ਲੈਣ ਕਿ ਵੀਰ ਮੁਨੀਸ੍ਵਰ ਜੀ ਕਿਸ ਉਚ ਮੰਜ਼ਲ ਦੇ ਅਨਿੰਨ ਜਗਿਆਸੂ ਸਨ:–

www.AKJ.Org

# 1999 ਤਕ ਖਾਲਸਾ ਕੌਮ ਦਾ ਲੇਖਾ-ਜੋਖਾ

[ਪ੍ਰੋ: ਜੋਗਿੰਦਰ ਸਿੰਘ ਜੀ, ਮੈਂਬਰ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ]

੧੬੯੯ ਦਾ ਸਾਲ ਖਾਲਸਾ ਜੀ ਦੀ ਤੀਸਰੀ ਰਚਨਾ-ਸ਼ਤਾਬਦੀ ਦਾ ਸਾਲ ਹੈ। ੧੬੯੯ ਦੀ ਵਿਸਾਖੀ ਨੂੰ, ਸ੍ਰੀ ਅਨੰਦਪੁਰ ਸਾਹਿਬ ਵਿਖੇ, ਉਚੇਚੇ ਤੌਰ ਤੇ ਸਾਰੇ ਭਾਰਤ ਵਿਚੋਂ ਸੱਦੇ, ਆਪਣੇ ਸਿੱਖਾਂ ਦੇ ਸਜੇ ਦੀਵਾਨ ਵਿਚ, ਗੁਰੂ ਗੋਬਿੰਦ ਸਿੰਘ ਜੀ ਨੇ, ਹਸਤ-ਕਮਲ ਵਿਚ ਇਕ ਨੰਗੀ ਤਲਵਾਰ ਫੜ ਕੇ, ਜਿਵੇਂ ਬਚਿੱਤਰ ਨਾਟਕ ਖੇਡਿਆ, ਉਸ ਦੇ ਜੋ ਸਿੱਟੇ ਨਿਕਲੇ ਤੇ ਜੋ ਪ੍ਰਭਾਵ ਸਾਰੇ ਸੰਸਾਰ ਵਿਚ ਉਜਾਗਰ ਹੋਇਆ, ਉਹ ਨਿਸਚੇ ਹੀ ਵਿਲੱਖਣ ਤੇ ਮੌਲਿਕ ਵੀ ਸੀ। ਗੁਰੂ ਨਾਨਕ ਦੇਵ ਜੀ ਤੋਂ ਪ੍ਰਾਰੰਭ ਹੋਏ ਸਿੱਖ ਧਰਮ, ਸਿੱਖ ਸੰਗਤ, ਸਿੱਖ ਸਿਧਾਂਤ, ਸਿੱਖ ਗ੍ਰੰਥ, ਸਿੱਖ ਪਰੰਪਰਾ, ਸਿੱਖ ਪੰਥ ਤੇ ਸਿੱਖ ਅੰਮ੍ਰਿਤ ਨੂੰ ਸੰਪੂਰਨਤਾ ਪ੍ਰਦਾਨ ਕਰਨ ਦੇ ਸਮਰੱਥ ਵੀ ਸੀ ਅਤੇ ਸਮਕਾਲੀ ਹਿੰਦੂ ਤੇ ਮੁਸਲਮਾਨ-ਮਜ਼ਹਬਾਂ ਵਿਚ ਤੀਸਰਾ ਮਜ਼ਹਬ ਸਥਾਪਿਤ ਕਰਨ ਵਿਚ ਵੀ ਸਫਲ ਸੀ। ਖਾਲਸਾ ਜੀ ਦੀ ਰਚਨਾ ਭਾਵੇਂ ਸਹਿਜ-ਮੰਡਲ ਵਿਚੋਂ ਹੀ ਹੋਈ ਸੀ, ਪਰ ਉਸ ਨੂੰ ਜਿਹੜਾ ਰੂਪ ਤੇ ਸਰੂਪ ਪ੍ਰਦਾਨ ਕੀਤਾ ਗਿਆ, ਉਸ ਨੇ ਖਾਲਸਾ ਜੀ ਨੂੰ ਆਤਮਕ, ਮਾਨਸਿਕ ਤੇ ਸਭਿਆਚਾਰਕ ਦ੍ਰਿਸ਼ਟੀ ਤੋਂ ਇਤਨਾ 'ਸਾਬਤ' ਸਿਰਜ-ਸੰਵਾਰ ਦਿੱਤਾ ਕਿ ਖਾਲਸੇ ਵਿਚ ਕਿਸੇ ਵੀ ਤਰ੍ਹਾਂ ਦੀ ਘਾਟ, ਗਿਰਾਵਟ ਜਾਂ ਗ਼ੁਲਾਮੀ ਦ੍ਰਿਸ਼ਟੀਗੋਚਰ ਨਾ ਹੋਈ। ਅਨੰਦਪੁਰ ਵਿਚ ਰਚਿਆ ਖ਼ਾਲਸਾ ਇਤਨਾ ਨਿਰਵੈਰ ਤੇ ਨਿਡਰ, ਸਹਿਜ ਤੇ ਸੂਰਮਗਤੀ ਵਾਲਾ, ਜੁਰਅਤ ਤੇ ਵੰਗਾਰਾਂ ਵਾਲਾ ਤੇ ਸ਼ੁੱਧ ਰੂਪ ਵਿਚ ਮਰਦਾਨਗੀ ਨਾਲ ਸ਼ਿੰਗਾਰਿਆ ਗਿਆ, ਕਿ ਜੀਵਨ ਦੇ ਧਾਰਮਿਕ, ਸਮਾਜਿਕ, ਸਭਿਆਚਾਰਕ ਤੇ ਰਾਜਨੀਤਕ-ਖੇਤਰ ਵਿਚ ਗੁਰੂ ਗੋਬਿੰਦ ਸਿੰਘ ਜੀ ਤੇ ਉਨ੍ਹਾਂ ਦਾ ਰਚਿਆ ਖਾਲਸਾ ਮਾਨਸ ਜਾਤਿ ਦੇ ਇਤਿਹਾਸ ਵਿਚ ਬਿਲਕੁਲ ਵੱਖਰਾ ਤੇ ਵਚਿੱਤਰ ਦਿੱਸਣ ਲਗ ਪਿਆ।

ਖਾਲਸਾ ਜੀ ਦੀ ਵੱਖਰਤਾ ਤੇ ਵਚਿੱਤਰਤਾ ਇਹ ਨਹੀਂ ਸੀ ਕਿ ਉਸ ਦੀ ਕੋਈ ਮਾਨਸ ਜਾਤਿ ਬਦਲੀ ਗਈ ਸੀ, 'ਮਾਨਸ ਕੀ ਜਾਤਿ' ਸਭ ਦੀ ਇਕੋ ਜਿਹੀ ਹੀ ਪਛਾਣੀ ਜਾਂਦੀ ਸੀ, ਪਰ ਖਾਲਸਾ ਜੀ ਦੀ ਵੱਖਰਤਾ ਇਹ ਹੋ

---

* ਚਲਿਆ ਪਤਿ ਸਿਉ ਜਨਮੁ ਸਵਾਰਿ ਵਾਜਾ ਵਾਇਸੀ ॥ ਮਾਣਸੁ ਕਿਆ ਵੇਚਾਰਾ ਤਿਹੁ ਲੋਕ ਸੁਣਾਇਸੀ ॥
ਨਾਨਕ ਆਪਿ ਨਿਹਾਲੁ ਸਭਿ ਕੁਲ ਤਾਰਸੀ ॥੧॥੪॥੬॥ ਸੂਹੀ ਮ: ੧, ਪੰਨਾ ੭੩੦

ਇਨ੍ਹਾਂ ਦੇ ਅਕਾਲ ਚਲਾਣੇ ਨਮਿਤ ਜਥੇ ਵਲੋਂ ਜੋ ਅਖੰਡ ਪਾਠ ਹੋਏ ਅਤੇ ਜੋ ਕਲਾ ਵਰਤੀ, ਉਸ ਦੀ ਉਪਮਾ ਬੜੀ ਹੀ ਅਪਰ ਅਪਾਰ ਹੈ। ਇਹ ਵੀਰ ਸਾਨੂੰ ਕਦੇ ਨਹੀਂ ਭੁਲਿਆ, ਨਾ ਭੁਲਣਾ ਹੈ। ਇਸ ਜੈਸੇ ਅਨੇਕਾਂ ਗੁਰਮੁਖ ਵੀਰ ਜਨਾਂ ਨੂੰ ਜਦੋਂ ਅਸੀਂ ਦੇਖਦੇ ਹਾਂ, ਕਿ ਗੁਰਪੁਰੀ ਵਿਚ ਸਾਡੀ ਅਗਵਾਈ ਕਰਨ ਲਈ ਤਤਪਰ ਖੜੋਤੇ ਹਨ, ਚਿਤ ਵਿਚ ਬੜਾ ਹੀ ਅਨੰਦ-ਮਈ ਹੁਲਾਸ ਪੈਦਾ ਹੁੰਦਾ ਹੈ। ਇਸ ਵੀਰ ਦੇ ਪਿਛੋਂ ਨਿਕਟੀ ਪਰਵਾਰ ਵਿਚੋਂ ਇਨ੍ਹਾਂ ਦੀ ਇਕੋ ਇਕ ਗੁਰਮੁਖ ਚਾਚੀ, ਭੈਣ ਗੁਰਦਿਆਲ ਕੌਰ, ਵੀਰ ਮੁਨੱਸ਼ੂਰ ਜੀ ਦੀ ਯਾਦਗਾਰੀ ਅਨਿੰਨ ਨਿਸ਼ਾਨੀ ਸੀ, ਸੋ ਵੀ ਚਲਾਣਾ ਕਰ ਗਈ। ਹੁਣ ਸੰਸਾਰ ਦੇ ਰਿਸ਼ਤਿਆਂ ਵਿਚੋਂ ਉਸ ਨੂੰ ਕਿਸ ਨੇ ਯਾਦ ਕਰਨਾ ਹੈ, ਜਥੇ ਦੇ ਗੁਰਮੁਖਾਂ ਦੇ ਮੰਡਲ ਵਿਚ ਇਸ ਵੀਰ ਦੀ ਯਾਦ ਹਮੇਸ਼ਾ ਹੀ ਤਾਜ਼ਾ ਰਹੇਗੀ। ਉਸ ਦੀ ਕਰਣੀ ਕਮਾਲ ਵਾਲਿਆਂ ਗੁਰਮੁਖ ਜਨਾਂ ਨੇ ਤਾਂ ਇਸ ਵੀਰ ਦੀ ਆਤਮ ਕ੍ਰਾਂਤ ਦੇ ਦਰਸ਼ਨ ਜਾ ਗੁਰਪੁਰੀ ਵਿਖੇ ਕਰਨੇ ਹਨ। ਸੋ ਨਿਰਾਸਤਾ ਕਾਹਦੀ, ਆਸਾਂ ਗੁਰੂ ਕਰਤਾਰ ਨੇ ਪੂਰੀਆਂ ਕਰਨੀਆਂ ਹਨ, ਉਹ ਪੂਰੀਆਂ ਹੁੰਦੀਆਂ ਹੀ ਰਹਿਣਗੀਆਂ। ਅਜਿਹੇ ਰੰਗਲੇ ਸਜਣਾਂ ਦੀ ਯਾਦਗਾਰੀ ਲਿਖਤਾਂ ਲਿਖਣ ਵਾਲੀ ਇਕ ਟੂਕ ਮਾਤਰ ਸੇਵਾ ਸਾਡੇ ਹਿਸੇ ਵਿਚ ਆਈ ਹੈ, ਐਨ ਗੁਰੂ ਦੀ ਪ੍ਰੇਰਨਾ ਅਨੁਸਾਰੀ ਆਈ ਹੈ। ਸਤਿਗੁਰ ਆਪਣੀਆਂ ਨਦਰਾਂ ਮੇਹਰਾਂ ਨਾਲ ਸਫਲੀ ਕਰੇ। ਅਗਲੀਆਂ ਆਵਣ ਵਾਲੀਆਂ ਸਿਖ ਪਨੀਰੀਆਂ ਅਰੂੜ੍ਹੀਆਂ ਰੂਹਾਂ ਇਸ ਲੇਖ ਤੋਂ ਲਾਭ ਉਠਾਵਣ।

["ਰੰਗਲੇ ਸੱਜਣ" ਪੁਸਤਕ ਵਿਚੋਂ



www.AKJ.Org

ਗਈ ਕਿ ਉਹ ਵਰਨ-ਵੰਡ, ਰੂਪ-ਰੇਖ, ਮਾਇਆ-ਮੋਹ, ਹਉਮੈ-ਹੰਕਾਰ, ਲੋਭ-ਲਾਲਚ ਤੇ ਉਸਤਤਿ-ਨਿੰਦਾ ਦੀਆਂ ਅਰਥ-ਹੀਣ ਤੇ ਪਸ਼ੂ-ਪ੍ਰਵਿਰਤੀਆਂ ਨੂੰ ਝਟਕਾ ਕੇ ਇੰਨਾ ਵਾਹਿਗੁਰੂ ਦਾ ਤੇ ਵਾਹਿਗੁਰੂ ਦੀ ਫਤਹ ਵਾਸਤੇ ਸਮਰਪਿਤ ਹੋ ਗਿਆ ਕਿ ਜਿਥੇ ਵੀ ਤੇ ਜਦੋਂ ਵੀ 'ਖਾਲਸਾ' ਇਕ ਦੂਜੇ ਖਾਲਸੇ ਨੂੰ ਮਿਲਦਾ ਸੀ, ਉਹ ਸਹਿਜੇ ਹੀ ਬੋਲ ਉਠਦਾ ਸੀ—ਪਹਿਲਾਂ ਵੀ ਤੇ ਹੁਣ ਵੀ ਬੋਲਦਾ ਹੈ : ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹ ॥

'ਖਾਲਸਾ' ਦਾ ਅਰਥ-ਭਾਵ ਵੀ ਵਾਹਿਗੁਰੂ ਦਾ ਹੋਣਾ ਹੀ ਹੈ। ਜਿਹੜੀ ਜਾਗੀਰ ਜਾਂ ਜਾਇਦਾਦ ਬਾਦਸ਼ਾਹ ਦੀ ਹੋ ਜਾਂਦੀ, ਉਸ ਨੂੰ 'ਖਾਲਸਾ' ਹੀ ਆਖਿਆ ਜਾਂਦਾ ਸੀ। ਖਾਲਸਾ ਦਾ ਮੁਖ ਉਦੇਸ਼ ਇਹ ਮਿਥਿਆ ਗਿਆ ਕਿ ਉਹ ਧਰਤਿ-ਲੁਕਾਈ ਦੇ ਜੀਵਨ ਵਿਚ ਆਚਾਰ-ਵਿਹਾਰ ਦੇ ਉਨ੍ਹਾਂ ਮੁੱਲਾਂ ਤੇ ਆਦਰਸ਼ਾਂ ਦਾ ਸੰਚਾਰ ਕਰੇਗਾ ਤੇ ਸਹਾਇਕ ਹੋਵੇਗਾ, ਜਿਨ੍ਹਾਂ ਦੁਆਰਾ ਮਾਨਸ-ਪਸ਼ੂ-ਬੱਲ ਦੀ ਨਹੀਂ, ਵਾਹਿਗੁਰੂ ਦੀ ਫਤਹ ਤੇ ਜੈਕਾਰ ਹੋਵੇਗੀ। ਖਾਲਸਾ ਜੀ ਦਾ ਸਮੁੱਚਾ ਜੀਵਨ ਵਾਹਿਗੁਰੂ ਦਾ ਹੋਣ ਵਾਸਤੇ ਤੇ ਵਾਹਿਗੁਰੂ ਦੀ ਫਤਹ ਵਾਸਤੇ ਸਮਰਪਿਤ ਕਰ ਦਿੱਤਾ ਗਿਆ। ਧਰਮ-ਸ਼ਰਧਾਲੂਆਂ ਤੇ ਮਾਨਸ ਜਾਤਿ ਦੇ ਇਤਿਹਾਸ ਵਿਚ ਇਕੋ ਇਕ ਖਾਲਸਾ-ਸੰਸਥਾ, ਕੌਮ ਜਾਂ ਫੌਜ ਹੀ ਹੈ, ਜਿਹੜੀ ਆਪਣੇ ਫ਼ੌਲਾਦ-ਬੀਜਾਂ, ਰਚਨਾ-ਸਥਾਪਤੀ ਤੇ ਸਰੂਪ-ਸ਼ਿੰਗਾਰ ਪੱਖੋਂ ਬਿਲਕੁੱਲ ਵੱਖਰੀ ਹੋਂਦ-ਹਸਤੀ ਦੀ ਪ੍ਰਤੀਕ ਵੀ ਹੈ ਤੇ ਲੱਖਾਂ-ਕਰੋੜਾਂ ਵਿਚ ਬੈਠੀ ਜਾਂ ਖੜੀ ਆਪਣੇ ਵਿਲੱਖਣ ਹਸਤਾਖਟ ਨਾਲ ਪਛਾਣੀ ਵੀ ਜਾਂਦੀ ਹੈ। ਖ਼ਾਲਸਾ ਜੀ ਦਾ ਇਹੀ ਸਪੱਸ਼ਟ ਤੇ ਉਜਾਗਰ ਗੁਣ ਹੈ ਕਿ ਉਹ ਸੰਸਾਰ ਵਿਚ ਗ੍ਰਿਹਸਤੀਆਂ ਵਾਂਗ ਜੀਊ-ਵਿਚਰ ਕੇ ਵੀ ਆਪਣੀ ਧਰਮ-ਹੋਂਦ, ਜੀਵਨ-ਜਾਚ, ਪੂਜਾ-ਪ੍ਰਤਿਸ਼ਟਾ, ਸਿੱਖਿਆ-ਸਿਧਾਂਤ, ਆਦਰਸ਼ ਤੇ ਪ੍ਰਾਪਤੀਆਂ ਕਰਕੇ ਬਿਲਕੁੱਲ ਨਿਵੇਕਲਾ ਤੇ ਨਿਆਰਾ ਖੜਾ ਹੁੰਦਾ ਹੈ।

੧੬੯੯ ਦੀ ਵਿਸਾਖੀ ਦੀ ਇਕ ਵੱਡੀ ਦੇਣ ਇਹ ਵੀ ਹੈ ਕਿ ਭਾਰਤੀਆਂ ਨੂੰ ਇਕ ਜਥੇਬੰਦ ਤੇ ਖਾਲਸਾ ਰੂਪ ਵਿਚ ਰੰਗ ਕੇ, ਉਸ ਨੂੰ ਸੰਪੂਰਨ, ਮੌਲਿਕ, ਵਿਲੱਖਣ ਤੇ ਨਿਆਰੀ ਹੋਂਦ ਜਾਂ ਕੌਮ ਹੋਣ ਦਾ ਮਾਣ ਦਿੱਤਾ ਹੈ। ਅਜਿਹਾ ਵਚਿੱਤਰ ਕਰਮ ਕਿਸੇ ਧਰਮ-ਆਗੂ, ਅਵਤਾਰ ਜਾਂ ਪੈਗੰਬਰ ਨੇ ਨਹੀਂ ਕੀਤਾ। **੧੯੯੯ ਦੇ ਸਾਲ ਵਿਚ ਪ੍ਰਵੇਸ਼ ਕਰਨ ਤੋਂ ਪਹਿਲਾਂ ਪਹਿਲਾਂ ਸੰਸਥਾਗਤ ਰੂਪ ਵਿਚ ਖਾਲਸਾ ਜੀ ਨੂੰ ਇਹ ਲੇਖਾ-ਜੋਖਾ ਕਰਨਾ ਹੀ ਚਾਹੀਦਾ ਹੈ ਕਿ ਖਾਲਸਾ ਆਪਣੀ ਧਰਮ-ਹੋਂਦ, ਜੀਵਨ-ਜਾਚ, ਵਿਸ਼ਵਾਸ ਤੇ ਆਦਰਸ਼, ਸਰੂਪ ਤੇ ਮਰਦਾਨਗੀ ਵਿਚ ਉਹੀ ਹੈ, ਜਿਹੋ ਜਿਹਾ ਗੁਰੂ ਨਾਨਕ ਦੇਵ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਰਚਿਆ, ਸਿਰਜਿਆ, ਬਣਾਇਆ ਤੇ ਉਜਾਗਰ ਕੀਤਾ ਸੀ।**

੧੬੯੯ ਦੀ ਵਿਸਾਖੀ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਜਿਹੜਾ ਵਚਿੱਤਰ ਨਾਟਕ ਖੇਡਿਆ, ਉਸ ਖੇਡ ਦਾ ਸਿੱਟਾ ਭਾਵੇਂ 'ਖਾਲਸਾ' ਰਚਿਆ ਜਾਂ ਸਿਰਜਿਆ ਗਿਆ, ਪਰ ਖਾਲਸਾ ਸਾਜਣ ਵਾਸਤੇ ਜਿਹੜੀ ਪਹੁੰਚ-ਵਿਧੀ ਅਪਣਾਈ ਗਈ, ਉਹ ਵੀ ਭਾਰਤੀ ਇਤਿਹਾਸ ਵਿਚ ਬਿਲਕੁਲ ਨਵੀਂ ਰਾਜਸੀ ਦ੍ਰਿਸ਼ਟੀ ਤੇ ਲੋਕਤੰਤਰੀ ਤੇ ਗੁਰੂ-ਧਰਮ-ਪਰੰਪਰਾ ਅਨੁਸਾਰ ਹੀ ਸੀ। ਗੁਰੂ ਨਾਨਕ ਦੇਵ ਜੀ ਨੇ ਪ੍ਰੇਮਾ-ਭਗਤੀ ਵਿਚ ਜੀਊਣ ਜਾਂ ਖੇਲਣ ਵਾਲਿਆਂ ਨੂੰ ਇਕ ਪ੍ਰਸ਼ਨ ਕੀਤਾ ਸੀ ਕਿ "ਜਉ ਤਉ ਪ੍ਰੇਮ ਖੇਲਣ ਕਾ ਚਾਉ" ਤਾਂ ਜ਼ਰੂਰੀ ਤੇ ਲਾਜ਼ਮੀ ਹੈ, ਕਿ ਪ੍ਰੇਮ ਦੀ ਪਰਵਾਨਗੀ ਲਈ 'ਸਿਰ' ਤਲੀ ਉਤੇ ਰੱਖ ਕੇ ਗੁਰੂ ਦੀ ਗਲੀ ਵਿਚ 'ਸੀਸ ਭੇਟ' ਕਰਨਾ ਪਵੇਗਾ। ਨੰਗੀ ਤਲਵਾਰ ਹੱਥ ਵਿਚ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਵਾਰੀ ਵਾਰੀ ਪੰਜ ਸੀਸਾਂ ਦੀ ਭੇਟ ਹੀ ਮੰਗੀ ਸੀ। ਗੁਰੂ ਤੇ ਗੁਰੂ-ਧਰਮ ਨਾਲ ਪ੍ਰੇਮ ਕਰਨ ਵਾਲੇ ਜਿਨ੍ਹਾਂ 'ਪੰਜਾਂ' ਸਿੱਖਾਂ ਨੇ ਆਪਣੇ ਸੀਸ ਭੇਟ ਕੀਤੇ, ਗੁਰੂ ਗੋਬਿੰਦ ਸਿੰਘ ਜੀ ਨੇ ਉਨ੍ਹਾਂ ਪੰਜਾਂ ਨੂੰ 'ਪਿਆਰੇ' ਹੋਣ ਦਾ ਮਾਣ ਦਿੱਤਾ। ਪਿਛੋਂ ਪੰਜਾਂ ਨੂੰ ਅੰਮ੍ਰਿਤ ਛਕਾ ਕੇ 'ਖਾਲਸਾ' ਹੋਣ ਦਾ ਹੀ ਨਹੀਂ, ਸਗੋਂ 'ਗੁਰੂ' ਹੋਣ ਦਾ ਮਾਣ ਵੀ ਬਖ਼ਸ਼ ਦਿੱਤਾ। ਤਨ, ਮਨ ਤੇ ਧਨ (ਸੀਸ ਵਿਚ ਸਭ ਕੁਝ ਹੈ) ਗੁਰੂ ਨੂੰ ਸਉਂਪ ਕੇ, ਖਾਸ ਕਰ ਕੇ ਗੁਰੂ-ਹੁਕਮ ਮੰਨਣ ਵਾਲਾ ਵਾਹਿਗੁਰੂ-ਦਰ-ਘਰ ਵਿਚ ਪਰਵਾਨ ਵੀ ਹੈ ਤੇ ਗੁਰੂ-ਪਿਆਰਾ ਵੀ ਹੈ। ਪ੍ਰੇਮ ਨੂੰ ਸੀਸ ਨਾਲ, ਸੀਸ ਨੂੰ ਹੁਕਮ ਨਾਲ, ਹੁਕਮ ਨੂੰ ਗੁਰੂ ਨਾਲ ਜੋੜ ਕੇ ਜਿਵੇਂ ਸਿੱਖ ਨੂੰ ਅਧਿਆਤਮਿਕ ਦ੍ਰਿਸ਼ਟੀ ਤੋਂ


www.AKJ.org

'ਗੁਰੂ-ਪਿਆਰਾ' ਬਣਾਇਆ ਗਿਆ, ਬੱਸ ਇਹੀ ਪਹਿਲੇ ਪੰਜ ਗੁਰੂ-ਪਿਆਰੇ ਸਨ, ਜਿਨ੍ਹਾਂ ਨੂੰ ਅੰਮ੍ਰਿਤ ਛਕਾ ਕੇ ਪਹਿਲਾਂ 'ਖ਼ਾਲਸਾ' ਆਖਿਆ, ਫਿਰ ਪੰਜਾਂ ਸਨਮੁਖ ਯਾਚਨਾ ਰੂਪ ਵਿਚ ਬੈਠ ਕੇ, ਪੰਜਾਂ ਨੂੰ 'ਗੁਰੂ' ਪਦਵੀ ਪ੍ਰਦਾਨ ਕਰ ਕੇ, ਕਿਸੇ ਲੁਕਾ-ਛਿਪਾ ਵਿਚ ਨਹੀਂ ਜਾਂ ਹੀਣਤਾ ਭਾਵਾਂ ਨਾਲ ਨਹੀਂ, ਸਗੋਂ ਗੱਜ ਕੇ ਜਾਂ ਡੱਟ ਕੇ, ਇਹ ਐਲਾਨ ਕਰ ਕੇ, ਕਿ ਅੰਮ੍ਰਿਤਧਾਰੀ ਖਾਲਸਾ ਜੀ ! ਤੁਸੀਂ ਸਮਰੱਥ ਗੁਰੂ ਹੋ, ਗੁਰੂ-ਸੰਗਤ ਹੋ, ਗੁਰੂ-ਪੰਥ ਹੋ, ਗੁਰੂ-ਖਾਲਸਾ ਹੋ, ਜਿਵੇਂ ਆਪੇ 'ਗੁਰੂ-ਹੈਸੀਅਤ' ਵਿਚ ਮੈਂ ਤੁਹਾਨੂੰ ਅੰਮ੍ਰਿਤ ਛਕਾ ਕੇ 'ਖਾਲਸਾ-ਗੁਰੂ' ਸਜਾਇਆ ਹੈ, ਇਸੇ ਤਰ੍ਹਾਂ ਗੁਰੂ-ਖਾਲਸਾ ਜੀ, ਤੁਸੀਂ ਅੰਮ੍ਰਿਤ-ਵਰਦਾਤਾ ਹੋ ਗਏ ਹੋ, ਅੰਮ੍ਰਿਤ ਕੇਵਲ ਗੁਰੂ ਕੋਲੋਂ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ, ਇਸ ਲਈ ਪਰਵਾਨ ਤੇ ਪੰਚ ਗੁਰੂ-ਖਾਲਸਾ ਜੀ—'ਚੇਲਾ-ਹੈਸੀਅਤ' ਵਿਚ ਮੈਨੂੰ ਵੀ ਅੰਮ੍ਰਿਤ ਪ੍ਰਦਾਨ ਕਰੋ। ਇਤਿਹਾਸ ਸਾਖੀ ਹੈ ਕਿ 'ਖਾਲਸਾ-ਗੁਰੂ' ਨੇ ਦੱਸਵੇਂ ਪਾਤਿਸ਼ਾਹ ਨੂੰ ਅੰਮ੍ਰਿਤ ਛਕਾ ਕੇ, ਜਿਵੇਂ ਆਪ 'ਖਾਲਸਾ' ਬਣ ਸਨ, ਬਿਲਕੁਲ ਉਸੇ ਤਰ੍ਹਾਂ ਦੇ ਗੁਰੂ ਗੋਬਿੰਦ ਸਿੰਘ ਜੀ ਵੀ 'ਖਾਲਸਾ' ਹੋ ਗਏ। ਪਹਿਲਾਂ 'ਆਪੇ ਗੁਰੂ' ਤੇ ਪਿਛੋਂ 'ਆਪੇ ਚੇਲਾ' ਰੂਪ ਵਿਚ ਖਾਲਸਾ ਰਚ ਕੇ ਜਾਂ ਖਾਲਸਾ ਸਜ ਕੇ, ਜਿਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਸਦੀਆਂ ਪੁਰਾਣਾ ਤੇ ਅਰਥ-ਹੀਣ ਗੁਰੂ-ਚੇਲਾ ਦਾ ਰਿਸ਼ਤਾ ਤੇ ਭਿੰਨ-ਭੇਦ ਮਿਟਾਇਆ, ਖਾਸ ਕਰ ਕੇ ਏਕਤਾ, ਬਰਾਬਰੀ ਤੇ ਸਦਭਾਵਨਾ ਦਾ ਸਾਰਥਿਕ ਤੇ ਸਥਾਈ ਸਿਧਾਂਤ ਦਾ ਸੰਕਲਪ ਉਜਾਗਰ ਕੀਤਾ, ਅਜਿਹੀ ਵਚਿੱਤਰ ਏਕਤਾ, ਬਰਾਬਰੀ ਤੇ ਸਦਭਾਵਨਾ ਦੀ ਮਿਸਾਲ ਸਾਰੇ ਸੰਸਾਰ ਦੇ ਇਤਿਹਾਸ ਵਿਚ ਦੀਵਾ ਲੈ ਕੇ ਵੀ ਨਹੀਂ ਲੱਭੀ ਜਾ ਸਕਦੀ। ਗੁਰੂ ਨਾਨਕ ਦੇਵ ਤੇ ਗੁਰੂ ਗੋਬਿੰਦ ਸਿੰਘ ਜੀ ਨੂੰ ਮਾਨਵ-ਅਧਿਕਾਰਾਂ ਨੂੰ ਸਥਾਪਿਤ ਕਰਨ ਤੇ ਮਾਨਵ-ਅਧਿਕਾਰਾਂ ਲਈ ਜੂਝ ਮਰਨ ਵਾਲਾ ਪਹਿਲਾ ਗੁਰੂ-ਆਗੂ ਵੀ ਕਹਿਣਾ ਚਾਹੀਦਾ ਹੈ।

ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ੨੩੯ ਸਾਲਾਂ ਦੇ ਸਿੱਖ ਇਤਿਹਾਸ ਵਿਚ ਸਪੱਸ਼ਟ ਹੈ ਕਿ ਉਸਾਰੀ ਜੋਤਿ ਤੇ ਜੁਗਤਿ ਦੀ ਸੀ ਜਾਂ ਚਿੰਤਨ ਜਾਂ ਸੰਸਥਾਵਾਂ ਦੀ ਸੀ, ਜਾਂ ਬਾਣੀ-ਗੁਰੂ ਗ੍ਰੰਥ ਸਾਹਿਬ ਦੀ ਸੀ, ਅਗਵਾਈ ਦਾ ਰੂਪ 'ਵਿਅਕਤੀ-ਗੁਰੂ-ਰੂਪ' ਹੀ ਸੀ। ਪਰ ਖਾਲਸਾ ਜੀ ਦੀ ਰਚਨਾ ਜਾਂ ਸਿਰਜਨਾ ਪਿਛੋਂ, ਖਾਸ ਕਰ ਕੇ ੧੭੦੮ ਈ: ਪਿਛੋਂ ਵਿਅਕਤੀ-ਗੁਰੂ ਸਹਿਜੇ ਹੀ ਸਮਾਪਤ ਹੋ ਗਿਆ, ਤੇ ਸਾਰੀ ਗੁਰੂ-ਪਰੰਪਰਾ ਸਰੀਰ-ਮੁਕਤ ਹੋ ਕੇ, ਸ਼ੁੱਧ ਰੂਪ ਵਿਚ 'ਸ਼ਬਦ-ਗੁਰੂ' ਦੇ ਰੂਪ ਵਿਚ ਪ੍ਰਚੰਡ ਹੋ ਗਈ। ਇੰਜ ਜਾਪਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਸਰੀਰ ਜਾਂ ਵਿਅਕਤੀ-ਪੂਜਾ ਸਮਾਪਤ ਕਰ ਕੇ, ਪੂਜਾ ਅਕਾਲ ਕੀ, ਦੀਦਾਰ ਖਾਲਸੇ ਦਾ, ਪਰਚਾ ਸ਼ਬਦ ਦਾ—ਆਤਮਕ ਮੰਡਲ ਪ੍ਰਥਮ ਤੇ ਪ੍ਰਧਾਨ ਕਰ ਦਿੱਤਾ। ਧਰਮ-ਸੱਚ ਹੋਵੇ, ਪਤਿ ਤੇ ਸਵੈਮਾਣ ਹੋਵੇ, ਅਣਖ ਤੇ ਆਜ਼ਾਦੀ ਹੋਵੇ, ਮਰਦਾਨਗੀ ਤੇ ਗੌਰਵ ਹੋਵੇ, ਇਹ ਸਾਰੇ ਸਦ-ਭਾਵ ਖਾਲਸਾ-ਮੰਡਲ ਦੇ ਪ੍ਰਕਾਸ਼-ਬਿੰਬ ਹਨ। ਗੁਰੂ-ਜੋਤਿ ਹੋਵੇ ਜਾਂ ਬਾਣੀ-ਗ੍ਰੰਥ-ਜੋਤਿ ਹੋਵੇ ਜਾਂ ਖਾਲਸਾ-ਮੰਡਲ ਹੋਵੇ, ਸਭ ਵਿਚ ਸਾਂਝਾ ਤੱਤ 'ਸੱਚ-ਆਚਾਰ' ਦਾ ਹੀ ਹੈ। ਸੱਚ-ਆਚਾਰ ਨੂੰ ਕਦੀ ਗੁਰੂ-ਜੋਤਿ ਦੇ ਰੂਪ ਵਿਚ, ਕਦੀ ਸ੍ਰੀ ਹਰਿਮੰਦਰ ਸਾਹਿਬ ਦੇ ਰੂਪ ਵਿਚ, ਕਦੀ ਮੀਰੀ-ਪੀਰੀ ਤੇ ਸ੍ਰੀ ਅਕਾਲ ਤਖਤ ਦੇ ਰੂਪ ਵਿਚ, ਕਦੀ ਸੰਘਰਸ਼ ਤੇ ਸਾਕਿਆਂ ਦੇ ਰੂਪ ਵਿਚ, ਕਦੀ ਤਿਆਗ ਤੇ ਸ਼ਹਾਦਤਾਂ ਦੇ ਰੂਪ ਵਿਚ, ਕਦੀ ਖਾਲਸਾ-ਗੁਰੂ ਦੇ ਰੂਪ ਵਿਚ ਤੇ ਕਦੀ ਗੁਰੂ-ਪੰਥ ਦੇ ਰੂਪ ਵਿਚ ਜਥੇਬੰਦ ਕਰ ਕੇ, ਜਿਵੇਂ ਖਾਲਸਾ ਜੀ ਦੀ ਰਾਜਸੀ ਤੇ ਗੌਰਵਮਈ ਸ਼ਕਤੀ ਨੂੰ ਸਿਰਜਿਆ ਤੇ ਸਥਾਪਿਤ ਕੀਤਾ, ਉਸ ਦਾ ਫੱਲ ਹੀ ਸੀ ਕਿ ਜਿਹੜਾ ਪੰਜਾਬ ਪਹਿਲਾਂ 'ਮੁਗਲਾਂ' ਦਾ ਸੀ, ਫਿਰ ਅਹਿਮਦ-ਸ਼ਾਹ ਅਬਦਾਲਾ ਦਾ ਬਣ ਗਿਆ ਸੀ, ਉਹ ਪੰਜਾਬ ਜੂਝ-ਮਰਨ ਵਾਲੇ ਸਿੰਘਾਂ ਤੇ ਖਾਸ ਕਰ ਕੇ ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਵਿਚ ਘਟੋ ਘੱਟ ਅੱਧੀ ਸਦੀ 'ਖਾਲਸਾ ਸਰਕਾਰ' ਦਾ ਹੋ ਗਿਆ। ਨਿਸਚੇ ਹੀ ਖਾਲਸਾ ਜੀ ਦੀ ਗਾਥਾ ਬੜੀ ਗੌਰਵਮਈ ਤੇ ਵਚਿੱਤਰ ਹੈ। ਜਿਹੜਾ ਪੰਜਾਬ ਗੁਰੂ-ਸੱਚੇ ਪਾਤਿਸ਼ਾਹਾਂ ਦੇ ਨਾਮ ਨਾਲ ਜੁੜਿਆ ਹੋਇਆ ਹੈ, ਜਿਸ ਪੰਜਾਬ ਦੇ ਚੱਪੇ ਚੱਪੇ ਉਤੇ ਗੁਰੂ ਗੋਬਿੰਦ ਸਿੰਘ ਜੀ ਦੇ ਘੋੜਿਆਂ ਦੀਆਂ ਟਾਪਾਂ ਹਨ, ਉਸ ਪੰਜਾਬ ਵਾਸਤੇ ੧੭੪੮ ਈ: ਵਿਚ ਜੇ ਸ੍ਰੀ ਅਕਾਲ ਤਖਤ ਸਾਹਿਬ ਉਤੇ ਖਾਲਸਾ ਜੀ ਨੂੰ ਫ਼ੈਸਲਾ ਕਰਨ ਦਾ ਮੌਕਾ ਬਣਿਆ, ਤਾਂ ਖਾਲਸੇ ਦਾ ਨਿਰਣਾ ਸੀ ਕਿ



www.AKJ.Org

'ਪੰਜਾਬ' ਅਫ਼ਗਾਨ ਦਾ ਨਹੀਂ, ਖਾਲਸਾ ਜੀ ਵਲੋਂ 'ਪੰਜਾਬ' ਹਿੰਦੁਸਤਾਨ ਲਈ ਤੋਹਫ਼ਾ ਹੈ। ਜੇ ੧੯੪੭ ਦੀ ਵੰਡ ਵੇਲੇ ਸਵਾਲ ਪੈਦਾ ਹੋਇਆ ਕਿ 'ਪੰਜਾਬ' ਪਾਕਿਸਤਾਨ ਨਾਲ, ਜਾਂ ਹਿੰਦੁਸਤਾਨ ਨਾਲ, ਤਾਂ ਵੀ ਖਾਲਸਾ ਕੌਮ ਨੇ ਆਪਣੀ ਕਿਸਮਤ ਦੀ ਸਾਂਝ ਹਿੰਦੁਸਤਾਨ ਨਾਲ ਹੀ ਜੋੜੀ ਸੀ। ਜਦੋਂ ਗੁਰੂ ਨਾਨਕ ਦੇਵ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਹਿੰਦੁਸਤਾਨੀ ਬੋਲ ਨੂੰ ਸੰਭਾਲ ਕੇ, ਆਪਣਾ ਸਾਰਾ ਬੰਸ-ਕੁਰਬਾਨ ਕਰਵਾ ਕੇ, ਹਿੰਦੁਸਤਾਨ ਦੀ ਸੁਨਹਿਰੀ ਤੇ ਗੌਰਵਮਈ ਗਾਥਾ ਨੂੰ, ਸਦਾ ਸੁਰੱਖਿਅਤ ਤੇ ਉੱਜਲ ਮੁੱਖ ਰਖਿਆ ਹੈ, ਤਾਂ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਜੀ ਦਾ ਖਾਸ ਰੂਪ 'ਖਾਲਸਾ' ਹਿੰਦੁਸਤਾਨ ਤੋਂ ਵੱਖ ਜਾਂ ਵੱਖਰਾ ਹੋਣ ਦੀ ਕਲਪਣਾ ਕਿਵੇਂ ਕਰ ਸਕਦਾ ਹੈ ?

ਵੱਖਵਾਦ ਜਾਂ ਅਤਿਵਾਦ ਸਦਾ ਪ੍ਰਤਿਕਰਮ ਵਜੋਂ ਉਪਜਦਾ ਹੈ। ਖਾਲਸਾ ਜੀ ਦੀ ਪਰੰਪਰਾ ਜਾਂ ਆਚਾਰ-ਵਿਹਾਰ ਵਿਚ ਵੱਖਵਾਦ ਜਾਂ ਅਤਿਵਾਦ ਦਾ ਕੋਈ ਤੱਤ ਨਹੀਂ। ਖਾਲਸਾ ਜੀ ਦਾ ਵਾਹਿਗੁਰੂ ਨਾਲ ਜੁੜਨ ਦਾ ਜਾਂ ਸਿਰ ਜੋੜ ਕੇ ਬੈਠਣ ਦਾ ਦ੍ਰਿੜ੍ਹ ਵਿਸ਼ਵਾਸ ਹੈ। ਅਤਿ ਨੂੰ ਤਾਂ ਖਾਲਸਾ ਜੀ ਨੇ ਸਦਾ ਸਬਰ ਤੇ ਸਿਦਕ ਨਾਲ ਆਪਣੇ ਪਿੰਡੇ ਹੰਢਾਇਆ ਹੈ। ਅਤਿ-ਜ਼ੁਲਮ ਨੂੰ ਕਦੀ ਬੰਦ ਬੰਦ ਕਟਵਾ ਕੇ, ਕਦੀ ਖੋਪਰੀਆਂ ਲੁਹਾ ਕੇ, ਕਦੀ ਚਰਖੜੀਆਂ ਉਤੇ ਚੜ੍ਹ ਕੇ, ਕਦੀ ਆਰਿਆਂ ਨਾਲ ਚਿਰਾ ਕੇ, ਕਦੀ ਦੇਗ ਵਿਚ ਉਬਾਲੇ ਖਾ ਕੇ, ਕਦੀ ਗੋਲੀਆਂ ਜਾਂ ਤੋਪਾਂ ਦਾ ਨਿਸ਼ਾਨਾ ਬਣ ਕੇ, ਜਿਵੇਂ ਸਬਰ ਤੇ ਸਿਦਕ ਵਿਚ ਰਹਿ ਕੇ, ਖਾਸ ਕਰ ਕੇ ਕਿਸੇ ਭਰਮ, ਭੈ ਤੇ ਲਾਲਚ ਤੋਂ ਮੁਕਤ ਹੋ ਕੇ, ਸ਼ਹਾਦਤਾਂ ਦਿਤੀਆਂ ਹਨ, ਨਿਸ਼ਚੇ ਹੀ ਇਹ ਸਾਕੇ ਤੇ ਸ਼ਹਾਦਤਾਂ ਖਾਲਸਾ ਜੀ ਦੀ ਗੌਰਵਮਈ ਗਾਥਾ ਦਾ ਇਤਿਹਾਸਕ ਸ਼ਿੰਗਾਰ ਹਨ। ਪਰ ਜਦੋਂ ਸਮੁੱਚੀ ਕੌਮ ਨੂੰ 'ਜਰਾਇਮ-ਪੇਸ਼ਾ' ਮੰਨ ਕੇ, ਸਾਰੇ ਹੱਕਾਂ ਅਤੇ ਅਧਿਕਾਰਾਂ ਤੋਂ ਵੰਚਿਤ ਕਰ ਦਿੱਤਾ ਜਾਏ, ਖਾਸ ਕਰ ਕੇ ਸੁੱਖ ਤੇ ਸੁਤੰਤਰਤਾ ਮਾਨਣ ਲਈ, ਰਾਜ-ਭਾਗ ਵਿਚ ਹਿੱਸੇਦਾਰ ਬਣਨ ਲਈ, ਬਰਾਬਰ ਦੇ ਸ਼ਹਿਰੀ ਹੋਣ ਲਈ ਕੀਤੇ ਵਾਹਦਿਆਂ ਨੂੰ ਠੁਕਰਾ ਦਿੱਤਾ ਜਾਏ, ਜਾਂ ਵਾਹਦਿਆਂ ਨੂੰ ਪੂਰਾ ਕਰਨ ਦੀ ਥਾਂ ਪੰਜਾਬੀ ਸੂਬਾ-ਸੰਘਰਸ਼ ਤੋਂ ਲੈ ਕੇ ਅਨੰਦਪੁਰ ਮਤੇ ਦੇ ਸੰਘਰਸ਼ ਤਕ—ਖਾਲਸਾ ਕੌਮ ਨੂੰ ਸਰਕਾਰੀ ਤੇ ਬਹੁ-ਗਿਣਤੀ ਦੇ ਵਾਰਾਂ ਜਾਂ ਮਾਰੂ ਹਮਲਿਆਂ ਨਾਲ ਇੰਨਾਂ ਦਬਾ ਜਾਂ ਦੁਬੇਲ ਬਣਾ ਦਿੱਤਾ ਜਾਏ, ਕਿ ਨਾ ਸੱਚ ਸੁਣਾਇਆ ਜਾ ਸਕੇ, ਨਾ ਧਰਮ-ਆਜ਼ਾਦੀ ਮਾਣੀ ਜਾ ਸਕੇ, ਨਾ ਹਰਿਮੰਦਰ ਸਾਹਿਬ—ਸ੍ਰੀ ਅਕਾਲ ਤਖ਼ਤ ਸਾਹਿਬ ਬੇਹੁਰਮਤ ਹੋਣ ਤੋਂ ਬਚਾਇਆ ਜਾ ਸਕੇ, ਨਾ ਹੱਕ ਅਤੇ ਅਧਿਕਾਰਾਂ ਨੂੰ ਪ੍ਰਾਪਤ ਕੀਤਾ ਜਾ ਸਕੇ, ਜਾਂ ਕੌਮ ਦੇ ਰੋਸ ਤੇ ਗੁੱਸੇ ਦਾ ਲੋਕਤੰਤਰੀ ਲੀਹਾਂ ਉਤੇ ਚਲਦਿਆਂ ਪ੍ਰਗਟਾਵਾ ਵੀ ਨਾ ਕੀਤਾ ਜਾ ਸਕੇ, ਤਾਂ ਅਜਿਹੇ ਗੁਲਾਮ ਤੇ ਅਤਿ ਦੇ ਹਾਲਾਤ ਵਿਚ, ਜੇ ਖਾਲਸਾ ਕੌਮ ਆਪਣੇ ਜਨਮ-ਸਿੱਧ-ਅਧਿਕਾਰਾਂ ਦੀ ਪ੍ਰਾਪਤੀ ਤੇ ਸੁਰੱਖਿਆ ਲਈ, ਵੱਖਵਾਦ ਜਾਂ ਅਤਿਵਾਦ ਦਾ ਰੂਪ ਗ੍ਰਹਿਣ ਕਰ ਕੇ ਸਰਕਾਰ ਜਾਂ ਬਹੁਗਿਣਤੀ ਦੇ ਜ਼ੋਰ-ਜ਼ੁਲਮ ਨਾਲ ਜੂਝੇ ਨਾ, ਤਾਂ ਹੋਰ ਕੀ ਕਰੇ ? ਖੰਡੇ ਦੀ ਧਾਰ ਵਿਚੋਂ ਜਨਮੀ ਖਾਲਸਾ ਕੌਮ ੧੯੯੩ ਤੱਕ ਤਾਂ ਐਸੇ ਖੰਡਿਤ, ਖੁਆਰ ਤੇ ਖ਼ਰਾਬ ਹਾਲਤ ਵਿਚੋਂ ਗੁਜ਼ਰ ਰਹੀ ਹੈ। ਹਰ ਪਾਸੇ ਖਾਲਸਾ ਕੌਮ ਲਈ ਘਿਰਣਾ ਤੇ ਨਫ਼ਰਤ, ਵਿਰੋਧ ਤੇ ਵਿਤਕਰਾ, ਵਾਰ ਤੇ ਮਾਰੂ-ਸਥਿਤੀ ਬਣੀ ਹੋਈ ਹੈ, ਜਹਾਂ ਜਹਾਂ ਖਾਲਸਾ ਜੀ ਆਪਣੀ ਕਿਰਤ ਕਾਰਨ ਬੈਠਾ ਹੈ, ਉਹ ਕੌਮੀ-ਸੰਕਟ ਦੇ ਦੁੱਖ, ਕਲੇਸ਼, ਪੀੜਾ ਤੇ ਸੰਤਾਪ ਨੂੰ ਭੋਗ ਰਿਹਾ ਹੈ। ਕੌਮ ਦੇ ਕਥਿਤ ਆਗੂ ਸਮਰੱਥ ਅਗਵਾਈ ਪ੍ਰਦਾਨ ਕਰਨ ਦੀ ਥਾਂ ਉਜਾੜੇ ਦਾ ਕਾਰਨ ਬਣ ਰਹੇ ਹਨ। ਸਾਰੇ ਖੁਆਰ ਹੋ ਰਹੇ ਹਨ, ਪਰ ਸਭ ਮਿਲ ਕੇ ਕੌਮੀ ਤੇ ਪੰਥਕ-ਭਵਿੱਖ ਨੂੰ ਉਜੱਲ-ਮੁੱਖ ਤੇ ਸੁਰਖਿਅਤ ਸਿਰਜਨ ਵਿਚ ਸਹਾਇਕ ਨਹੀਂ ਹੋ ਰਹੇ। ਅਜਿਹੇ ਗਿਰਾਵਟ ਤੇ ਗ਼ੁਲਾਮ ਹਾਲਾਤ ਵਿਚੋਂ ਕੌਮ ਨੂੰ ਕੱਢਣ ਵਾਸਤੇ ਹੀ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਸਮੁੱਚੇ ਸਿੱਖ ਜਗਤ ਦਾ ਧਿਆਨ "ਖਾਲਸਾ ਜੀ ਦੀ ਗੌਰਵਮਈ ਗਾਥਾ" ਵਲ ਦਿਵਾਇਆ ਹੈ ਕਿ ੧੯੯੯ ਤਕ: ਖਾਲਸਾ ਕੌਮ ਨੂੰ ਕੁਝ ਸਾਰਥਿਕ ਟੀਚੇ ਮਿਥ ਕੇ, ਪੁਨਰ ਰੂਪ ਵਿਚ ਆਪਣਾ ਲੇਖਾ-ਜੋਖਾ ਕਰ ਕੇ, ਖਾਲਸਾ ਕੌਮ ਨੂੰ ਸਮਰੱਥ ਚੜ੍ਹਦੀ ਕਲਾ ਵਾਲਾ ਤੇ ਉੱਜਲ-ਮੁਖ ਸਿਰਜਨਾ ਚਾਹੀਦਾ ਹੈ।


www.AKJ.org

# ਸੈਰ ਕਰਨ ਗਏ ਇਕ ਸਿੱਖ ਪਰਿਵਾਰ ਨਾਲ ਕੀ ਬੀਤੀ ?

ਮੇਜਰ ਸਿੰਘ

ਜਲੰਧਰ, ੨੩ ਜੁਲਾਈ—ਨਵੰਬਰ ੮੪ ਦੇ ਸਿੱਖ ਵਿਰੋਧੀ ਦੰਗਿਆਂ ਦੀਆਂ ਸ਼ਰਮਨਾਕ ਤੇ ਹੌਲਨਾਕ ਫ਼ਿਰਕੂ ਘਟਨਾਵਾਂ ਭਾਵੇਂ ਸਮਾਂ ਪੈਣ ਨਾਲ ਸਿੱਖ ਜਗਤ ਦੇ ਅਚੇਤ ਮਨਾਂ 'ਚ ਵਾਸਾ ਕਰਦੀਆਂ ਜਾ ਰਹੀਆਂ ਹਨ, ਪਰ ਸਾਡੇ ਦੇਸ਼ ਦੇ ਹਾਕਮਾਂ ਵਲੋਂ ਫ਼ਿਰਕੂ ਤਾਂਡਵ ਨਾਚ ਦੇ ਤੋਰੇ ਇਸ ਸਿਲਸਿਲੇ ਨੇ ਅਜੇ ਵੀ ਲੋਕਾਂ ਦਾ ਪਿੱਛਾ ਨਹੀਂ ਛੱਡਿਆ। ਪਿਛਲੇ ਦਿਨੀਂ ਪੂਰਬੀ ਭਾਰਤ ਦੀ ਸੈਰ ਤੋਂ ਪਰਤਦਿਆਂ ਜਲੰਧਰ 'ਚ ਤਾਇਨਾਤ ਐਸ. ਪੀ ਵਿਜੀਲੈਂਸ ਸ: ਅਨੂਪ ਸਿੰਘ ਮਿਨਹਾਸ ਅਤੇ ਉਨ੍ਹਾਂ ਦੇ ਪਰਿਵਾਰ ਨਾਲ ਜੋ ਵਾਪਰੀ, ਸੁਣ ਕੇ ਰੌਂਗਟੇ ਖੜ੍ਹੇ ਹੋ ਜਾਂਦੇ ਹਨ। ਦਿਨ ਦਿਹਾੜੇ ਫ਼ਿਰਕੂ ਸ਼ਰਾਰਤੀ ਅਨਸਰ ਪੂਰੇ ੮ ਘੰਟੇ ਰੇਲ ਗੱਡੀ ਵਿਚ ਇਸ ਸਿੱਖ ਪਰਿਵਾਰ ਉਪਰ ਝਪਟਦੇ ਰਹੇ। ਗੱਡੀ 'ਚ ਸਫ਼ਰ ਕਰ ਰਹੇ ਯਾਤਰੂਆਂ ਅਤੇ ਪੁਲਿਸ ਸੁਰੱਖਿਆ ਅਮਲੇ 'ਚੋਂ ਕੋਈ ਵੀ ਉਨ੍ਹਾਂ ਦੀ ਮਦਦ ਲਈ ਨਾ ਬਹੁੜਿਆ। ਪਰਿਵਾਰ ਦੇ ਮੈਂਬਰਾਂ ਦੀ ਹਿੰਮਤ ਅਤੇ ਦਲੇਰੀ ਹੀ ਸੀ ਜਿਸ ਸਦਕਾ ਉਹ ਮੌਤ ਦੇ ਮੂੰਹੋਂ ਬਚ ਨਿਕਲੇ।

ਐਸ. ਪੀ. ਦਾ ਪਰਿਵਾਰ ਇਕ ਜੁਲਾਈ ਨੂੰ ਸੈਰ ਲਈ ਚੱਲਿਆ ਸੀ। ਐਸ. ਪੀ. ਸ: ਮਿਨਹਾਸ ਦੇ ਨਾਲ ਉਨ੍ਹਾਂ ਦੀ ਪਤਨੀ, ਪੁੱਤਰ, ਜਵਾਈ, ਧੀ, ਨੂੰਹ ਅਤੇ ਦੋ ਸਾਲਾਂ ਦਾ ਇਕ ਪੋਤਰਾ ਵੀ ਸੀ।

ਸ: ਅਨੂਪ ਸਿੰਘ ਮਿਨਹਾਸ ਨੇ ਦਸਿਆ ਕਿ ੧੨ ਜੁਲਾਈ ਨੂੰ ਉਹ ਹਾਵੜਾ ਅੰਮ੍ਰਿਤਸਰ ਮੇਲ 'ਤੇ ਸਵਾਰ ਹੋ ਕੇ ਜਲੰਧਰ ਨੂੰ ਚੱਲ ਪਏ। ਸਵੇਰੇ ੮ ਕੁ ਵਜੇ ਗੱਡੀ ਮੁਗ਼ਲ ਸਰਾਏ ਰੇਲਵੇ ਸਟੇਸ਼ਨ 'ਤੇ ਆ ਕੇ ਰੁਕੀ। ਕਈ ੧੦-੧੫ ਸ਼ਰਾਰਤੀ, ਜਿਨ੍ਹਾਂ 'ਚ ਜ਼ਿਆਦਾ ਵਿਦਿਆਰਥੀ ਸਨ, ਧੱਕੇ ਨਾਲ ਏ. ਸੀ. ਡੱਬੇ ਵਿਚ ਆ ਵੜੇ ਤੇ ਉਨ੍ਹਾਂ ਸ: ਮਿਨਹਾਸ ਦੀ ਲੜਕੀ ਅਤੇ ਨੂੰਹ ਨੂੰ ਆਪਣੇ ਕੈਬਿਨ 'ਚ ਆਉਣ ਸਮੇਂ ਭੱਦੇ ਮਜ਼ਾਕ ਕੀਤੇ। ਇਸ 'ਤੇ ਐਸ. ਪੀ. ਤੇ ਉਨ੍ਹਾਂ ਦੇ ਲੜਕੇ ਨੇ ਸ਼ਰਾਰਤੀਆਂ ਨੂੰ ਝਾੜ ਪਾ ਕੇ ਡੱਬੇ 'ਚੋਂ ਕੱਢ ਦਿੱਤਾ। ਉਨ੍ਹਾਂ ਦਸਿਆ ਕਿ ਕੁਝ ਸਮੇਂ ਬਾਅਦ ਗੱਡੀ ਚੱਲ ਪਈ, ਪਰ ਪੰਦਰ੍ਹਾਂ ਮਿੰਟ ਬਾਅਦ ਹੀ ਗੱਡੀ ਚੈਨ ਖਿੱਚ ਕੇ ਰੋਕ ਲਈ ਗਈ। ਗੱਡੀ ਰੁਕੀ ਹੀ ਸੀ ਕਿ ਉਹੀ ੧੦—੧੫ ਸ਼ਰਾਰਤੀ ਚਾਂਗਰਾਂ ਮਾਰਦੇ ਹੱਥਾਂ 'ਚ ਸੋਟੀਆਂ ਤੇ ਸਰੀਏ ਲੈ ਕੇ ਫਿਰ ਉਨ੍ਹਾਂ ਦੇ ਡੱਬੇ 'ਚ ਆ ਵੜੇ ਤੇ ਪਰਿਵਾਰ ਉਪਰ ਹਮਲਾ ਕਰ ਦਿੱਤਾ। ਐਸ.ਪੀ. ਤੇ ਉਹਨਾਂ ਦੇ ਲੜਕੇ ਨੇ ਹਿੰਮਤ ਅਤੇ ਫੁਰਤੀ ਨਾਲ ਹਮਲੇ ਨੂੰ ਪਛਾੜਦਿਆਂ ਸ਼ਰਾਰਤੀਆਂ ਨੂੰ ਬਾਹਰ ਨਿਕਲਣ ਲਈ ਮਜਬੂਰ ਕਰ ਦਿੱਤਾ। ਫਿਰ ਉਨ੍ਹਾਂ ਦੂਸਰੇ ਦਰਵਾਜ਼ੇ ਰਾਹੀਂ ਅੰਦਰ ਵੜਨ ਦਾ ਅਸਫਲ ਯਤਨ ਕੀਤਾ। ਜਦ ਉਹ ਕਾਮਯਾਬ ਨਾ ਹੋਏ ਤਾਂ ਉਨ੍ਹਾਂ ਡੱਬੇ ਵਿਚ ਪੱਥਰ ਮਾਰਨੇ ਸ਼ੁਰੂ ਕਰ ਦਿੱਤੇ, ਜਿਸ ਨਾਲ ਉਨ੍ਹਾਂ ਦੇ ਕੈਬਿਨ ਦੇ ਕਈ ਸ਼ੀਸ਼ੇ ਟੁੱਟ ਗਏ। ਰੇਲ ਗੱਡੀ ਦੇ ਹੋ ਰਹੇ ਨੁਕਸਾਨ ਤੇ ਇਕ ਸਿੱਖ ਪਰਿਵਾਰ ਉੱਪਰ ਹੋ ਰਹੇ ਹਮਲੇ ਨੂੰ ਯੂ. ਪੀ. ਪੁਲਿਸ ਦਾ ਇਕ ਐਸ.ਆਈ. ਸ੍ਰੀ ਐਸ.ਪੀ. ਸਿੰਘ; ਇਕ ਹੌਲਦਾਰ ਤੇ ਇਕ ਸਿਪਾਹੀ, ਜੋ ਵਰਦੀ ਪਹਿਨੇ ਤੇ ਹਥਿਆਰਾਂ ਨਾਲ ਲੈਸ ਸਨ, ਬੜੀ ਬੇਸ਼ਰਮੀ ਨਾਲ ਚੁੱਪ ਚਾਪ ਖੜ੍ਹੇ ਵੇਖਦੇ ਰਹੇ। ਆਖਰ ੪੫ ਮਿੰਟ ਬਾਅਦ ਗੱਡੀ ਉਥੋਂ ਚੱਲੀ।

ਸ: ਮਿਨਹਾਸ ਦੀ ਪਤਨੀ ਸ੍ਰੀਮਤੀ ਪ੍ਰਭਜੋਤ ਕੌਰ ਨੇ ਦੱਸਿਆ ਕਿ ਹੁਣ ਸਾਨੂੰ ਅਗਾਊਂ ਹੋਰ ਹਮਲੇ ਦੇ ਅਸਾਰ ਨਜ਼ਰ ਆ ਰਹੇ ਸਨ। ਅਸੀਂ ਆਪਣਾ ਸਾਰਾ ਸਾਮਾਨ ਕੱਠਾ ਕਰ ਲਿਆ ਤੇ ਆਪ ਉਪਰਲੀ ਸੀਟ ਜਾਂ ਫ਼ਰਸ਼ ਤੇ ਲੇਟਣ ਦਾ ਪ੍ਰਬੰਧ ਕਰ ਲਿਆ ਤਾਂ ਕਿ ਰੋੜੇ ਆਦਿ ਤੋਂ ਬਚਾਅ ਹੋ ਸਕੇ। ਸ੍ਰੀਮਤੀ ਮਿਨਹਾਸ ਨੇ ਦੱਸਿਆ ਕਿ ਫਿਰ ਗੱਡੀ ਕਾਂਸ਼ੀ ਰੇਲਵੇ ਸਟੇਸ਼ਨ 'ਤੇ ਰੁਕੀ, ਪਰ ਉਹ ਸੰਭਾਵੀ ਹਮਲੇ ਨੂੰ ਵੇਖਦੇ ਹੋਏ ਸਾਰੇ ਦਰਵਾਜ਼ੇ ਬੰਦ ਕਰ ਕੇ ਆਪਣੇ ਕੈਬਿਨ ਵਿਚ ਹੀ ਰਹੇ। ਇਥੋਂ ਚੱਲ ਕੇ ਜਿਉਂ ਹੀ ਗੱਡੀ ਬਨਾਰਸ ਨੇੜੇ ਪੁੱਜੀ ਤਾਂ ਬਨਾਰਸ ਤੋਂ ਕਰੀਬ ੨ ਕਿਲੋਮੀਟਰ ਪਹਿਲਾਂ ਹੀ ਚੈਨ ਖਿੱਚ ਕੇ ਗੱਡੀ ਫਿਰ ਰੋਕ ਲਈ ਗਈ।

ਪਰਿਵਾਰ ਨੂੰ ਫਿਰ ਕਿਸੇ ਮਾੜੀ ਘਟਨਾ ਦਾ ਅੰਦੇਸ਼ਾ ਨਜ਼ਰ ਆਉਣ ਲੱਗਾ। ਉਨ੍ਹਾਂ ਦੱਸਿਆ ਕਿ ਗੱਡੀ ਵਿਚੋਂ ਕਰੀਬ ੨੦-੨੫ ਵਿਅਕਤੀ ਉਤਰ ਕੇ ਸਾਹਮਣੇ ਪਿੰਡ ਵਲ ਚਲੇ ਗਏ। ਉਨ੍ਹਾਂ ਨੂੰ ਇਸ ਤਰ੍ਹਾਂ ਲਗਿਆ ਕਿ ਹੋਣੀ ਟਲ ਗਈ ਹੈ। ਸ਼ਾਇਦ ਇਥੇ ਨੇੜੇ ਕੋਈ ਵਿਦਿਅਕ ਸੰਸਥਾ ਹੋਵੇਗੀ ਤੇ ਗੱਡੀ ਖੜ੍ਹੀ ਕਰ ਕੇ ਉਤਰ


www.AKJ.Org

ਕੇ ਉਹ ਚਲੇ ਗਏ ਹਨ। ਪਰ ਜਦ ਕਾਫ਼ੀ ਦੇਰ ਗੱਡੀ ਨਾ ਚਲੀ ਤਾਂ ਉਨ੍ਹਾਂ ਦਾ ਤੌਖਲਾ ਫਿਰ ਵਧਣਾ ਸ਼ੁਰੂ ਹੋ ਗਿਆ। ਆਖਰ ਉਹੀ ਹੋਇਆ। ਕਰੀਬ ਅੱਧੇ ਘੰਟੇ ਬਾਅਦ ਪਿੰਡ ਵਲੋਂ, ਹੱਥਾਂ 'ਚ ਲਾਈਟਾਂ, ਲੋਹੇ ਦੇ ਸਰੀਏ, ਟਾਇਰ ਅਤੇ ਮਿੱਟੀ ਦੇ ਤੇਲ ਦੀਆਂ ਪੀਪੀਆਂ ਚੁੱਕੀ ਭੀੜ ਗੱਡੀ ਵੱਲ ਆ ਰਹੀ ਸੀ। ਗੱਡੀ ਨੇੜੇ ਆ ਕੇ ਭੀੜ 'ਚੋਂ ਆਵਾਜ਼ਾਂ ਆਈਆਂ ਕਿ 'ਸਰਦਾਰ ਪਰਿਵਾਰ ਹਮਾਰੇ ਹਵਾਲੇ ਕਰ ਦੋ ਔਰ ਗਾੜੀ ਲੇ ਜਾਓ।' ਪਰ ਰੱਬ ਦਾ ਸ਼ੁਕਰ ਕਿ ਕਿਸੇ ਨੇ ਵੀ ਡੱਬੇ ਦਾ ਦਰਵਾਜ਼ਾ ਨਹੀਂ ਖੋਲ੍ਹਿਆ।

ਸ੍ਰੀਮਤੀ ਪ੍ਰਭਜੀਤ ਕੌਰ ਨੇ ਦਸਿਆ ਕਿ ਚੰਦ ਮਿੰਟਾਂ ਵਿਚ ਹੀ ਭੀੜ ਨੇ ਉਨ੍ਹਾਂ ਦੇ ਡੱਬੇ ਉਪਰ ਪੱਥਰਾਂ ਦਾ ਮੀਂਹ ਵਰ੍ਹਾ ਦਿੱਤਾ। ਡੱਬੇ ਦੇ ਸਾਰੇ ਸ਼ੀਸ਼ੇ ਚਕਨਾਚੂਰ ਹੋ ਗਏ। ਸ਼ਰਾਰਤੀ ਅਨਸਰਾਂ ਨੇ ਡੱਬੇ ਦੇ ਦਰਵਾਜ਼ੇ ਖੋਲ੍ਹਣ ਦਾ ਯਤਨ ਕੀਤਾ, ਪਰ ਇਹ ਅੰਦਰੋਂ ਚੰਗੀ ਤਰ੍ਹਾਂ ਬੰਦ ਕੀਤੇ ਹੋਣ ਕਾਰਨ ਖੁੱਲ੍ਹ ਨਹੀਂ ਸਕੇ। ਡੱਬੇ ਉਪਰ ਇੰਨੇ ਪੱਥਰ ਵਰ੍ਹਾਏ ਕਿ ਅੰਦਰ ਵੀ ਪੱਥਰ ਹੀ ਪੱਥਰ ਜਮ੍ਹਾਂ ਹੋ ਗਏ।

ਡੱਬੇ 'ਚ ਸਵਾਰ ਲੋਕਾਂ ਤੇ ਸਿੱਖ ਪਰਿਵਾਰ ਨੇ ਉਪਰਲੀਆਂ ਸੀਟਾਂ ਉਪਰ ਲੇਟ ਕੇ ਬਚਾਅ ਕੀਤਾ। ਚਾਂਭਲੀ ਫ਼ਿਰਕੂ ਭੀੜ ਦੀ ਅਜੇ ਵੀ ਤਸੱਲੀ ਨਹੀਂ ਸੀ ਹੋਈ, ਉਹ ਸਿੱਖ ਪਰਿਵਾਰ ਨੂੰ ਗੱਡੀ 'ਚੋਂ ਲਾਹ ਕੇ ਮੌਤ ਦੇ ਘਾਟ ਉਤਾਰਨ ਦੀ ਠਾਣੀ ਬੈਠੇ ਸਨ। ਕੁਝ ਸਮੇਂ ਬਾਅਦ ਫ਼ਿਰਕੂ ਭੀੜ 'ਚੋਂ ਕੁਝ ਨੇ ਟਾਇਰਾਂ ਨੂੰ ਅੱਗ ਲਗਾਈ ਤੇ ਡੱਬੇ ਨੂੰ ਅੱਗ ਲਗਾਉਣ ਲੱਗੇ ਤਾਂ ਇਹ ਦੇਖ ਕੇ ਕਿ ਅਗਰ ਡੱਬੇ ਨੂੰ ਅੱਗ ਲੱਗ ਗਈ ਤਾਂ ਸਾਰੇ ਸਵਾਰਾਂ ਸਮੇਤ ਉਹ ਵੀ ਅੱਗ ਵਿਚ ਸੜ ਜਾਣਗੇ, ਐਸ. ਮਿਨਹਾਸ ਨੇ ਅੱਗ ਨਾਲ ਸੜ ਕੇ ਮਰਨ ਨਾਲੋਂ ਫ਼ਿਰਕੂ ਗੁੰਡਿਆਂ ਨਾਲ ਲੜ ਕੇ ਮਰਨ ਦਾ ਮਨ ਬਣਾਉਂਦਿਆਂ ਆਪਣਾ ਸਰਵਿਸ ਰਿਵਾਲਵਰ ਕੱਢਿਆ ਅਤੇ ਡੱਬੇ 'ਚੋਂ ਬਾਹਰ ਹੋ ਕੇ ਇਕ-ਦਮ ਅੱਗੇ ਵੱਧ ਰਹੀ ਭੀੜ 'ਤੇ ਫ਼ਾਇਰ ਕੀਤੇ। ਇਸ ਨਾਲ ਭੀੜ ਤਾਂ ਪਿੱਛੇ ਹਟ ਗਈ ਤੇ ਗੱਡੀ ਨੂੰ ਅੱਗ ਲੱਗਣ ਤੋਂ ਵੀ ਬਚਾਅ ਹੋ ਗਿਆ, ਪਰ ਫ਼ਿਰਕੂ ਅਨਸਰਾਂ ਵਲੋਂ ਉਨ੍ਹਾਂ ਵੱਲ ਮਾਰੇ ਪੱਥਰਾਂ ਨਾਲ ਉਹ ਬੁਰੀ ਤਰ੍ਹਾਂ ਜ਼ਖਮੀ ਹੋ ਗਏ। ਕਈ ਪੱਥਰ ਉਨ੍ਹਾਂ ਦੇ ਮੂੰਹ ਉਪਰ ਆ ਵੱਜੇ। ਜ਼ਖਮੀ ਹਾਲਤ 'ਚ ਐਸ. ਪੀ. ਡੱਬੇ 'ਚ ਵਾਪਸ ਆਉਣ 'ਚ ਸਫਲ ਹੋ ਗਏ। ਉਨ੍ਹਾਂ ਦਾ ਖੂਨ ਇੰਨਾ ਵਹਿ ਰਿਹਾ ਸੀ ਕਿ ਸਾਰਾ ਕੈਬਿਨ ਖੂਨ ਨਾਲ ਲੱਥ ਪੱਥ ਹੋ ਗਿਆ ਤੇ ਉਹ ਨੀਮ ਬੇਹੋਸ਼ ਹੋ ਗਏ।

ਸ੍ਰੀਮਤੀ ਮਿਨਹਾਸ ਨੇ ਇਸ ਮਨਹੂਸ ਸਮੇਂ ਦੇ ਪਲਾਂ ਦੀ ਯਾਦ ਦੁਹਰਾਉਂਦਿਆਂ ਦੱਸਿਆ ਕਿ ਇਸ ਸਮੇਂ ਜਦ ਉਨ੍ਹਾਂ ਦੇ ਬਚਾਅ ਦੀਆਂ ਉਮੀਦਾਂ ਮੁੱਕ ਰਹੀਆਂ ਸਨ ਤਾਂ ਉਨ੍ਹਾਂ ਆਪਣਾ ਦੋ-ਸਾਲਾ ਪੋਤਰਾ ਤੇ ਕੁਝ ਕੀਮਤੀ ਵਸਤਾਂ ਨਾਲ ਦੇ ਕੈਬਿਨ 'ਚ ਸਫ਼ਰ ਕਰ ਰਹੇ ਇਕ ਕਰਨਲ ਦੇ ਹਵਾਲੇ ਕਰ ਦਿੱਤੇ ਤੇ ਨਾਲ ਆਪਣਾ ਪਤਾ ਲਿਖ ਦਿੱਤਾ ਤੇ ਕਿਹਾ ਕਿ ਜੇ ਸਾਡੇ ਨਾਲ ਕੋਈ ਭਾਣਾ ਵਾਪਰ ਗਿਆ ਤਾਂ ਬੱਚਾ ਤੇ ਵਸਤਾਂ ਘਰ ਪਹੁੰਚਦੀਆ ਕਰ ਦੇਣਾ।

ਫ਼ਿਰਕੂ ਭੀੜ ਨੇ ਫਿਰ ਡੱਬੇ ਉਪਰ ਪੱਥਰਾਂ ਨਾਲ ਹਮਲਾ ਕਰ ਦਿੱਤਾ। ਪੱਥਰਾਂ ਦਾ ਮੀਂਹ ਵਰ੍ਹਾ ਰਹੀ ਭੀੜ ਜਦ ਫਿਰ ਡੱਬੇ ਦੇ ਨੇੜੇ ਆਉਣ ਲੱਗੀ ਤਾਂ ਐਸ.ਪੀ. ਦੇ ਲੜਕੇ ਨੇ ਰਿਵਾਲਵਰ ਫੜ ਕੇ ਭੀੜ ਵੱਲ ਗੋਲੀਆਂ ਚਲਾਈਆਂ ਤਾਂ ਫਿਰ ਭੀੜ ਪਿੱਛੇ ਹਟ ਗਈ। ਇੰਨੇ ਨੂੰ ਦੂਜੀ ਰੇਲ ਲਾਈਨ ਉਪਰ ਮਿੱਟੀ ਦੇ ਤੇਲ ਜਾਂ ਡੀਜ਼ਲ ਦੀ ਗੱਡੀ ਆ ਗਈ ਤੇ ਸ਼ਰਾਰਤੀਆਂ ਨੇ ਉਸ ਨੂੰ ਵੀ ਰੋਕ ਲਿਆ ਤੇ ਉਸ ਵਿਚੋਂ ਤੇਲ ਕੱਢਣ ਲੱਗੇ। ਦੋ ਘੰਟੇ ਫ਼ਿਰਕੂ ਗੁੰਡਾਗਰਦੀ ਦਾ ਨੰਗਾ ਨਾਚ ਹੁੰਦਾ ਰਿਹਾ; ਪਰ ਨਾ ਕਿਸੇ ਗੱਡੀ ਚਲਾਈ, ਤੇ ਨਾ ਪੁਲਿਸ ਹੀ ਸਹਾਇਤਾ ਲਈ ਪੁੱਜੀ। ਹਾਲਾਂ ਕਿ ਬਨਾਰਸ ਮਸਾਂ ਉਥੋਂ ਦੋ ਕਿਲੋਮੀਟਰ ਦੂਰ ਸੀ। ਆਖ਼ਰ ਦੋ ਘੰਟੇ ਤੋਂ ਬਾਅਦ ਐਸ.ਪੀ. ਬਨਾਰਸ, ਜ਼ਿਲ੍ਹਾ ਮੈਜਿਸਟਰੇਟ ਤੇ ੨੦ ਦੇ ਕਰੀਬ ਪੁਲਿਸ ਕਰਮਚਾਰੀ ਲੈ ਕੇ ਉਥੇ ਪੁੱਜਾ। ਪਰ ਪੁਲਿਸ ਨੇ ਵੀ ਆਉਣ ਸਾਰ ਸ਼ਰਾਰਤੀਆਂ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ, ਸਗੋਂ ਉਨ੍ਹਾਂ ਦੇ ਕੋਲ ਹੀ ਖੜ੍ਹੇ ਦੇਖਦੇ ਰਹੇ। ਆਖਰ ਖ਼ੁਦ ਸ੍ਰੀਮਤੀ ਮਿਨਹਾਸ ਡੱਬੇ 'ਚੋਂ ਬਾਹਰ ਨਿਕਲ ਕੇ ਚਿਲਾਈ ਕਿ ਉਸ ਦਾ ਪਤੀ ਸੀਨੀਅਰ ਪੁਲਿਸ ਅਧਿਕਾਰੀ ਹੈ, ਉਸ ਦੇ ਖ਼ੂਨ ਵਹਿ ਰਿਹਾ ਹੈ, ਉਸ ਨੂੰ ਤੁਰੰਤ ਡਾਕਟਰੀ ਸਹਾਇਤਾ ਦੀ


www.AKJ.Org

# ਪੁਸਤਕ ਗੁਰਮਤਿ ਬਿਬੇਕ

[ਭਾਈ ਜੋਧ ਸਿੰਘ ਜੀ, ਪੀਤਮਪੁਰਾ (ਉਤਰੀ) ਦਿਲੀ-੮੪]

ਭਾਈ ਸਾਹਿਬ ਭਾਈ ਰਣਧੀਰ ਸਿੰਘ ਰਚਿਤ ਪੁਸਤਆਂ ਪੜ੍ਹਨ-ਸੁਣਨ ਕਰਕੇ ਉਨ੍ਹਾਂ ਦੇ ਅੰਤ੍ਰੀਵੀ ਭਾਵ, ਸੱਚੀ ਸੁੱਚੀ ਗੁਰਸਿੱਖੀ, ਮਨ ਬਚ ਕਰਮ ਕਰਕੇ ਰਹਿਣੀ, ਸਹਿਣੀ ਤੇ ਕਹਿਣੀ ਦੇ ਗੁੱਝੇ-ਭੇਦ ਪ੍ਰਗਟ ਹੋਇ ਆਉਂਦੇ ਹਨ।

ਇਸ ਲਈ ਜੋ ਜੋ ਕਰਮ ਭਾਈ ਸਾਹਿਬ ਜੀ ਨੇ ਅਨੁਭਵ-ਸ਼ਕਤੀ ਦੁਆਰਾ ਸਹੀ ਜਾਣ ਕੇ ਅਪਣਾਏ, ਉਨ੍ਹਾਂ ਤੇ ਭਰੋਸਾ ਰਖ ਕੇ ਹੀ ਅਸੀਂ ਆਪਣਾ ਆਪ ਸਵਾਰ ਸਕਦੇ ਹਾਂ। ਨਿਰੀਆਂ ਗੱਲਾਂ ਬਾਤਾਂ ਨਾਲ ਜਾਂ ਲੋਕਾਂ ਦੀ ਰੀਸੋ-ਘੜੀਸੇ ਆਪਣੇ ਵੇਸ ਤੇ ਖਾਣ-ਪੀਣ, ਰਹਿਤ-ਬਹਿਤ ਅਪਣਾਉਣ ਨਾਲ ਕੁਝ ਨਹੀਂ ਬਣਦਾ।

ਇਸ ਪੁਸਤਕ ਵਿਚ ਭਾਈ ਸਾਹਿਬ ਜੀ ਨੇ ਗੁਰਮਤਿ ਬਿਬੇਕ ਬਾਰੇ ਨਿਚੋੜਾਂ ਦੇ ਨਿਚੋੜ ਕੱਢੇ ਹੋਏ ਹਨ ਤਾਂ ਜੁ ਅਗਲੀਆਂ ਪੀੜ੍ਹੀਆਂ ਅਣਡਿਠੇ ਭਰਮ-ਨਰਕ ਵਿਚ ਗੋਤੇ ਖਾਣ ਨ ਲੱਗ ਜਾਣ। ਕੇਵਲ ਸਚਾਈ ਨੂੰ ਮੰਨਣ ਅਤੇ ਕਰਨ ਨਾਲ ਹੀ ਪਾਰ-ਉਤਾਰਾ ਹੋਣਾ ਹੈ। ਕੇਵਲ ਸਿਮਰਨ-ਬਿਬੇਕ ਅਤੇ ਰਹਿਤ-ਬਿਬੇਕ ਇਕੱਠੇ ਕਮਾ-ਕਮਾ ਕੇ ਸੁਕਰਮ ਕਰਣੀ ਪ੍ਰਾਪਤ ਹੋ ਸਕਦੀ ਹੈ। ਸਿਮਰਨ-ਬਿਬੇਕ ਕਮਾਉਣਾ ਭੀ ਤਦ ਹੀ ਸਫਲ ਹੁੰਦਾ ਹੈ ਜੇਕਰ ਨਾਲੋ ਨਾਲ ਰਹਿਤ-ਬਿਬੇਕ ਵੀ ਕਮਾਇਆ ਜਾਵੇ। ਪਰ ਸਿਮਰਨ ਬਿਬੇਕ-ਹੀਣਤ ਰਹਿਤ-ਬਿਬੇਕ ਅਰਥਾਤ, ਪੰਜ ਕਕਾਰੀ ਰਹਿਤ ਅਤੇ ਖਾਣ ਪੀਣ-ਪਹਿਨਣ ਦੀਆਂ ਰਹਿਤਾਂ ਦੀ ਕੋਈ ਮਹੱਤਤਾ ਨਹੀਂ ਹੈ। ਜੇ ਨਾਮ ਸਿਮਰਨ ਬਿਬੇਕ ਹੈ ਅਤੇ ਨਾਲ ਰਹਿਤ-ਬਿਬੇਕ (ਰਹਿਣੀ-ਸਹਿਣੀ-ਕਹਿਣੀ) ਭੀ ਹੈ ਤਾਂ ਤੇ ਸੋਨੇ ਤੇ ਸੁਹਾਗਾ ਹੋ ਆਉਂਦਾ ਹੈ। ਇਹ ਕਮਾ ਕੇ ਹੀ ਪੱਕਾ ਨਿਸ਼ਚਾ ਹੋ ਸਕਦਾ ਹੈ, ਕੇਵਲ ਪੜ੍ਹਨ-ਸੁਣਨ ਕਰਕੇ ਨਹੀਂ।

ਛੋਟੀਆਂ ਕੁਰਹਿਤਾਂ ਤੋਂ ਅਤੇ ਬੱਜਰ ਕੁਰਹਿਤਾਂ ਤੋਂ ਬਚੇ ਰਹਿਣਾ ਤਾਂ ਅੰਮ੍ਰਿਤਧਾਰੀ ਸਿੰਘਾਂ-ਸਿੰਘਣੀਆਂ, ਬੱਚੇ-ਬੱਚੀਆਂ ਦਾ ਪਰਮ ਧਰਮ ਹੈ, ਪਰ ਗੁਰਬਾਣੀ ਅੰਦਰ ਜਿੰਨੇ ਭੀ ਅੱਖਰ ਲਿਖੇ ਹਨ ਉਹ ਸਭ ਹੁਕਮ ਹਨ। ਉਨ੍ਹਾਂ ਨੂੰ ਮਨ-ਬਚ-ਕਰਮ ਕਰਕੇ ਕਮਾਇਆਂ ਸਿਮਰਨ-ਬਿਬੇਕ ਦੇ ਏਕੇ ਮਗਰ ਜਿਤਨੇ ਭੀ ਰਹਿਤ ਬਿਬੇਕ ਦੇ ਵੇਸ, ਭਾਵ ਖਾਣ ਪੀਣ, ਸਰਬ-ਲੋਹ ਰਹਿਤ, ਆਦਿ ਸੁਨ (Zero) ਲਗਦੇ ਜਾਣ ਤਾਂ ਏਕੇ ਦੀ ਕੀਮਤ ੧੦, ੧੦੦, ੧੦੦੦ ਆਦਿ.. ਅਸੰਖ ਹੋ ਜਾਂਦੀ ਹੈ। ਪਰ ਜੇ ਅਜਿਹਾ ਨਹੀਂ ਤਾਂ ਕਰਮ-ਧਰਮ ਹੀ ਹੋ ਕੇ ਰਹਿ ਜਾਂਦੀ ਹੈ। ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ ॥੧॥੫੦॥ (ਪੰਨਾ ੭੪)

ਗੁਰਮਤਿ ਬਿਬੇਕ ਪੁਸਤਕ ਵਿਚ ਅਨੇਕਾਂ ਹੀ ਗੁਰਮਤਿ ਦੀਆਂ ਗੁਹਜ ਰਮਜ਼ਾਂ ਕੇਵਲ ਗੁਰਬਾਣੀ ਰਾਹੀਂ ਖੋਲ੍ਹੀਆਂ ਹੋਈਆਂ ਹਨ। ਸੰਖੇਪ ਤੌਰ ਤੇ ਹੇਠ ਲਿਖੇ ਪ੍ਰਕਰਣਾਂ ਦੇ ਨਿਰਣੇ ਕੀਤੇ ਗਏ ਹਨ—

੧. ਸਿਮਰਨ ਬਿਬੇਕ—ਨਾਮ ਜਪਣ ਦਾ ਨਿਰਣਾ।

੨. ਰਹਿਤ-ਬਿਬੇਕ—ਖਾਲਸੇ ਦੀ ਰਹਿਤ ਦਾ ਨਿਰਣਾ, ਅਰਥਾਤ, ਗੁਰ ਮਰਯਾਦਾ ਰਹਿਤ, ਜੋ ਗੁਰਬਾਣੀ

✱ ਲੋੜ ਹੈ। ਪਹਿਲਾਂ ਪੁਲਿਸ ਨੇ ਕੋਈ ਹਿਲਜੁਲ ਨਹੀਂ ਕੀਤੀ। ੫-੭ ਮਿੰਟ ਚਿਲਾਉਣ ਤੋਂ ਬਾਅਦ ਜਦ ਭੀੜ 'ਚੋਂ ਕਿਸੇ ਸ਼ਰਾਰਤੀ ਨੇ ਸ੍ਰੀਮਤੀ ਮਿਨਹਾਸ ਦੇ ਪੱਥਰ ਮਾਰਿਆ ਤਾਂ ਪੁਲਿਸ ਹਰਕਤ 'ਚ ਆਈ ਤੇ ਉਸ ਨੇ ਭੀੜ ਨੂੰ ਖਿੰਡਾਇਆ। ਪੁਲਿਸ ਫਿਰ ਗੱਡੀ ਨੂੰ ਬਨਾਰਸ ਲੈ ਕੇ ਗਈ। ਉਥੇ ਸ: ਮਿਨਹਾਸ ਤੇ ਪਰਿਵਾਰ ਦੇ ਹੋਰ ਫੱਟੜ ਮੈਂਬਰਾਂ ਨੂੰ ਡਾਕਟਰੀ ਸਹਾਇਤਾ ਦਿੱਤੀ ਗਈ। ਡਾਕਟਰਾਂ ਨੇ ਦਸਿਆ ਕਿ ਐਨ.ਪੀ. ਮਿਨਹਾਸ ਦੇ ਨੱਕ ਦੀ ਹੱਡੀ ਤਿੜਕ ਗਈ ਹੈ ਤੇ ਉਨ੍ਹਾਂ ਨੂੰ ਹਸਪਤਾਲ ਦਾਖ਼ਲ ਹੋਣਾ ਪਵੇਗਾ। ਪਰ ਉਹ ਉਥੇ ਨਹੀਂ ਰੁਕੇ ਤੇ ਸਿਵਲ ਹਸਪਤਾਲ ਜਲੰਧਰ ਤੋਂ ਆ ਕੇ ਇਨ੍ਹਾਂ ਇਲਾਜ ਕਰਵਾਇਆ ਹੈ।

ਸ੍ਰੀਮਤੀ ਪ੍ਰਭਜੀਤ ਦਾ ਵਾਰ-ਵਾਰ ਇਹ ਸੁਆਲ ਹੈ ਕਿ ਕੀ ਸਿੱਖ ਹਿੰਦੁਸਤਾਨ ਦੇ ਸ਼ਹਿਰੀ ਨਹੀਂ ਜਾਂ ਇਜ਼ਤ ਮਾਣ ਨਾਲ ਰਹਿ ਰਹੇ ਸਿੱਖ ਸ਼ਹਿਰੀਆਂ ਨੂੰ ਇਸ ਤਰ੍ਹਾਂ ਜ਼ਲੀਲ ਕਰ ਕੇ ਦੇਸ਼ ਮਜ਼ਬੂਤ ਕੀਤਾ ਜਾ ਰਿਹਾ ਹੈ।

ਖਾਲਸਾ ਸਮਾਚਾਰ, 29-7-93] [ਅਜੀਤ, 24-7-93



www.AKJ.Org

ਅੰਦਰ ਪ੍ਰਮਾਣਿਕ ਬਾਣੀ (ਭਾਈ ਗੁਰਦਾਸ ਤੇ ਭਾਈ ਨੰਦ ਲਾਲ ਸਿੰਘ ਜੀ ਦੀਆਂ ਰਚਨਾਵਾਂ) ਅਤੇ ਪ੍ਰਮਾਣਿਤ ਰਹਿਤਨਾਮਿਆਂ ਵਿਚ ਦਿੱਤੀ ਹੋਈ ਹੈ। ਅਤੇ ਜੋ ਰਹਿਤ ਮਰਯਾਦਾ ਗੁਰੂ ਰੂਪ ਪੰਜਾਂ ਪਿਆਰਿਆਂ ਰਾਹੀਂ ਅੰਮ੍ਰਿਤ ਸੰਚਾਰ ਸਮੇਂ ਸੀਨਾ-ਬਸੀਨਾ ਚਲੀ ਆ ਰਹੀ ਹੈ, ਉਸ ਦੇ ਨਿਰਣੇ ਕੀਤੇ ਗਏ ਹਨ। ਸਿਮਰਨ-ਬਿਬੇਕ ਦੇ ੪੨ ਤੇ ਰਹਿਤ-ਬਿਬੇਕ ਦੇ ੪੩ ਪ੍ਰਕਰਣਾਂ ਵਿਚ ਐਸੇ ਜ਼ੋਰਦਾਰ ਨਿਰਣੇ ਕੇਵਲ ਬਾਣੀ ਦੇ ਆਧਾਰ ਤੇ ਦਿੱਤੇ ਹਨ ਕਿ ਕੱਟੜ ਤੋਂ ਕੱਟੜ ਨਾਸਤਕਾਂ ਦਾ ਭੀ ਸਿਰ ਝੁਕ ਜਾਂਦਾ ਹੈ। ਟੂਕ ਮਾਤਰ ਵੇਰਵਾ ਇਉਂ ਹੈ :—

੧. **ਕੀਰਤਨ ਪੂਰਨ ਗਿਆਨਾ**—ਹਰਿ ਕੀਰਤਨ ਰੂਪੀ ਸਿਫਤਿ ਸਾਲਾਹ ਤੋਂ ਉੱਪਰ ਹੋਰ ਕੋਈ ਗਿਆਨ ਨਹੀਂ ਹੈ।

੨. **ਗੁਰਬਾਣੀ ਅੰਮ੍ਰਿਤ ਰੂਪ ਹੈ** ਗੁਰਬਾਣੀ ਰੂਪੀ ਜੋ ਵਾਕ ਹਨ ਇਹ ਅੰਮ੍ਰਿਤ ਰੂਪ ਹੈ, ਜੋ ਇਨ੍ਹਾਂ ਅੰਮ੍ਰਿਤ ਬਚਨਾਂ ਨੂੰ ਬੋਲਦਾ ਹੈ ਤਿਸਦੇ ਮੁਖ ਵਿਚ ਅੰਮ੍ਰਿਤ ਪੈਂਦਾ ਹੈ।

੩. **ਕਲਜੁਗ ਵਿਚ ਅਖੰਡ ਕੀਰਤਨ ਅਤੇ ਅਖੰਡਪਾਠ ਅਸਥਾਨ—**
**ਸੱਚਾ ਇਕਾਂਤ ਤੇ ਸ਼ਾਂਤਮਈ ਗੁਫਾ ਅਸਥਾਨ**—ਕਲਜੁਗ ਵਿਖੇ ਅਖੰਡ ਕੀਰਤਨ ਅਥਵਾ ਅਖੰਡਪਾਠ ਦੇ ਸਮਾਗਮ ਤੋਂ ਵਧ ਕੇ ਹੋਰ ਕੋਈ ਸਤਸੰਗ ਨਹੀਂ ਹੈ।

੪. ਸਤਿਗੁਰ ਦੇ ਸਮੂਹ ਬਚਨ ਰੂਪੀ ਹੁਕਮ ਕਮਾਵਣਾ ਗੁਰਮਤਿ ਬਿਬੇਕ ਹੈ। ਸਿਫ਼ਤਿ ਸਾਲਾਹ ਰੂਪੀ ਉਚ ਤੇ ਸਾਰ ਗੁਰਮਤਿ ਬਿਬੇਕ ਦੇ ਸੰਗ ਸਾਥ ਸਤਿਗੁਰੂ ਦੇ ਸਰਬਤ੍ਰ ਬਚਨਾਂ ਦਾ ਕਮਾਵਣਾ ਭੀ ਗੁਰਮਤਿ ਬਿਬੇਕ ਹੈ। ਏਥੋਂ ਤਕ ਤਾਂ ਸਿਧ ਹੋਇਆ ਹੈ ਕਿ ਸਤਿਗੁਰੂ ਦੇ ਮੁਖ ਬਚਨ, ਸਾਰ ਹੁਕਮ—ਨਾਮ-ਸਿਫਤਿ-ਸਾਲਾਹ ਦਾ ਕਮਾਵਣਾ ਪਰਮ ਉੱਚਾ ਸੁੱਚਾ ਅਰਥਾਤ ਤੱਤ ਬਿਬੇਕ ਹੈ।

੫. ਗੁਰਮਤਿ ਕਰਮ, ਸਿਫਤਿ ਸਾਲਾਹ ਦੇ ਕਮਾਵਣ ਵਾਲੇ ਸਾਧਨ ਲਈ ਸਹਾਈ ਅਤੇ ਸਾਧਨ ਸੰਪੰਨ ਕਰਮ ਹਨ, ਕਿਉਂਕਿ ਪਹਿਲੀ ਅਰਥਾਤ ਜਗਿਆਸਾ ਬਿਵਸਥਾ ਵਿਖੇ ਨਾਮ ਜਪਣ ਦੀ ਘਾਸੀ ਪੈਣੀ ਅਤੇ ਨਾਮ ਨਾਲ ਜੁਟਣਾ ਅਸੰਭਵ ਹੈ, ਜਦ ਤਾਈਂ ਉਹ ਗੁਰਮਤਿ ਸੰਜਮ ਅਤੇ ਸਾਧਨ ਨਾ ਵਰਤੇ ਜਾਣ ਜੋ ਗੁਰਮਤਿ ਅੰਦਰ ਨਾਮ (ਸਿਫਤਿ-ਸਾਲਾਹ) ਦੇ ਸਹਾਈ ਰੂਪ ਹਨ। ਇਸ ਲਈ ਇਨ੍ਹਾਂ ਸੰਜਮਾਂ ਸਾਧਨਾਂ ਦਾ ਕਮਾਇਆ ਜਾਣਾ ਭੀ ਗੁਰਮਤਿ ਬਿਬੇਕ ਅੰਦਰ ਦਾਖ਼ਲ ਹੈ।

੬. ਅੰਮ੍ਰਿਤ ਵੇਲੇ ਉਠਣ ਦਾ ਉਦਮ ਧਾਰਨਾ।

੭. **ਗੁਰਮਤਿ ਇਸ਼ਨਾਨ—ਅੰਮ੍ਰਿਤ ਇਸ਼ਨਾਨ**—ਉਦਮ ਕਰਕੇ ਉਠ ਕੇ ਅੰਮ੍ਰਿਤ ਵੇਲੇ ਦੇ ਇਸ਼ਨਾਨ ਕਰਕੇ ਨਾਮ ਜਪਣ ਨਾਲ ਹੀ ਅੰਮ੍ਰਿਤ ਜਾਂ ਗੁਰਮਤਿ ਇਸ਼ਨਾਨ ਹੁੰਦਾ ਹੈ ਅਤੇ ਅੰਮ੍ਰਿਤਸਰ (ਸੁਧਾਸਰ) ਦੇ ਇਸ਼ਨਾਨ ਹਨ।

੮. ਦਿਖਾਵੇ ਮਾਤਰ ਇਸ਼ਨਾਨ ਕਰ ਕੇ ਨਾਮ ਨਾ ਜਪਣਾ ਤੇ ਬਗਲ-ਸਮਾਧੀ ਲਾ ਬੈਠਣਾ ਪਾਖੰਡ ਇਸ਼ਨਾਨ ਹੈ।

੯. **ਸੀਨਾ ਬਸੀਨਾ ਚਲੇ ਆ ਰਹੇ ਗੁਰਮਤਿ ਅਸੂਲ**—ਖੰਡੇ ਦਾ ਅੰਮ੍ਰਿਤ ਛਕਣਾ, ਗੁਰੂ ਘਰ ਦੇ ਅਨੇਕਾਂ ਧਾਰਮਿਕ ਨਿਯਮ ਹਨ, ਜੋ ਕੇਵਲ ਸੀਨਾ ਬਸੀਨਾ ਹੀ ਸ੍ਰੀ ਦਸਮੇਸ਼ ਜੀ ਦੇ ਸਮੇਂ ਤੋਂ ਗੁਰੂ ਪੰਥ ਅੰਦਰ, ਗੁਰਸਿੱਖਾਂ ਅੰਦਰ, ਗੁਰੂ ਦੀਆਂ ਸੰਗਤਾਂ ਅੰਦਰ ਪ੍ਰਚਲਤ ਚਲੇ ਆਉਂਦੇ ਹਨ, ਜਿਨ੍ਹਾਂ ਪ੍ਰਥਾਇ ਗੁਰਬਾਣੀ ਅੰਦਰ ਪ੍ਰਮਾਣ ਨਹੀਂ ਮਿਲਦੇ, ਪਰ ਇਸ ਤੋਂ ਇਹ ਸਿੱਟਾ ਕੱਢ ਲੈਣਾ ਕਿ ਇਹ ਹੁਣ ਪ੍ਰਮਾਣੀਕ ਹੀ ਨਹੀਂ ਹੋ ਸਕਦੇ, ਇਹ ਸਿਧਾਂਤ ਬਿਲਕੁਲ ਗ਼ਲਤ ਹੈ।

੧੦. **ਗੁਰਦੁਆਰਿਆਂ ਦੀ ਯਾਤਰਾ ਕਿਉਂ ਕਰਨੀ ਚਾਹੀਦੀ ਹੈ?** ਕਿਉਂਕਿ ਇਹ ਗੁਰੂ ਦਾ ਹੁਕਮ ਹੈ।

ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ॥
ਗੁਰਸਿਖੀ ਸੋ ਥਾਨੁ ਭਾਲਿਆ ਲੈ ਧੂਰਿ ਮੁਖਿ ਲਾਵਾ ॥੨॥੧੯॥ (ਪੰਨਾ ੪੫੦)

੧੧. ਸ਼ਸਤਰਾਂ ਦਾ ਸਤਿਕਾਰ—ਕਿਉਂਕਿ ਹੁਕਮ ਹੈ :

"ਜਿਤੇ ਸਸਤ੍ਰ ਨਾਮੰ॥ ਨਮਸਕਾਰ ਤਾਮੰ॥ ਜਿਤੇ ਅੱਸਤ੍ਰ ਭੇਯੰ॥ ਨਮਸਕਾਰ ਤੇਯੰ॥"


www.AKJ.Org

੧੨. **ਬਿਬੇਕੀ ਦਾ ਗੁਰਮਤਿ ਆਹਾਰ ਗੁਰੂ ਕਾ ਲੰਗਰ**–ਮਨੁਖਾ ਜਨਮ ਦਾ ਮੁਖ ਪ੍ਰਯੋਜਨ **ਅਕਾਲ ਪੁਰਖ** ਪ੍ਰੀਤਮ ਦੀ ਪ੍ਰਾਪਤੀ ਹੈ ਅਤੇ ਇਸ ਪ੍ਰਾਪਤੀ ਦਾ ਇਕੋ ਇਕ ਮੁਖ ਦੁਆਰਾ (ਵਸੀਲਾ) ਨਾਮੁ, **ਗੁਰਮਤਿ ਨਾਮੁ** ਹੈ। ਨਾਮ ਕਮਾਈ ਰਾਹੀਂ ਸਰੀਰ ਸ਼ਿੰਗਾਰਨਾ ਸਵਾਰਨਾ ਹੈ। ਅਤੇ ਜਿਸ ਖਾਣੇ ਦੇ ਖਾਣ ਨਾਲ ਤਨ ਅਤੇ ਮਨ ਨਾ ਪੀੜੀਦੇ ਹੋਵਣ, ਉਹ ਖਾਣਾ ਚਾਹੀਦਾ ਹੈ–"ਹਰਿ ਚੇਤਿ ਖਾਹਿ ਤਿਨ ਸਫਲੁ ਹੈ।"੮॥(੮੫) **ਸਫਲ** ਕਮਾਈ ਵਾਲਾ ਖਾਣਾ ਸਤੋਗੁਣੀ ਹੈ। "ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ॥" (ਪੰਨਾ ੬੫੪) ਵਾਲੀ ਭਗਤਿ ਕਮਾਈ ਵਾਲੇ ਖਾਲਸਾ ਜੀ ਦੇ ਹਥੋਂ ਸਜਿਆ ਬਿਬੇਕ ਬਿੰਜਨੀ ਗੱਫਾ ਅਸਲ ਸਤੋਗੁਣੀ ਭੋਜਨ ਹੈ, ਜਿਸ ਦੇ ਛਕਿਆਂ ਅੰਮ੍ਰਿਤ ਦੇ ਗਟਾਕ ਭੁੰਚੀਦੇ ਹਨ। ਇਸ ਲਈ **ਅੰਮ੍ਰਿਤਧਾਰੀ ਨਾਮ ਰਸੀਆਂ ਦਾ ਸਜਾਇਆ ਹੋਇਆ ਲੰਗਰ ਹੀ ਗੁਰੂ ਕਾ ਲੰਗਰ ਹੈ।** ਜਿਨ੍ਹਾਂ ਨੇ ਖੰਡੇ ਦਾ ਅੰਮ੍ਰਿਤ ਹੀ ਨਹੀਂ ਛਕਿਆ ਉਹ ਨਾਮ ਜਪਣ ਦਾ ਹੁਕਮ ਕਿਸ ਤਰ੍ਹਾਂ ਕਮਾ ਸਕਦੇ ਹਨ, ਇਸ ਲਈ ਉਨ੍ਹਾਂ ਦੇ ਹੱਥੋਂ ਤਿਆਰ ਹੋਇਆ ਭੋਜਨ ਖਾਣਾ ਬਿਬੇਕੀ ਜਨ ਨੂੰ ਬਿਬਰਜੇਤ ਹੈ।

**ਰੋਟੀ ਬੇਟੀ ਦੀ ਸਾਂਝ**–ਇਸ ਲਈ ਰੋਟੀ ਬੇਟੀ ਦੀ ਸਾਂਝ-ਵਰਤੋਂ ਖਾਲਸਾ ਜੀਨਾਲ ਹੀ ਰਖਣੀ ਹੈ, **ਆਨਮਤੀਆਂ** ਨਾਲ ਨਹੀਂ ਰਖਣੀ।

੧੩. **ਖਾਲਸਾ ਧਰਮ ਸਭ ਧਰਮਾਂ ਵਿਚੋਂ ਸਰੇਸ਼ਟ ਧਰਮ**–

"ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ" ਦਾ ਅੰਤ੍ਰੀਵੀ ਭਾਵ ਹੈ ਕਿ ਖਾਲਸਾ ਜੀ ਦੇ ਭਾਣੇ ਸਭ ਇਕ-ਸਮਾਨ ਹੈ। ਕੀ ਹਿੰਦੂ ਕੀ ਮੁਸਲਮਾਨ, ਕੀ ਚੂਹੜਾ ਕੀ ਚਮਾਰ, ਸਭ ਇਕ-ਰੂਪ ਹਨ। ਕਿਸੇ ਨਾਲ ਰਾਗ ਨਹੀਂ, ਕਿਸੇ ਨਾਲ ਦ੍ਵੈਸ਼ ਨਹੀਂ। ਕਿਸੇ ਨਾਲ ਨਫਰਤ ਨਹੀਂ। ਕਿਸੇ ਨਾਲ ਖ਼ਾਸ ਖ਼ਸੂਸੀਅਤ ਵਾਲੀ ਰਗ਼ਬਤ ਨਹੀਂ। ਕਿਸੇ ਨਾਲ ਪਖਸ਼ ਨਹੀਂ, ਕਿਸੇ ਨਾਲ ਧੜਾ ਨਹੀਂ। ਕਿਸੇ ਨਾਲ ਵੈਰ ਵਿਰੋਧਤਾ ਨਹੀਂ, ਕਿਸੇ ਨਾਲ ਸ਼ਰੀਕਾ (ਤਾਤ ਪ੍ਰਾਈ) ਨਹੀਂ। ਇਸ ਗੁਰ-ਹੁਕਮ ਦੇ ਹੋਰ ਹੋਰ ਅਰਥ ਡਰੂ ਬਹਾਨਾ-ਬਾਜ਼ ਸਿੱਖ ਕਰਦੇ ਹਨ।

੧੪. ਸੰਜਮ ਸੰਤੋਖ ਵਿਚ ਅਲਪ ਅਹਾਰ ਕਰਨਾ ਚਾਹੀਦਾ ਹੈ।

੧੫. **ਸਰਬ-ਲੋਹ ਬਿਬੇਕ**–ਸਰਬ-ਲੋਹ ਰਹਿਤ ਦਾ ਧੁਰਾ ਅੰਮ੍ਰਿਤ ਸਮਾਗਮ ਸਮੇਂ ਤੋਂ ਹੀ **ਬੱਝਦਾ ਹੈ।** ਜੋ ਜੋ ਹੁਕਮ ਮਿਲਦੇ ਹਨ ਉਹ ਕਮਾਉਣੇ ਲਾਜ਼ਮੀ ਹਨ। ਇਥੋਂ ਹੀ ਨਾਮ ਦਾ ਤੋਰਾ ਤੁਰਦਾ ਹੈ। **ਅਨੇਕਾਂ ਹੀ ਗੁਰਮਤਿ** ਰਹਿਤਾਂ ਦ੍ਰਿੜ੍ਹ ਕਰਾਈਆਂ ਜਾਂਦੀਆਂ ਹਨ। ਸੂਰਬੀਰਤਾ ਦੀ ਸਪਿਰਿਟ ਨੂੰ ਖਾਲਸਾ ਜੀ ਅੰਦਰ ਸੁਆਸ ਸੁਆਸ ਸੁਰਜੀਤ ਰਖਣ ਲਈ ਸਰਬ ਲੋਹ ਦੀ ਰਹੁ-ਰੀਤ ਚਲਾਈ। ਸਰਬ ਲੋਹ ਦੁਆਰਾ ਹੀ ਖੰਡੇ ਧਾਰ ਅੰਮ੍ਰਿਤ ਕਲਾ ਵਰਤਾ ਕੇ 'ਨਾਨਕ ਨਾਮ ਚੜ੍ਹਦੀ ਕਲਾ' ਵਾਲੀ ਸਦਾ ਜਾਗਤ ਜੋਤਿ ਖਾਲਸਾ ਜੀ ਦੇ ਘਟ ਅੰਤਰ ਜਗਾਈ।

ਭਾਈ ਸਾਹਿਬ ਜੀ ਦੀ ਇਹ ਗੁਰਮਤਿ ਬਿਬੇਕ ਪੁਸਤਕ ਪੜ੍ਹ ਕੇ ਜਾਂ ਸੁਣ ਕੇ ਜੋ ਸਾਡੇ ਵਿਚ ਅੰਮ੍ਰਿਤਧਾਰੀ ਸਿੰਘਾਂ ਸਿੰਘਣੀਆਂ ਵਿਚ ਘਿਰਣਾ ਕਰਨ, ਇਕ ਦੂਜੇ ਦੇ ਗੁਣਾਂ ਦੀ ਥਾਂ ਕੇਵਲ ਨਿਰੋਲ-ਨਿਰੋਲ ਅਵਗੁਣ ਸੁਣਨ ਦੇਖਣ ਨਾਲ ਬਿਬੇਕੀਆਂ ਦੇ ਜੋ ਵਖਰੇ ਵਖਰੇ ਫਿਰਕੇ ਬਣ ਗਏ ਹਨ, ਇਸ ਤੋਂ ਉੱਪਰ ਘਿਰਣਾ ਵਧ ਰਹੀ ਹੈ ਜੋ ਕਿ ਭਾਈ ਸਾਹਿਬ ਜੀ ਅਨੁਸਾਰ ਗੁਰੂ ਜੀ ਦੇ ਹੁਕਮਾਂ ਤੋਂ ਉਲਟ ਹੈ। ਭਾਈ ਸਾਹਿਬ ਜੀ ਨੇ ਵੈਰ ਵਿਰੋਧ, ਘਿਰਣਾ, ਪਖ-ਪਖਸ਼, ਹਿੰਦੂਆਂ, ਮੁਸਲਮਾਨਾਂ, ਚੂੜ੍ਹੇ ਚਮਾਰਾਂ ਨਾਲ ਭੀ ਕਰਨਾ ਗੁਰਮਤਿ-ਕਰਮ ਤੋਂ ਉਲਟਾ ਕਰਮ ਦਰਸਾਇਆ ਹੈ। ਕੀ ਅਸੀਂ ਅੰਮ੍ਰਿਤਧਾਰੀ ਵੀਰ-ਭੈਣਾਂ ਇਕੋ ਪਿਤਾ ਮਾਤਾ ਦੇ ਜਾਏ, ਇਕੋ ਅੰਮ੍ਰਿਤ ਪਾਨ ਕਰ ਕੇ, ਸੁਹਿਰਦ ਸਕੇ ਭੈਣ ਭਰਾ ਇਸ ਰੋਗ ਦੇ ਮਰੀਜ਼ ਨਹੀਂ ? ਅਸੀਂ ਖਾਲਸੇ ਕਿਉਂ ਨਹੀਂ ਖਾਲਸੇ ਨਾਲ ਸਾਂਝ ਵਰਤੋਂ ਰਖਦੇ ?


www.AKJ.Org

# ਗੁਰਬਾਣੀ ਜਿਸ ਅਧਾਰ

[ਸ: ਅਤਰ ਸਿੰਘ 'ਨੀਰ', 95 ਸ਼ੀਤਲ ਅਪਾਰਟਮੇਂਟ, ਸੈਕਟਰ-14, ਰੋਹਣੀ, ਦਿੱਲੀ-85]

ਗੁਰਬਾਣੀ ਪੜ੍ਹ ਵਿਚਾਰਨੀ ਸਭ ਤੋਂ ਉਚਾ ਕਰਮ ।
ਗੁਰਮਤਿ ਰੰਗ ਵਿਚ ਜੀਵਣਾ ਸਿਖ ਦਾ ਅਸਲੀ ਧਰਮ ।

ਸਿਮਰਨ ਪ੍ਰਭੂ ਕਿਰਪਾਲ ਦਾ ਸਭ ਕਰਮਾਂ ਦਾ ਮੂਲ ।
ਸਿਮਰਨ ਕਰਦਿਆਂ ਨਾ ਪਵੇ ਮਨ ਤੇ ਮਾੜੀ ਧੂਲ ।

ਵਾਹਿਗੁਰੂ ਦੀ ਦਰਗਾਹ ਵਿਚ ਉਜਲਾ ਹੋਵੇ ਮੁਖ ।
ਜੁੜਿਆਂ ਸਿਫਤ ਸਲਾਹ ਚਿ ਆਣ ਨਾ ਨੇੜ ਦੁਖ ।

ਹਿਰਦੇ ਵਿਚ ਵਸਾ ਕੇ ਕਰਨੀ ਸਿਫਤ ਸਲਾਹ ।
ਵਾਹਿਗੁਰੂ ਦੇ ਮਿਲਾਪ ਦਾ ਸਿਧਾ ਸੋਹਣਾ ਰਾਹ ।

ਅਕਾਲ ਪੁਰਖ ਦੇ ਗੁਣਾਂ ਦੀ ਚਾਹੇਂ ਜੇ ਪਛਾਣ ।
ਗੁਰਬਾਣੀ ਨਾਲ ਧਿਆਨ ਦੇ ਪੜ੍ਹ ਤੇ ਸਮਝ ਸੁਜਾਣ ।

ਸਾਧ ਸੰਗਤ ਵਿਚ ਆਣ ਕੇ ਕੀਰਤਨ ਦੇ ਵਿਚ ਜੁੜ ।
ਜਾਵੇ ਮੈਲ ਬੁਰਾਈਆਂ ਦੀ ਸਹਿਜੇ ਸਹਿਜੇ ਰੁੜ੍ਹ ।

ਅੰਮ੍ਰਿਤ ਵੇਲਾ ਇਸ ਲਈ ਬਹੁਤ ਬੜਾ ਹੈ ਠੀਕ ।
ਇਕਾਗਰ ਹੋਵੇ ਮਨ ਚਿਤ, ਮਿਟੇ ਦੂਈ ਦੀ ਲੀਕ ।

ਵਾਹਿਗੁਰੂ ਸਦਾ ਅਟੱਲ ਸੱਚ, ਪੱਕਾ ਰੱਖ ਵਿਸ਼ਵਾਸ ।
ਚਾਹੀਦੇ ਉਸਨੂੰ ਪਾਣ ਲਈ ਸੱਚ ਦੀ ਸੁਚੀ ਰਾਸ ।

ਜੀਵਨ ਦੀ ਹਰ ਕਾਰ ਵਿਚ ਬੋਲ ਸੱਚ ਹਮੇਸ਼ ।
ਪਰੀਪੂਰਨ ਪਰਮਾਤਮਾ ਦਾ ਮੁਢਲਾ ਹੈ ਇਹ ਆਦੇਸ਼ ।

ਕਿਰਤ ਵਿਰਤ ਨੂੰ ਕਰਦਿਆਂ ਸੱਚ ਨੂੰ ਰਖੋ ਮੁਖ ।
ਅੰਦਰ ਬਾਹਿਰ ਇਕੋ ਜਿਹਾ ਦੇਵੇ ਸ਼ਾਂਤੀ ਸੁਖ ।

ਪਾਖੰਡ ਝੂਠ ਮਕਾਰੀਆਂ ਤੋਂ ਰਹੀਏ ਸਦਾ ਹੀ ਦੂਰ ।
ਹੱਕ ਖਾਣਾ, ਹੱਕ ਦੇਵਣਾ, ਸੱਚ ਦਾ ਹੈ ਦਸਤੂਰ ।

ਨਿਰਭਉ ਤੇ ਨਿਰਵੈਰ ਹੈ, ਸਾਈਂ ਸਦਾ ਮਿਹਰਵਾਨ ।
ਸਭ ਦਾ ਮਾ ਪਿਉ ਆਪ ਹੈ, ਸਭ ਦਾ ਰਖੇ ਧਿਆਨ ।

ਉਸ ਦੇ ਮਿਠੇ ਪਿਆਰ ਦੀ ਮਿਠੀ ਮਿਠੀ ਖੁਸ਼ਬੋ ।
ਖਿੜਿਆ ਖਿੜਿਆ ਮਨ ਰਖੇ ਸਭ ਮੈਲਾਂ ਨੂੰ ਧੋ ।

ਸਰਬ ਵਿਆਪੀ ਵਾਹਿਗੁਰੂ ਦਾ ਹਰ ਦੇ ਅੰਦਰ ਵਾਸ ।
ਹਰ ਹਿਰਦੇ ਵਿਚ ਉਸਦਾ ਹੈ ਮਿਠਾ ਮਿਠਾ ਪ੍ਰਕਾਸ਼ ।

ਬਿਨਾਂ ਕਿਸੇ ਹੀ ਵਿਤਕਰੇ, ਬਿਨਾਂ ਕਿਸੇ ਹੀ ਖਿਆਲ,
ਸੀਤਲ ਚੰਨ ਦੇ ਵਾਂਗਰਾਂ ਠੰਡਕ ਦੇਇ ਹਰ ਕਾਲ ।

ਆਪਣੇ ਆਪ ਹੀ ਅੰਦਰੋਂ ਸੇਵਾ ਤੇ ਉਪਕਾਰ,
ਚਸ਼ਮਿਆਂ ਵਾਂਗੂ ਫੁਟਦੇ ਤਿਖੀਆਂ ਛਾਲਾਂ ਮਾਰ ।

ਦੁਖੀਏ ਦੀਨ ਗਰੀਬ ਲਈ ਬਣਦੇ ਮੋਢਾ ਢਾਲ ।
ਊਚ ਨੀਤ ਤੇ ਜਾਤਿ ਦਾ ਛੱਡ ਕੇ ਵਹਿਮ ਖਿਆਲ ।

ਨਫਰਤ ਨਿੰਦਿਆ ਈਰਖਾ ਮਾੜਾਪਨ ਦਾ ਨਾਸ ।
ਸਬਰ ਸਿਦਕ ਕੁਰਬਾਨੀਆਂ ਦਾ ਅੰਦਰੋਂ ਹੋਏ ਵਿਕਾਸ ।

ਓਹੀ ਦਿਆਲੂ ਬਣ ਸਕੇ ਜਿਸ ਅੰਦਰ ਉਗਮੇ ਸੱਚ ।
ਸਚ ਓਹੋ ਹੀ ਪਾਂਵਦਾ ਜੋ ਜਾਏ ਪ੍ਰਭੂ ਰੰਗ ਰੱਚ ।

ਰੰਗ ਪ੍ਰਭੂ ਦੇ ਉਹ ਰਚੇ ਗੁਰਬਾਣੀ ਜਿਸ ਅਧਾਰ ।
ਗੁਰਬਾਣੀ ਜਿਸ ਅਧਾਰ, 'ਨੀਰ' ਬੇੜਾ ਉਸਦਾ ਪਾਰ ।

# ਤੇਰੇ ਮਿਲਣ ਦੀ ਆਸ ਲੈ ਕੇ

[ਸ. ਸੁਰਜੀਤ ਸਿੰਘ "ਸਾਜਨ", ਲੁਧਿਆਣਾ]

ਤੇਰੇ ਦਰ ਤੇ ਆਇਆ ਹਾਂ ਇਕ ਆਸ ਲੈ ਕੇ, ਕਈ ਜਨਮ-ਜਨਮਾਂ ਦੀ ਆਪਣੇ ਸੰਗ ਪਿਆਸ ਲੈ ਕੇ ।
ਤੇਰੇ ਦਰ ਤੇ ਆਇਆ ਕੋਈ ਖ਼ਾਲੀ ਨਹੀਂ ਮੁੜਿਆ, ਤੇਰੀ ਸਰਦਲ ਤੇ ਆ ਬੈਠਾ ਹਾਂ ਇਹੋ ਧਰਵਾਸ ਲੈ ਕੇ ।
ਰਾਤਾਂ ਦੀ ਨੀਂਦਰ ਦਿਨ ਦਾ ਚੈਨ ਗੁਆ ਬੈਠਾ ਹਾਂ, ਖੁਸ਼ੀ ਲੱਭਣ ਨੂੰ ਆਇਆ ਹਾਂ ਜੀਅਰਾ ਉਦਾਸ ਲੈ ਕੇ ।
ਪੰਜ ਚੋਰਾਂ ਨੇ ਬੇਦਰਦੀ ਨਾਲ ਲੁੱਟਿਆ ਮੈਨੂੰ, ਫੱਟੇ ਹਾਲ ਆਇਆ ਹਾਂ ਗੁਰਬੱਤ ਲਿਬਾਸ ਲੈ ਕੇ ।
ਜੋ ਮੰਗੋ ਉਹੀ ਹੈ ਮਿਲਦਾ ਤੇਰੇ ਦਰ ਤੋਂ ਦਾਤਾ, ਮੇਰੀ ਭੀ ਝੋਲੀ ਭਰੇਗੀ, ਆਇਆਂ ਇਹੋ ਕਿਆਸ ਲੈ ਕੇ ।
ਸ਼ਾਂਤੀ ਤੇ ਸਹਿਜ ਦਾ ਜੀਵਨ ਜੀਣਾ ਲੋੜਦਾ ਹਾਂ ਮੈਂ, ਨਿਰਾਸ ਨਾ ਪਰਤਾਈਂ, ਕਿ ਆਇਆ ਹਾਂ ਵਿਸ਼ਵਾਸ ਲੈ ਕੇ ।
'ਸਾਜਨ' ਇਹ ਦੁਨੀਆ ਦਾ ਮੋਹ ਤੇਰੇ ਨਾਲੋਂ ਤੋੜਦਾ ਹੈ, ਬਚ ਬਚ ਕੇ ਆਇਆ ਹਾਂ, ਤੇਰੇ ਮਿਲਣ ਦੀ ਆਸ ਲੈ ਕੇ ।


www.AKJ.Org

# ਗੁਰਦੁਆਰੈ ਕਿਤ ਬਿਧਿ ਜਾਈਐ

[ਭਾਈ ਅਮਰੀਕ ਸਿੰਘ ਜੀ, ਬਰਨਾਲਾ (ਅੰਬਾਲਾ)] ੪

ਆਉ ਸਖੀ ਮਿਲ ਮਤਾ ਪਕਾਵਹਿੰ, ਐਸੀ ਬਿਧਿ ਮਿਲਿ ਢੂੰਡ ਹਮ ਪਾਵਹਿੰ।
ਜਿਤ ਬਿਧਿ ਸਗਲ ਪਾਪ ਬਖਸ਼ਾਵਹਿੰ ਹੋਇ ਪੁਨੀਤ ਸਾਚੈ ਘਰ ਜਾਵਹਿੰ।
ਗੁਰਦੁਆਰੇ ਹੋਇ ਸੋਝੀ ਪਾਵਹਿੰ ਤਿਤ ਦੁਆਰੇ ਪਵਿਤ ਹੋਇ ਆਵਹਿੰ।
ਸ੍ਰੀ ਗੁਰੂ ਗ੍ਰੰਥ ਸਾਹਿਬ ਕਾ ਪ੍ਰਕਾਸ਼ ਜਹਾਂ, ਸੋ ਹੈ ਹਮਰਾ ਗੁਰ-ਦੁਆਰਾ।
ਜ਼ਾਹਰ ਜ਼ਹੂਰ ਸਤਿਗੁਰ ਤਹਾਂ ਵਰਤੈ, ਜੀਅ ਪ੍ਰਾਣ ਤੇ ਜੋ ਹੈ ਪਿਆਰਾ।
ਸਤਸੰਗ ਜੁੜੈ, ਹਰਿ-ਜਸ ਜਹਾਂ ਚਲਤੇ, ਪਰਮੇਸ਼ਰ ਕਾ ਵਹ ਹੈ ਦੁਆਰਾ।
ਆਉ ਪ੍ਰਿਅ ਕਿਛ ਸੋਚ ਵੀਚਾਰਹਿੰ, ਗੁਰਦੁਆਰੈ ਕਿਤ ਬਿਧ ਜਾਈਏ।
ਸਫਲ ਯਾਤ੍ਰਾ ਕਿਵ ਇਹ ਹੋਵੈ ਕਿਵ ਖੁਸ਼ੀ ਸਤਿਗੁਰ ਕੀ ਪਾਈਏ।
ਕਰਿ ਇਸ਼ਨਾਨ ਸੁਚ ਬਸਤ੍ਰ ਪਹਿਨੇ, ਸਾਦੇ ਲਿਬਾਸ ਬਣਾ ਕੇ ਜਾਈਏ।
ਸਤਿਗੁਰ ਕਾ ਕਰ ਹਿਰਦੇ ਧਿਆਨ, ਨਿਮਰ ਬਚਨ ਹੀ ਉਚਰੇ ਜਾਈਏ।
ਕੂੜ ਸ਼ਿੰਗਾਰ ਕਰਹਿੰ ਨ ਤਨ ਪਰ, ਪਾ ਗਹਿਣੇ ਨ ਮਟਕਦੇ ਜਾਈਏ।
"ਭੈ-ਭਾਵਨੀ" ਸਦ ਹਿਰਦੇ ਧਾਰਿ, ਹੋਇ 'ਭੀਖਕ' ਭਿਖ ਮੰਗਦੇ ਜਾਈਏ।
ਸਤ ਸੰਤੋਖ ਦਇਆ ਸੁੱਚ ਸੰਜਮ, ਇਹ ਦੈਵੀ ਗੁਣ ਧਾਰਨਾ ਕਰੀਏ।
ਕੂੜ, ਈਰਖਾ, ਦ੍ਵੈਤ-ਭਾਵ, ਨਿੰਦਾ, ਚੁਗਲੀ ਇਤਿਆਦਿਕ ਪਰਹਰੀਏ।
ਜ਼ਾਇ ਦੁਆਰ ਨੀਵਾਂ ਸਿਰ ਕਰ ਕੇ, ਚਉਧਰ ਸਗਲੀ ਪਾਸੇ ਧਰੀਏ।
ਨਿਮਾਣੇ ਕੀਟ ਹੋਇ ਸੀਸ ਝੁਕਾਵਹਿੰ, ਸਤਿਗੁਰ ਆਗੈ ਡੰਡਵਤ ਕਰੀਏ।
ਬੈਸ ਸੰਗਤ ਮਹਿ ਹਰ-ਜਸ ਸੁਣਹਿੰ, ਇਕਾਗਰ-ਚਿਤ ਹੋਇ ਬੰਦਨ ਕਰੀਏ।
ਪ੍ਰਤੱਖ ਸ੍ਰੀ ਸਤਿਗੁਰ ਕਉ ਜਾਣਹਿੰ, ਆਨ ਦੇਵ ਕਾ ਧਿਆਨ ਨ ਧਰੀਏ।
ਅਨਿਕ ਭਾਂਤ ਤ੍ਰਿਆ ਗੁਰ-ਦਰ ਆਵਹਿੰ, ਬਹਿਨ ਮਾਤ ਬੇਟੀ ਸਮ ਜਾਣਹਿੰ।
ਇਮ ਹੀ ਨਰ ਜੋ ਗੁਰ-ਤੀਰਥ ਆਵਹਿੰ, ਭਾਈ ਪਿਤਾ ਸੁਤ ਤੁਲ ਹੀ ਜਾਣਹਿੰ।
ਪਿਛਲੇ ਅਉਗਣ ਬਖਸ਼ਾਵਣ ਆਵਹਿੰ, ਸਾਵਧਾਨ ਹੋਇ ਆਗੈ ਰਹੀਐ।
ਵਿਚ ਸੰਗਤ ਕਾਮ ਕ੍ਰੋਧ ਵਿਆਪੈ, ਫਿਰ ਠਉਰ ਨ ਕਤਹੀਂ ਲਹੀਐ।
ਵਾਦ-ਵਿਵਾਦ ਨ ਜਾਇ ਸਹੇੜਹਿੰ, ਮਨ ਬਚ ਕਰਮ ਬੀਚਾਰ ਚਿਤ ਧਰੀਏ।
ਪਰਸਪਰ ਪ੍ਰੇਮ ਰਖਹਿੰ ਸਿਖਨ ਸਿਉਂ, ਇਕ ਹੀ ਪੰਥ ਹੋਇ ਰਹੀਏ।
ਲੀਰੋ-ਲੀਰ ਦਸ਼ਾ ਜੁ ਹੋਈ, ਬਿਨ ਗੁਰਮਤਿ-ਜੀਵਨ ਬੇ-ਹਾਲ ਹੀ ਹੋਵਹਿੰ।
ਪ੍ਰਭਤਾ ਕਉ ਹਮ ਤਿਆਗ ਸਕੇਂ ਨਾ, ਹੋਇ ਦਿਸ਼ਾਹੀਨ ਕੰਡੇ ਬੋਵਹਿੰ।
ਗੁਰ-ਉਪਦੇਸ਼ ਅਨੁਸਾਰੀ ਹੋਵਹਿੰ, ਤੱਤ ਗੁਰਮਤਿ ਕੋ ਆਇ ਕਮਾਵਹਿੰ।
ਮਨਮਤਿ ਤਿਆਗ, ਨਿਮਾਣੇ ਹੋਇ, ਇਕਤ ਥਾਂ ਬੈਸਿ ਭੇਦ-ਭਰਮ ਮਿਟਾਵਹਿੰ।
ਇਕ ਦੂਸਰ ਕੀ ਰੇਣ ਹੋ ਕੇ, ਏਕ ਪਿਤਾ ਕੇ ਬਾਰਿਕ ਹੋਇ ਭਾਵਹਿੰ।
ਸਤਿਗੁਰ ਸਿਉਂ ਨਿਤ ਬੇਨਤਿ ਕਰੈਂ, "ਘਰ ਕੇ ਕੰਮ" ਹਮੇਂ ਉਹ ਲਾਵਹਿੰ।
ਦੁਰਮਤਿ ਮਿਟਾਇ, ਸ਼ੁਭ ਕਰਮਨ ਲਾਇ, ਗੁਰਦੁਆਰੇ ਬੈਸਣ ਜਾਚ ਸਿਖਾਵਹਿੰ।
ਗੁਰਮੁਖੀ ਪੜ੍ਹ, ਗੁਰਬਾਣੀ ਸਿਖੈਂ, ਸ਼ੁਧ ਉਚਾਰਣ ਕਰਿ ਅਮਿਉ ਰਸ ਪਾਵਹਿੰ।
ਗੁਰਦੁਆਰੈ ਹੋਇ ਸੋਝੀ ਪਾਵਹਿੰ, ਜਨਮ ਜੀਤ ਹਰਿ ਦੁਆਰੈ ਜਾਵਹਿੰ।

www.AKJ.org

## ਰਿਸ਼ਤੇ ਨਾਤੇ

—ਚਿਠੀ ਵਾਲਾ ਲਫ਼ਾਫ਼ਾ ਬੰਦ ਕਰ ਕੇ ਐਡਰੈਸ ਵਾਲੀ ਜਗ੍ਹਾ ਉਪਰ ਫ਼ਾਰਮ ਨੰਬਰ (ਜਿਸ ਨੂੰ ਭੇਜਣਾ ਹੈ) ਲਿਖੋ ਅਤੇ ਦੂਸਰੇ ਲਫ਼ਾਫ਼ੇ ਵਿਚ ਬੰਦ ਕਰਕੇ ਸੂਰਾ ਮਾਸਕ ਪੱਤਰ ਨੂੰ ਭੇਜ ਦਿਓ ਜੀ। ਅੰਦਰ ਵਾਲਾ ਲਫਾਫ਼ਾ ਸੰਬੰਧਤ ਫਾਰਮ ਦਾ ਪਤਾ ਲਿਖ ਕੇ ਪੋਸਟ ਕਰ ਦਿੱਤਾ ਜਾਵੇਗਾ ਜੀ।

ਫਾਰਮ ਨੰ: 468—42 ਸਾਲਾ ਦੁਹਾਜੂ ਸਿੰਘ, ਕੱਦ 5'-8'', ਬੀ.ਐਸ.ਸੀ..ਬੀ.ਐੱਡ, ਪਹਿਲੀ ਸਿੰਘਣੀ ਤੋਂ ਤਲਾਕ, 1 ਲੜਕਾ 15 ਸਾਲ ਦਾ ਹੈ, ਕੈਨੇਡਾ ਵਿਖੇ ਲਕੜੀ ਦੀ ਮਿਲ ਵਿਚ ਕੰਮ ਕਾਰ। ਮਾਸਕ ਦੋ ਹਜ਼ਾਰ ਕੈਨੇਡੀਅਨ ਡਾਲਰ ਲਈ ਕੋਈ ਦੁਹਾਜੂ ਜੀਵਨ ਸਾਥਣ ਦੀ ਲੋੜ।

ਫਾਰਮ ਨੰ: 469—27 ਸਾਲਾ ਮਿਸਤਰੀ ਸਿੰਘ, ਕਦ 5'-3'', ਹਾਇਰ ਸੈਕੰਡਰੀ ਤੇ ਮਕੈਨੀਕਲ ਡਿਪਲੋਮਾ, ਆਪਣੀ ਆਟਾ ਚੱਕੀ ਆਦਿ, ਲਈ ਜੀਵਨ ਸਾਥਣ ਦੀ ਲੋੜ।

ਫਾਰਮ ਨੰ: 470—29 ਸਾਲਾ ਪੀ.ਐਚ.ਡੀ. ਬੀਬੀ, ਕੱਦ 5'-3'' ਯੂਨੀਵਰਸਿਟੀ ਸਰਵਿਸ, ਮਾਸਿਕ ਚਾਰ ਹਜ਼ਾਰ ਰੁਪਏ ਲਈ ਪੀ.ਐਚ.ਡੀ./ਆਈ.ਏ.ਐਸ./ਡਾਕਟਰ/ਇੰਜੀਨੀਅਰ ਵਰ ਦੀ ਲੋੜ।

ਫਾਰਮ ਨੰ: 471—26-27 ਸਾਲਾ, ਬੀ.ਏ. ਬੀ.ਐਡ. ਬੀਬੀ, ਕੱਦ 5'-3'' ਲਈ ਯੋਗ ਵਰ ਦੀ ਲੋੜ।

ਫਾਰਮ ਨੰ: 472—ਸਾਢੇ 25 ਸਾਲਾ ਸਿੰਘ, ਕੱਦ 5-'10'', ਬੀ.ਐਸ. ਸੀ. ਲਈ ਘਟੋ ਘਟ ਬੀ.ਏ. ਪਾਸ ਤੇ ਕੱਦ 5'-6'' ਬੀਬੀ ਦੇ ਰਿਸ਼ਤੇ ਦੀ ਲੋੜ।

ਫਾਰਮ ਨੰ: 473—26 ਸਾਲਾ, ਐਮ.ਐਸ.ਸੀ. ਐਗਰੀਕਲਚਰ ਐਸ.ਡੀ.ਓ. ਸਿੰਘ, ਕਦ 5'-8' ਲਈ ਘਟੋ ਘਟ ਐਮ.ਏ. ਪਾਸ ਸਿੰਘਣੀ ਦੀ ਲੋੜ ਹੈ।

## ਅਖੰਡ ਕੀਰਤਨੀ ਜਥਾ ਯੂ.ਕੇ. ਵਲੋਂ ਗੁਰਮਤਿ ਸਮਾਗਮ

(1) ਮਿਤੀ 11·9-93 ਨੂੰ ਗੁਰਦਵਾਰਾ ਬੇਬੇ ਨਾਨਕੀ ਰੋਕਰੀ ਰੋਡ (ਫ਼ੋਨ 021-551-3489) ਬਰਮਿੰਘਮ ਵਿਖੇ ਕੀਰਤਨ ਉਪਰੰਤ ਬੀਬੀ ਬਿੰਦਰ ਕੌਰ ਸਪੁਤਰੀ ਭਾ: ਮਹਿੰਦਰ ਸਿੰਘ ਬਰਮਿੰਘਮ ਦਾ ਅਨੰਦ ਕਾਰਜ ਕਾਕਾ ਕੰਵਲਜੀਤ ਸਿੰਘ ਸਪੁਤਰ ਸ: ਸਰੂਪ ਸਿੰਘ ਪੁਡਸੀ-ਲੀਡ਼ਜ਼ ਨਾਲ ਹੋਵੇਗਾ।

(2) ਮਿਤੀ 25-9-93 ਨੂੰ ਸਿਖ ਟੈਂਪਲ ਲੂਟਨ, 16-18 ਪੋਰਟਲੈਂਡ ਰੋਡ ਵਿਖੇ ਰੈਣ ਸਬਾਈ ਕੀਰਤਨ ਹੋਣਗੇ।
ਫ਼ੋਨ ਗੁਰਦਵਾਰਾ 0582-571629, ਸ: ਹਰਜੀਤ ਸਿੰਘ 0582-450950

(3) ਮਿਤੀ 1 ਤੋਂ 3 ਅਕਤੂਬਰ ਸ੍ਰੀ ਅਖੰਡਪਾਠ ਗ੍ਰਹਿ ਭਾਈ ਨਿਰਮਲ ਸਿੰਘ, 16-ਐਸ ਜੇਮਜ਼ ਐਵਿਨੀਊ, ਗਰੇਵਜ਼ੈਂਡ ਕੈਂਟ ਵਿਖੇ ਹੋਣਗੇ। ਫੋਨ 0474-354035

**ਯੂ.ਕੇ. ਵਿਚ ਚੰਦੇ ਤੇ ਹੋਰ ਰਕਮਾਂ ਜਮਾ ਕਰਾਉਣ ਦਾ ਪਤਾ** (ਫੋਨ 0734-267900)
Bhai Gurnam Singh, 10 Lambourne Gardens, Earley, Reading, Berk, U.K.

---

## 'ਸੂਰਾ' ਵਲੋਂ ਗੁਰਮਤਿ ਪਰਚਾਰ ਲਈ ਟਰੈਕਟ ਤੇ ਪੁਸਤਕਾਂ

ਜੀਵਨ ਚਰਿੱਤਰ ਭਾਈ ਸਾਹਿਬ ਰਣਧੀਰ ਸਿੰਘ ਜੀ [ਕਈ ਵਾਧੇ, ੧੦ ਚਿਤਰ, ੨੭੨ ਪੰਨੇ, ਸੁੰਦਰ ਦੱਖ] ੧੦-੦੦

| | | | | |
|---|---|---|---|---|
| ਕੇਸਕੀ [ਦਸਤਾਰ] | ੨-੫੦ | ਗੁਰਬਾਣੀ ਦੀ ਪਾਰਸ ਕਲਾ [ਭਾ: ਸਾਹਿਬ ਕ੍ਰਿਤ] | | ੧-੫੦ |
| ਖਾਲਸਾ ਰਹਿਤ ਮਰਯਾਦਾ | ੩-੫੦ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ | ,, | ੨-੦੦ |
| ਗੁਰਸਿਖ ਰਹਿਣੀ [ਪ੍ਰੋ: ਅਮਰਜੀਤ ਕੌਰ] | ੨-੦੦ | ਕੀ ਕੇਸ ਰਖਣੇ ਜ਼ਰੂਰੀ ਹਨ ? | ,, | ੧-੦੦ |
| ਤਉ ਕਿਉ ਮੁਰਗੀ ਮਾਰੈ [ਤਲਵਾੜਾ ਜੀ] | ੨-੦੦ | ਗੁਰੁ ਮੇਰੈ ਸੰਗਿ ਸਦਾ ਹੈ ਨਾਲੇ | ,, | ੧-੦੦ |
| HAIR—A Divine Gift | 1-00 | ਗੁਰਮਤਿ ਅਨਹਦ ਸ਼ਬਦ | ,, | ੧-੦੦ |
| Dewn of Divine Wisdom | 1-50 | ਸ਼ਹੀਦ ਭਗਤ ਸਿੰਘ ਨਾਲ ਮੁਲਾਕਾਤ | ,, | ੦-੭੫ |
| | | ਸ਼ਬਦ ਗੁਰੂ—ਸ੍ਰੀ ਗੁਰੂ ਗ੍ਰੰਥ ਸਾਹਿਬ | ,. | ੧-੫੦ |
| ਲੜੀਦਾਰ ਸਰੂਪ—ਸ੍ਰੀ ਗੁਰੂ ਗ੍ਰੰਥ ਸਾਹਿਬ | ੨-੦੦ | ਜਬ ਲਗ ਖਾਲਸਾ ਰਹੇ ਨਿਆਰਾ | ,, | ੧-੦੦ |
| ਗੁਰਬਾਣੀ ਰਹਿਤਨਾਮਾ | ੧-੦੦ | ਖਾਲਸਾ ਜੀ ਦਾ ਗੁਰਮਤਿ ਆਦਰਸ਼ | ,, | ੦-੭੫ |
| ਸ੍ਰੀ ਭਗਉਤੀ ਪ੍ਰਬੋਧ[ਚੋਣਵੇਂ ਵਿਦਵਾਨਾਂ ਦੇ ਲੇਖ] | ੨-੦੦ | ਰਾਗਮਾਲਾ ਬਾਰੇ ਵਿਚਾਰ ਉਘੇ ਵਿਦਵਾਨ] | | ੧-੫੦ |



'ਸੂਰਾ' ਅੰਮ੍ਰਿਤਸਰ ... ੯੩

www.AKJ.Org

## ਸ਼ਹੀਦੀ ਅਤੇ ਪੀੜਤ ਪਰਵਾਰਾਂ ਲਈ ਪੁਜੀ ਸਹਾਇਤਾ

| | | | |
|---|---|---|---|
| ਸ: ਸਵਰਨ ਸਿੰਘ ਲੁਧਿਆਣਾ | ੧੦੦-੦੦ | ਸ: ਨਰਿੰਦਰ ਸਿੰਘ ਵਾਲਸਾਲ ਯੂ.ਕੇ | ੨੧੧੦-੦੦ |
| Sgt. ਕੁਲਦੀਪ ਸਿੰਘ c/o 56 A.P.O. | ੩੦੦-੦੦ | ਸ: ਬੂਟਾ ਸਿੰਘ ਬਰਮਿੰਘਮ ,, | ੪੦੦-੦੦ |
| ਸ: ਗੁਰਚਰਨ ਸਿੰਘ ਵਾਰਾਨਸੀ | ੩੦੦-੦੦ | ਬੀ: ਬਲਬੀਰ ਕੌਰ ਸੁਰਿੰਦਰ ਸਿੰਘ ਰੈਡਿੰਗ | ੧੫੦੦-੦੦ |
| ਗੁਪਤ ਸੇਵਾ— ੧੦੦-੦੦ ਗੁਪਤ ਸੇਵਾ ਸਲੌਅ | ੧੩੯੦-੦੦ | ਸ: ਗੁਰਦੀਪ ਸਿੰਘ ਮੋਹਨ ਲਿਸਟਰ | ੨੨੧੦-੦੦ |
| ਬੀਬੀ ਕੁਲਵੰਤ ਕੌਰ ਹਲਵਾਰਾ | ੧੦੦-੦੦ | ਬੀ. ਮਹਿੰਦਰ ਕੌਰ ਹੰਸਲੋ ਯੂ.ਕੇ. | ੪੫੫੦-੦੦ |
| ਕਾਕਾ ਪਰਦੀਪ ਸਿੰਘ ਲੁਧਿਆਣਾ | ੬੦-੦੦ | ਬੀ: ਚਰਨਜੀਤ ਕੌਰ ਲਮਿੰਗਟਨ ਸਪਾ | ੨੩੫੦-੦੦ |
| ਬੀਬੀ ਗੁਰਬਚਨ ਕੌਰ ਲੁਧਿਆਣਾ | ੧੦੦-੦੦ | ਭਾਈ ਜਸਮੇਲ ਸਿੰਘ ਸਲੌਅ ਯੂ.ਕੇ. | ੧੧੦੦੦-੦੦ |
| ਸ: ਸਵਰਨ ਸਿੰਘ ਲੁਧਿਆਣਾ | ੫੦-੦੦ | ਬੀ: ਪ੍ਰਕਾਸ਼ ਕੌਰ ਗ੍ਰੇਵਜ਼ੈਂਡ ਕੈਂਟ ਯੂ.ਕੇ. | ੪੫੬੦-੦੦ |
| ਸ: ਅਮਰਜੀਤ ਸਿੰਘ ਲੁਧਿਆਣਾ | ੫੦੦-੦੦ | ਮਾਤਾ ਦਰਸ਼ਨ ਕੌਰ ਸਲੌਅ ,, | ੧੯੦-੦੦ |
| ਸ: ਜਗਜੀਵਨ ਸਿੰਘ ਫਤਿਹ ਮਾਜਰੀ | ੫੦-੦੦ | ਬੀਬੀ ਮਹਿੰਦਰ ਕੌਰ ਹੰਸਲੋ ,, | ੮੦੬੦-੦੦ |
| ਸ: ਮਲਕੀਤ ਸਿੰਘ ਸਲੌਅ ਯੂ.ਕੇ. | ੨੦੫੦-੦੦ | ਬੀ: ਜੈ ਕੌਰ ਮਲਕੀਤ ਸਿੰਘ ਸਲੌਅ ,, | ੨੨੧੦-੦੦ |
| ਸ: ਮਹਿੰਦਰ ਸਿੰਘ ਮੁਲਥਮ ਗ੍ਰੇਵਜ਼ੈਂਡ ਕੈਂਟ | ੪੨੧੦-੦੦ | ਬੀ: ਬਲਬੀਰ ਕੌਰ ਸੁਰਿੰਦਰ ਸਿੰਘ ਰੈਡਿੰਗ | ੩੦੦੦-੦੦ |
| ਸਾਧ ਸੰਗਤ ਗ੍ਰੇਵਜ਼ੈਂਡ ਕੈਂਟ | ੪੨੧੦-੦੦ | ਬੀ: ਅਮਰੀਕ ਕੌਰ ਬਲਬੀਰ ਕੌਰ ਰੈਡਿੰਗ | ੬੬੬੦-੦੦ |
| ਬੀਬੀਆਂ ਚੈਥਮ ਕੈਂਟ ਯੂ.ਕੇ. | ੨੧੧੦-੦੦ | ਸ: ਮਲਕੀਤ ਸਿੰਘ ਸਲੌਅ ਯੂ.ਕੇ. | ੪੪੧੦-੦੦ |
| ਭਾਈ ਚਰਨਜੀਤ ਸਿੰਘ ਪੱਡਾ ਲੰਡਨ | | ਬੀ: ਨਿਰਮਲ ਕੌਰ ਰਣਜੀਤ ਸਿੰਘ ਕੋਵੈਂਟਰੀ | ੪੪੧੦-੦੦ |
| (ਭੁਜੰਗੀ ਦੀ ਚੜ੍ਹਦੀ ਕਲਾ ਹਿਤ) | ੮੨੦੦-੦੦ | ਮਾਸਟਰ ਅਵਤਾਰ ਸਿੰਘ ਮਾਨਪੁਰ | ੧੦੦-੦੦ |

## ਪੀੜਤ ਪਰਵਾਰਾਂ ਨੂੰ ਦਿਤੀ ਸਹਾਇਤਾ

| | |
|---|---|
| ਸ: ਦਲਬੀਰ ਸਿੰਘ ਮਕਬੂਲਪੁਰਾ ਅੰਮ੍ਰਿਤਸਰ—ਬਾਰਸ਼ਾਂ ਨਾਲ ਮਕਾਨ ਡਿਗ ਗਿਆ, ਰਿਪੇਅਰ ਲਈ | ੫੦੦-੦੦ |
| ਬੀ: ਕੈਲਾਸ਼ ਕੌਰ ਡਡਿਆਣਾ ਖੁਰਦ—ਪੁਤਰ ਜੇਲ੍ਹ, ਕੇਸ ਦੀ ਪੈਰਵੀ ਅਤੇ ਘਰੇਲੂ ਲੋੜਾਂ | ੫੦੦੦-੦੦ |
| ਬੀ: ਬਲਬੀਰ ਕੌਰ ਪਤਨੀ ਸਵਰਗੀ ਸ: ਅਮਰੀਕ ਸਿੰਘ ਖੰਗੂੜਾ—ਪੁਤਰੀ ਦੀ ਸ਼ਾਦੀ ਲਈ | ੫੦੦੦-੦੦ |
| ਸ: ਕਰਮ ਸਿੰਘ ਸੈਫ਼ਲਾਬਾਦ—ਪੁਤਰ ਸ਼ਹੀਦ, ਪੁਤਰੀ ਦੀ ਸ਼ਾਦੀ ਲਈ | ੫੦੦੦-੦੦ |

## ਸੂਰਾ ਮਾਸਕ ਪੱਤਰ ਦੀ ਚੜ੍ਹਦੀ ਕਲਾ ਲਈ ਪੁਜੀ ਸਹਾਇਤਾ

| | | | |
|---|---|---|---|
| ਸ: ਸੁਰਿੰਦਰ ਸਿੰਘ ਬੁੰਡਾਲਾ | ੨੫੦-੦੦ | ਗੁਰੂ ਕਾ ਸੇਵਾਦਾਰ ਜੋਧਪੁਰ | ੧੦੦-੦੦ |
| ਸ: ਮਹਿਤਾਬ ਸਿੰਘ ਅੰਮ੍ਰਿਤਸਰ | ੧੫੦-੦੦ | ਭਾ: ਜਸਬੀਰ ਸਿੰਘ ਹਰਚੋਵਾਲ | ੨੦-੦੦ |
| ਭਾ: ਮਨੋਹਰ ਸਿੰਘ ਬੰਬਈ ਭਾ: ਸਾਹਿਬ ਦੀ ਯਾਦਵਿਚ | ੧੦੦-੦੦ | ਐਚ. ਐਸ. ਗਿਲ ਮਲਾਇਆ | ੧੦੦-੦੦ |

---

## ਅਖੰਡ ਕੀਰਤਨੀ ਜਥੇ ਵਲੋਂ ਹੜ੍ਹ ਪੀੜਤਾਂ ਦੀ ਨਕਦ ਸਹਾਇਤਾ

੧. ਮਿਤੀ ੬-੮-੯੩ ਨੂੰ ਅਖੰਡ ਕੀਰਤਨੀ ਜਥੇ ਵਲੋਂ ਇਲਾਕਾ ਕਾਹਨੂੰਵਾਨ ਦੇ ਦੱਖਣੀ ਬੇਟ ਦੇ ਪਿੰਡਾਂ ਨਾਨੋਵਾਲ ਜਿੰਦੜ, ਫੇਰੋ ਚੇਚੀ, ਰਾਜਪੁਰ, ਅਵਾਣਾਂ, ਪੰਨੀਐ, ਮੁਲਾਵਾਲ, ਫੁਲੜਾ, ਭੈਣੀ ਖਾਦਰ ਆਦਿ ਪਿੰਡਾਂ ਵਿਚ ਘਰ ਘਰ ਜਾ ਕੇ, ਗਰੀਬ ਤੇ ਪਛੜੇ ਵਰਗ ਦੇ ਹੜ੍ਹ ਪੀੜਤ ਲੋਕਾਂ ਵਿਚ ਬਿਨਾਂ ਵਿਤਕਰੇ ਦੇ ੪੨੯੦੦ ਰੁਪਏ ਦੀ ਰਾਸ਼ੀ ਨਕਦ ਵੰਡੀ ਗਈ।

੨. ਅਤੇ ਮਿਤੀ ੧੯.੮.੯੩ ਨੂੰ ਕਾਹਨੂੰਵਾਨ ਬੇਟ ਤੇ ਛੰਭ ਦੇ ਪਿੰਡਾਂ ਲਾਂਧੂਪੁਰ—ਕੀੜੀਆਂ ਜਾਗੋ ਵਾਲ, ਕਾਲਾ ਬਾਲਾ, ਭੈਣੀ ਭਸਵਾਲ, ਦਾਊਵਾਲ, ਭੈਣੀ ਕਾਵੇ, ਰੰਧਾਵਾ ਕਲੋਨੀ, ਸ਼ਾਲਾ ਪਤਣ ਦੇ ਇਲਾਕੇ ਵਿਚ ਧੁੱਸੀ ਬੰਨ੍ਹ ਤੇ ਤਰਪਾਲਾ ਲਾ ਕੇ ਬੈਠੇ ਕੰਮੀ ਕਾਰੀ ਤੇ ਮਜ਼ਦੂਰ ਲੋਕਾਂ ਵਿਚ, ਜਿਨ੍ਹਾਂ ਦੇ ਭਾਰੀ ਬਾਰਸ਼ਾਂ ਤੇ ਹੜ੍ਹਾਂ ਕਾਰਨ ਕੋਠੇ ਮਠਲੇ ਢਹਿ ਗਏ ਹਨ, ਉਨ੍ਹਾਂ ਨੂੰ ੪੦੪੦੦ ਰੁਪਏ ਦੀ ਰਾਸ਼ੀ ਨਕਦ ਵੰਡੀ ਗਈ।

ਇਸ ਇਲਾਕੇ ਵਿਚ ਐਤਕੀ ਚਾਹੇ ਧੁੱਸੀ ਬੰਨ੍ਹ ਤਾਂ ਨਹੀਂ ਟੁਟਾ, ਪਰ ਧੁੱਸੀ ਤੋਂ ਬਾਹਰ ਵਾਲੇ ਇਲਾਕੇ ਵਿਚ ਸਖਤ ਬਾਰਸ਼ਾਂ ਦੇ ਕਾਰਨ ਕੁਦਰਤ ਦੀ ਕਰੋਪੀ ਹੀ ਜਾਣੋ ਕਿ ਇੰਨਾ ਪਾਣੀ ਬਰਸ ਗਿਆ ਕਿ ਦਰਿਆ ਦੇ ਹੜ੍ਹ ਵਾਂਗਰ ਹੀ ਬਹੁਤ ਕੁਝ ਰੋੜ੍ਹ ਕੇ ਲੈ ਗਿਆ। ਮੁਸੀਬਤ ਦੇ ਮਾਰੇ ਲੋਕੀ ਅਜੇ ਤਕ ਭੀ ਬੰਨ੍ਹਾਂ ਤੇ ਉਚੀਆਂ ਥਾਵਾਂ 'ਤੇ ਆਪਣੇ ਬਾਲ ਬੱਚੇ ਤੇ ਮਾਲ ਡੰਗਰ ਨਾਲ ਸਹਿਮੇ ਬੈਠੇ ਹਨ ਕਿ ਪਤਾ ਨਹੀਂ ਕਦੋਂ ਫਿਰ ਇਹ ਮੁਸੀਬਤ ਆ ਬਣੇ।

www.AKJ.Org

## ਸਾਲਾਨਾ ਅਖੰਡ ਕੀਰਤਨ ਸਮਾਗਮ ਦਿੱਲੀ - ੨੧ ਤੋਂ ੨੪ ਅਕਤੂਬਰ ੧੯੯੩

ਵੇਰਵਾ ਅਕਤੂਬਰ 'ਸੂਰਾ' ਵਿਚ ਦਿਤਾ ਜਾਵੇਗਾ

## ਸ੍ਰੀਮਾਨ ਬਾਉ ਮੱਲ ਸਿੰਘ ਜੀ ਦੀ ਸਾਲਾਨਾ ਯਾਦ ਅੰਮ੍ਰਿਤਸਰ ੧੫ ਤੋਂ ੧੭ ਅਕਤੂਬਰ

## ਦਿਆਲਪੁਰ ਸਾਲਾਨਾ ਸਮਾਗਮ ੨੮ ਸਤੰਬਰ ਤੋਂ ੯ ਸ੍ਰੀ ਅਖੰਡ ਪਾਠਾਂ ਦੀ ਲੜੀ ਸ਼ੁਰੂ

## ਚੰਡੀਗੜ੍ਹ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਉਤਸ਼ਵ ਸਾਲਾਨਾ ਕੀਰਤਨ ਸਮਾਗਮ

ਐਤਕੀਂ ਗੁਰਦੁਆਰਾ ਸਾਹਿਬ ਸੈਕਟਰ ੩੪ ਵਿਖੇ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਮਨਾਇਆ ਜਾ ਰਿਹਾ ਹੈ—

੧੬-੯-੯੩ ਸਵੇਰੇ ੮ ਵਜੇ ਕੀਰਤਨ ਉਪਰੰਤ ਸ੍ਰੀ ਅਖੰਡ ਪਾਠ ਅਰੰਭ ਗੁ: ਸੈਕਟਰ ੩੩, ਸ਼ਾਮ ੬-੩੦ ਤੋਂ ੯ ਕੀਰਤਨ ਗੁਰਦਵਾਰਾ ਅੰਬ ਸਾਹਿਬ ਫ਼ੇਜ ੮ ਮੁਹਾਲੀ, ੧੭ ਸਤੰਬਰ ਸਵੇਰੇ ੬ ਤੋਂ ੯ ਕੀਰਤਨ ਗੁ: ਸੈਕਟਰ ੩੪, ਸ਼ਾਮ ੬-੩੦ ਤੋਂ ੯ ਸੈਕਟਰ ੩੪, ੧੮ ਸਤੰਬਰ ਸਵੇਰੇ ਸਮਾਪਤੀ ਅਖੰਡ ਪਾਠ ਉਪਰੰਤ ਦੁਪਹਿਰ ਤਕ ਕੀਰਤਨ, ਸ਼ਾਮ ੭ ਵਜੇ ਰੈਣ-ਸਬਾਈ ਕੀਰਤਨ ਤੇ ਅੰਮ੍ਰਿਤ-ਸਿੰਚਾਰ ਸਮਾਗਮ ਅਰੰਭ, ਐਤਵਾਰ ਸਵੇਰੇ ਸਮਾਪਤੀ ਗੁਰਦੁਆਰਾ ਸੈਕਟਰ ੩੪ ਵਿਖੇ ਹੀ ਲੰਗਰ ਤੇ ਰਿਹਾਇਸ਼ ਹੋਵੇਗੀ। ਗੁ: ਸੈਕਟਰ ੩੪ ਲਈ ਮੇਨ ਬੱਸ ਸਟੈਂਡ ਤੋਂ ਲੋਕਲ ਬਸ ਨੰ: ੧੫, ੨੦, ੨੭ ੨੭-ਏ, ੧੨੩ ਮਿਲਦੀਆਂ ਹਨ।

ਪੁੱਛ ਗਿੱਛ ਲਈ—ਭਾਈ ਹਰਿਚਰਨ ਸਿੰਘ, ੧੦੦੪-ਸੈਕਟਰ ੪੦-ਬੀ, ਚੰਡੀਗੜ੍ਹ-੧੪।

## ਵਿਆਹ ਪੁਰਬ ਬਟਾਲਾ ਵਿਖੇ ਕੀਰਤਨ ਸਮਾਗਮ

੨੨ ਸਤੰਬਰ ਸ਼ਾਮ ੭ ਤੋਂ ੯ ਸੋਦਰ ਦੀ ਚੌਕੀ ਗੁਰੂ ਨਾਨਕ ਕਾਲਜ, ੨੩ ਸਤੰਬਰ ਸਵੇਰੇ ਕੀਰਤਨ ਉਪਰੰਤ ੮ ਵਜੇ ਅਖੰਡ ਪਾਠ ਅਰੰਭ ਗੁਰੂ ਨਾਨਕ ਕਾਲਜ ਤੇ ਸ਼ਾਮ ਨੂੰ ਸੋਦਰ ਦੀ ਚੌਕੀ, ੨੪ ਸਤੰਬਸ ਸ਼ਾਮ ੬ ਤੋਂ ੯ ਸੋਦਰ ਦੀ ਚੌਕੀ ਗੁਰਦੁਆਰਾ ਕੰਧ ਸਾਹਿਬ, ੨੫ ਸਤੰਬਰ ਸਵੇਰੇ ਭੋਗ ਅਖੰਡ ਪਾਠ ਉਪਰੰਤ ਦੁਪਹਿਰ ਤਕ ਕੀਰਤਨ, ਸ਼ਾਮ ੭ ਵਜੇ ਸੋਦਰ ਦੀ ਚੌਕੀ ਉਪਰੰਤ ਰੈਣ ਸਬਾਈ ਕੀਰਤਨ ਅਰੰਭ, ਅੰਮ੍ਰਿਤ-ਸਿੰਚਾਰ ਸ਼ਾਮ ੬ ਵਜੇ ਅਰੰਭ। ਰਿਹਾਇਸ਼ ਤੇ ਲੰਗਰ ਗੁਰੂ ਨਾਨਕ ਕਾਲਜ ਜਲੰਧਰ ਰੋਡ (ਬੱਸ ਅੱਡੇ ਤੋਂ ਡੇਢ ਕਿਲੋਮੀਟਰ)।

ਦਾਸਰੇ—ਅਖੰਡ ਕੀਰਤਨੀ ਜਥਾ, ਜ਼ਿਲਾ ਗੁਰਦਾਸਪੁਰ ਬਟਾਲਾ

## ਭਾਈ ਸਾਹਿਬ ਆਤਮਾ ਸਿੰਘ ਜੀ ਦੀ ਸਾਲਾਨਾ ਬਰਸੀ ਪੰਜੋਖਰਾ ਸਾਹਿਬ ਵਿਖੇ

੨੩ ਤੋਂ ੨੫ ਸਤੰਬਰ ਸ੍ਰੀ ਅਖੰਡ ਪਾਠ ਦੇ ਭੋਗ ਉਪਰੰਤ ਦੁਪਹਿਰ ਤਕ ਕੀਰਤਨ, ਰਾਤ ਨੂੰ ਰੈਣ ਸਬਾਈ ਕੀਰਤਨ

ਪੁਛ ਗਿੱਛ —ਪ੍ਰਿੰਸੀਪਲ ਤਾਰਾ ਸਿੰਘ, ਮਹੱਲਾ ਸੰਤਪੁਰਾ, ਕਪੂਰਥਲਾ

## ਗੁ: ਪਾ: ੬ ਪੁਲ ਪੁਖ਼ਤਾ ਟਾਂਡਾ ਉੜਮੁੜ(ਹੁਸ਼ਿਆਰਪੁਰ)(ਟਾਂਡਾ-ਬੇਗੋਵਾਲ ਰੋਡ)ਵਿਖੇ ਸਾਲਾਨਾ ਸਮਾਗਮ

੨ ਅਕਤੂਬਰ ਸਵੇਰੇ ਭੋਗ ਅਖੰਡ ਪਾਠ ਉਪਰੰਤ ਦੁਪਹਿਰ ਤੱਕ ਕੀਰਤਨ, ਰਾਤ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ-ਸਿੰਚਾਰ

## ਮਾਸਕ ਰੈਣ-ਸਬਾਈ ਕੀਰਤਨ ਗੁਰਦਵਾਰਾ ਮਾਡਲ ਟਾਊਨ ਲੁਧਿਆਣਾ ੧੧ ਸਤੰਬਰ

## ਪੂਰਨਪੁਰ (ਯੂ.ਪੀ) ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਸੰਬੰਧੀ ਪ੍ਰੋਗਰਾਮ

੧੮ ਸਤੰਬਰ ਰੈਣ ਸਬਾਈ ਕੀਰਤਨ ਸ: ਸੁਰਜੀਤ ਸਿੰਘ, ਦਸਮੇਸ਼ ਰਾਈਸ ਮਿਲ (ਟਰੱਕ ਯੂਨੀਅਨ ਦੇ ਪਿਛੇ)

ਮਨੀਆਰਡਰ, ਬੈਂਕ ਡਰਾਫਟ ਤੇ ਚਿੱਠੀ-ਪੱਤਰ ਭੇਜਣ ਦਾ ਪਤਾ

**ਸੂਰਾ ਮੰਥਲੀ, ੩੯੦-ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਸ੍ਰੀ ਅੰਮ੍ਰਿਤਸਰ-੧੪੩੦੦੬**

www.AKJ.Org